ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 54 | 18 to 24 January, 2023 | Ph.: (510) 240-5949 | Email: asrtimes@gmail.com

# ਜ਼ੀਰਾ ਦੀ ਸ਼ਰਾਬ ਫ਼ੈਕਟਰੀ ਬੰਦ ਕਰਨ ਦਾ ਮੁੱਖ ਮੰਤਰੀ ਵੱਲੋਂ ਐਲਾਨ, ਲੋਕਾਂ ਦੀ ਹੋਈ ਜਿੱਤ

## ਸਰਕਾਰੀ ਹੁਕਮ ਲਿਖਤੀ ਤੌਰ 'ਤੇ ਹਾਸਲ ਕਰਨ ਤੋਂ ਬਾਅਦ ਹੀ ਵਾਪਸ ਲੈਣਗੇ ਅੰਦੋਲਨ






ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿਚ ਜ਼ੀਰਾ ਸਥਿਤ ਸ਼ਰਾਬ ਤੇ ਏਥਨੋਲ ਬਣਾਉਣ ਦੀ ਫ਼ੈਕਟਰੀ 'ਮਾਲਬਰੋਜ਼ ਪ੍ਰਾਈਵੇਟ ਲਿਮਟਿਡ' ਜਿਸ ਵਲੋਂ ਕਥਿਤ ਤੌਰ 'ਤੇ ਫੈਲਾਏ ਜਾ ਰਹੇ ਪ੍ਰਦੂਸ਼ਣ ਕਾਰਨ ਸਥਾਨਕ ਲੋਕਾਂ ਵਲੋਂ ਮਗਰਲੇ 6 ਮਹੀਨਿਆਂ ਤੋਂ ਕੀਤੇ ਜਾ ਰਹੇ ਅੰਦੋਲਨ ਕਾਰਨ ਫ਼ੈਕਟਰੀ ਵੀ ਬੰਦ ਚੱਲ ਰਹੀ ਸੀ, ਨੂੰ ਬੀਤੇ ਦਿਨੀਂ ਮੁੱਖ ਮੰਤਰੀ ਨੇ ਪੱਕੇ ਤੌਰ 'ਤੇ ਬੰਦ ਕਰਨ ਦਾ ਹੁਕਮ ਦਿੰਦਿਆਂ ਸਪੱਸ਼ਟ ਕੀਤਾ ਕਿ ਸੂਬੇ ਦੇ ਪਾਣੀ ਤੇ ਹਵਾ ਕਿਸੇ ਨੂੰ ਗੰਦਲੇ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦੇ ਵਾਤਾਵਰਨ 'ਤੇ ਪੈ ਰਹੇ ਪ੍ਰਭਾਵਾਂ ਕਾਰਨ ਇਹ ਪ੍ਰਾਜੈਕਟ ਰੱਦ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਪਿੰਡ ਵਾਸੀ ਇਸੇ ਮਾਮਲੇ ਨੂੰ ਲੈ ਕੇ ਪਿਛਲੇ 178 ਦਿਨਾਂ ਤੋਂ ਧਰਨੇ 'ਤੇ ਬੈਠੇ ਸਨ। ਦੋਸ਼ ਸੀ ਕਿ ਇਸ ਫੈਕਟਰੀ ਵੱਲੋਂ ਵਰਤੇ ਜਾਣ ਵਾਲੇ ਕੈਮੀਕਲਾਂ ਕਰਕੇ ਪਿੰਡ ਮਨਸੂਰਵਾਲ ਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਧਰਤੀ ਹੇਠਲਾ ਪਾਣੀ ਇੰਨਾ ਜ਼ਿਆਦਾ ਦੂਸ਼ਿਤ ਹੋ ਗਿਆ ਹੈ ਕਿ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਲਾਇਲਾਜ ਬਿਮਾਰੀਆਂ ਲੱਗ ਗਈਆਂ ਹਨ। ਪਾਣੀ ਦੇ ਦੂਸ਼ਿਤ ਹੋਣ ਦੀ ਸਮੱਸਿਆ ਭਾਵੇਂ ਸਮੁੱਚੇ ਪੰਜਾਬ ਵਿਚ ਹੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਇਸ ਫੈਕਟਰੀ ਦਾ ਮੁੱਦਾ ਭਖ ਗਿਆ ਸੀ। ਕਿਸਾਨਾਂ ਦੇ ਮੋਰਚੇ ਨੇ ਵੀ ਸਥਾਨਕ ਨਿਵਾਸੀਆਂ ਦੇ ਧਰਨੇ ਨੂੰ ਆਪਣੀ ਹਮਾਇਤ ਦਿੱਤੀ ਸੀ। ਪ੍ਰੰਤੂ ਸਰਕਾਰ ਵਲੋਂ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਪ੍ਰਾਜੈਕਟ ਦੇ ਸ਼ਰਾਬ ਤੇ ਏਥਨੋਲ ਬਣਾਉਣ ਦੇ ਲਾਇਸੈਂਸ ਵੀ ਰੱਦ ਕੀਤੇ ਜਾ ਰਹੇ ਹਨ ਜਾਂ ਨਹੀਂ ਅਤੇ ਨਾ ਹੀ ਇਹ ਸਪੱਸ਼ਟ ਹੋਇਆ ਹੈ ਕਿ ਸਰਕਾਰ ਵਲੋਂ ਕਿਸ ਰਿਪੋਰਟ ਦੇ ਆਧਾਰ 'ਤੇ ਪ੍ਰਾਜੈਕਟ ਰੱਦ ਕੀਤਾ ਗਿਆ ਹੈ, ਕਿਉਂਕਿ ਕੁਝ ਦਿਨ ਪਹਿਲਾਂ ਸਰਕਾਰ ਵਲੋਂ ਮਾਹਿਰਾਂ ਦੀ ਬਣਾਈ ਗਈ ਕਮੇਟੀ ਵਲੋਂ ਜੋ ਸੈਂਪਲ ਇਕੱਠੇ ਕੀਤੇ ਗਏ ਸਨ, ਉਨ੍ਹਾਂ ਸੰਬੰਧੀ ਰਿਪੋਰਟ ਆਉਣੀ ਅਜੇ ਬਾਕੀ ਹੈ। ਮਗਰਲੇ ਸਮੇਂ ਦੌਰਾਨ ਸਰਕਾਰ ਵਲੋਂ ਵੀ ਉਕਤ ਫ਼ੈਕਟਰੀ 'ਤੇ ਪ੍ਰਦੂਸ਼ਣ ਫੈਲਾਉਣ ਸੰਬੰਧੀ ਲੱਗਦੇ ਦੋਸ਼ਾਂ ਨੂੰ ਰੱਦ ਕੀਤਾ ਜਾਂਦਾ ਰਿਹਾ ਅਤੇ ਹਾਈਕੋਰਟ ਵਲੋਂ ਫ਼ੈਕਟਰੀ

(ਬਾਕੀ ਸਫ਼ਾ 29 'ਤੇ)

## ਲੋਕ ਅੰਦੋਲਨ ਕਾਰਨ ਆਪ ਸਰਕਾਰ ਨੇ ਗੋਡੇ ਟੇਕੇ

### ਦੇਸ਼ ਤੇ ਦੁਨੀਆ ਭਰ ਦੇ ਸੰਘਰਸ਼ਸ਼ੀਲ ਲੋਕਾਂ ਦੀ ਇਤਿਹਾਸਕ ਜਿੱਤ -ਪੰਨੂੰ, ਪੰਧੇਰ, ਰਾਜੇਵਾਲ

ਜ਼ੀਰੇ ਦੇ ਪਿੰਡ ਮਨਸੂਰਵਾਲ ਕਲਾਂ ਵਿਚ ਸ਼ਰਾਬ ਫੈਕਟਰੀ ਵਿਰੁੱਧ ਅੰਦੋਲਨ ਨੇ ਮਿਸਾਲੀ ਜਿੱਤ ਪ੍ਰਾਪਤ ਕੀਤੀ ਹੈ। ਬੀਤੇ ਦਸੰਬਰ ਮਹੀਨੇ ਧਰਨਾਕਾਰੀਆਂ 'ਤੇ ਪੁਲਿਸ ਦੇ ਲਾਠੀਚਾਰਜ ਕਾਰਨ ਵੀ ਮਾਨ ਸਰਕਾਰ ਨੂੰ ਲੋਕਾਂ ਦੀ ਤਿੱਖੀ ਆਲੋਚਨਾ ਦਾ ਸ਼ਿਕਾਰ ਹੋਣਾ ਪਿਆ ਸੀ। ਤਦ ਧਰਨਾਕਾਰੀਆਂ ਨੇ ਵੀ ਬਰਾਬਰ ਡਾਂਗਾਂ ਚੁੱਕ ਲਈਆਂ ਸਨ। ਇੰਜ ਸਰਕਾਰ ਤੇ ਜਨਤਾ ਵਿਚਾਲੇ ਵੱਡੇ ਟਕਰਾਅ ਵਾਲੀ ਸਥਿਤੀ ਬਣ ਗਈ ਸੀ। ਹੁਣ ਸਰਕਾਰ ਨੇ ਆਮ ਲੋਕਾਂ ਦੀ ਸਮੱਸਿਆ ਨੂੰ ਸਮਝਣ ਸਦਕਾ ਹੀ ਲੋਕ-ਹਿਤ ਵਿਚ ਫ਼ੈਸਲਾ ਲਿਆ ਹੈ। ਇਹ ਅੰਦੋਲਨ ਉਸ ਇਲਾਕੇ ਦੇ ਲੋਕਾਂ ਵਿਚ ਆਪ ਮੁਹਾਰੇ ਪੈਦਾ ਹੋਇਆ, ਇਸ ਨੂੰ ਉਸ ਤਰ੍ਹਾਂ ਦੀ ਅਗਵਾਈ ਪ੍ਰਾਪਤ ਨਹੀਂ ਸੀ ਜਿਸ ਤਰ੍ਹਾਂ ਬਹੁਤ ਸਾਰੇ ਅੰਦੋਲਨਾਂ ਨੂੰ ਪ੍ਰਾਪਤ ਹੁੰਦੀ ਹੈ। ਇਸ ਦੇ ਆਗੂ ਇਲਾਕੇ ਵਿਚੋਂ ਹੀ ਸਾਹਮਣੇ ਆਏ ਅਤੇ ਉਨ੍ਹਾਂ ਨੇ ਬਹੁਤ ਸੁਚੱਜੇ ਢੰਗ ਨਾਲ ਅੰਦੋਲਨ ਦੀ ਅਗਵਾਈ ਕੀਤੀ। ਬਾਅਦ ਵਿਚ ਉਨ੍ਹਾਂ ਨੂੰ ਕਿਸਾਨ ਯੂਨੀਅਨਾਂ ਅਤੇ ਹੋਰ ਜਥੇਬੰਦੀਆਂ ਦੀ ਹਮਾਇਤ ਹਾਸਲ ਹੋਈ। ਜ਼ੀਰੇ ਦੇ ਇਲਾਕੇ ਦੇ ਲੋਕਾਂ ਨੇ ਆਪਣੇ ਲਗਾਤਾਰ ਘੋਲ ਅਤੇ ਹਿੰਮਤ ਨਾਲ ਲੋਕ-ਏਕੇ ਦੀ ਨਵੀਂ ਮਿਸਾਲ ਪੈਦਾ ਕੀਤੀ ਹੈ। ਲੋਕ-ਪੱਖੀ ਚਿੰਤਕਾਂ ਦਾ ਕਹਿਣਾ ਹੈ ਕਿ ਇਹ ਸਮਾਂ ਸਮਾਜ ਦੇ ਇੱਕ ਵਰਗ ਦੁਆਰਾ ਕੀਤੇ ਜਾਣ ਵਾਲੇ ਸੰਘਰਸ਼ ਦਾ ਨਹੀਂ ਸਗੋਂ ਇਹ ਸਾਂਝੇ ਸੰਘਰਸ਼ਾਂ ਦਾ ਸਮਾਂ ਹੈ। ਕਿਸਾਨ ਅੰਦੋਲਨ ਤੋਂ ਬਾਅਦ ਇਸ ਅੰਦੋਲਨ ਨੇ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਅਨਿਆਂ

(ਬਾਕੀ ਸਫ਼ਾ 29 'ਤੇ)

# ਜੈਪੁਰ ਦੇ ਸ਼ਾਹੀ ਪਰਿਵਾਰ ਕੋਲ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ੇਸ਼ ਤਲਵਾਰ

## 338 ਸਾਲ ਪਹਿਲਾਂ ਕੀਤੀ ਗਈ ਸੀ ਭੇਟ, ਸਿਟੀ ਪੈਲੇਸ ਵਿਚ ਰੋਜ਼ਾਨਾ ਹੁੰਦੀ ਹੈ ਪੂਜਾ

## ਸਾਡੇ ਰਾਜ ਘਰਾਣੇ ਉਪਰ ਗੁਰੂ ਸਾਹਿਬਾਨ ਦੀ ਮਿਹਰ ਹੈ : ਰਾਜਮਾਤਾ ਪਦਮਨੀ ਦੇਵੀ



ਜੈਪੁਰ : ਅਜਮੇਰ-ਜੈਪੁਰ ਦਾ ਇਹ ਸ਼ਾਹੀ ਪਰਿਵਾਰ ਧਾਰਮਿਕ ਸਹਿਣਸ਼ੀਲਤਾ ਦਾ ਪ੍ਰਤੀਕ ਹੈ। ਇਸ ਪਰਿਵਾਰ ਕੋਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ੇਸ਼ ਤਲਵਾਰ ਅਜੇ ਵੀ ਮੌਜੂਦ ਹੈ। ਜਾਣਕਾਰੀ ਅਨੁਸਾਰ ਸਿਟੀ ਪੈਲੇਸ ਵਿਚ ਇਸ ਤਲਵਾਰ ਦੀ ਰੋਜ਼ਾਨਾ ਪੂਜਾ ਕੀਤੀ ਜਾਂਦੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਰਾਜਮਾਤਾ ਪਦਮਨੀ ਦੇਵੀ ਨੇ ਦੱਸਿਆ ਕਿ ਸਾਡੇ ਪੁਰਖਿਆਂ ਨੇ ਪੂਰੇ ਭਾਰਤ ਵਿੱਚ ਵੱਖ-ਵੱਖ ਧਰਮਾਂ ਦੇ ਬਹੁਤ ਸਾਰੇ ਧਾਰਮਿਕ ਸਥਾਨਾਂ ਦੀ ਸਥਾਪਨਾ ਕੀਤੀ। ਅਮਰ ਨਰੇਸ਼ ਮਾਨਸਿੰਘ ਜੀ (ਪਹਿਲੇ) ਤੋਂ ਲੈ ਕੇ ਸਵਾਈ ਜੈਸਿੰਘ ਜੀ (ਦੂਜੇ) ਨੇ ਇਸ ਦਿਸ਼ਾ ਵਿਚ ਵਿਸ਼ੇਸ਼ ਤੌਰ 'ਤੇ ਉਸਾਰੀਆਂ ਕੀਤੀਆਂ ਸਨ।

ਉਨ੍ਹਾਂ ਦੱਸਿਆ ਕਿ ਮੇਰੇ ਪੇਕੇ (ਜ਼ਿਲ੍ਹਾ ਸਿਰਮੌਰ) ਨਾਹਨ ਦੇ ਸ਼ਾਹੀ ਪਰਿਵਾਰ 'ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਵਿਸ਼ੇਸ਼ ਕ੍ਰਿਪਾ ਰਹੀ ਹੈ। ਗੁਰੂ ਮਹਾਰਾਜ ਕੁਝ ਸਮੇਂ ਲਈ ਮੇਰੇ ਪਿਤਾ ਜੀ ਦੇ ਘਰ ਆਏ ਸਨ, ਸਿਰਮੌਰ ਦਰਬਾਰ ਨੇ ਉਨ੍ਹਾਂ ਦਾ ਵਿਸ਼ੇਸ਼ ਸਤਿਕਾਰ ਕੀਤਾ ਸੀ। ਗੁਰੂ ਜੀ ਕੁਝ ਸਮਾਂ ਉਥੇ ਰਹੇ ਅਤੇ ਰੂਹਾਨੀ ਪ੍ਰਚਾਰ ਕੀਤਾ।

ਮਾਤਾ ਪਦਮਨੀ ਦੇਵੀ ਨੇ ਦੱਸਿਆ ਕਿ ਉਥੋਂ ਜਾਣ ਤੋਂ ਪਹਿਲਾਂ ਗੁਰੂ ਜੀ ਨੇ ਮੇਰੇ ਪੁਰਖਿਆਂ ਨੂੰ ਇੱਕ ਤਲਵਾਰ ਬਖਸ਼ਿਸ਼ ਵਜੋਂ ਭੇਟ ਕੀਤੀ। ਮੇਰੇ ਪਿਉ-ਦਾਦਿਆਂ ਨੇ ਨਾਹਨ ਵਿੱਚ ਗੁਰੂ ਜੀ ਨੂੰ ਦਰਿਆ ਦੇ ਕੰਢੇ ਜਗ੍ਹਾ ਭੇਂਟ ਕੀਤੀ। ਉਸ ਥਾਂ 'ਤੇ ਪਵਿੱਤਰ 'ਪਾਉਂਟਾ ਸਾਹਿਬ ਗੁਰਦੁਆਰਾ' ਸਥਾਪਿਤ ਹੈ। ਵਿਆਹ ਦੀ ਰਸਮ ਤੋਂ ਬਾਅਦ ਜਦੋਂ ਮੈਂ ਜੈਪੁਰ ਆਈ ਤਾਂ ਮੈਨੂੰ ਸਿੱਖ ਧਰਮ ਦੇ ਗੁਰੂਆਂ ਪ੍ਰਤੀ ਉਹੀ ਵਿਸ਼ੇਸ਼ ਸਤਿਕਾਰ ਮਿਲਿਆ ਜੋ ਉਥੇ ਪੇਕੇ ਪਰਿਵਾਰ ਵਿਚ ਸੀ।

ਉਨ੍ਹਾਂ ਦੱਸਿਆ ਕਿ ਇਸ ਲਈ ਅਸੀਂ ਇੱਥੇ ਗੁਰੂ ਜੀ ਮਹਾਰਾਜ ਵੱਲੋਂ ਬਖਸ਼ੀ ਹੋਈ ਤਲਵਾਰ ਨੂੰ ਆਪਣੇ ਮੰਦਰ ਵਿੱਚ ਸਥਾਪਿਤ ਕੀਤਾ ਹੈ, ਜਿਸ ਦੀ ਰੋਜ਼ਾਨਾ ਪੂਰੇ ਰੀਤੀ-ਰਿਵਾਜਾਂ ਨਾਲ ਪੂਜਾ ਕੀਤੀ ਜਾਂਦੀ ਹੈ। ਇਸ ਤੋਂ ਪਹਿਲਾਂ ਸਿੱਖ ਧਰਮ ਦੇ 8ਵੇਂ ਗੁਰੂ ਸ੍ਰੀ ਗੁਰੂ ਹਰ ਕ੍ਰਿਸ਼ਨ ਜੀ ਮਹਾਰਾਜ ਨੇ ਜੈਸਿੰਘਪੁਰਾ (ਦਿੱਲੀ) ਵਿਖੇ ਮਹਾਰਾਜਾ ਜੈ ਸਿੰਘ ਜੀ ਦੇ ਬੰਗਲੇ ਦੇ ਦਰਸ਼ਨ ਕੀਤੇ ਸਨ। ਉਸ ਸਮੇਂ ਦੇਸ਼ ਵਿੱਚ ਹੈਜ਼ੇ ਦੀ ਬਿਮਾਰੀ ਫੈਲੀ ਹੋਈ ਸੀ। ਗੁਰੂ ਮਹਾਰਾਜ ਨੇ ਲੋਕਾਂ ਦਾ ਇਲਾਜ ਕਰ ਕੇ ਠੀਕ ਕੀਤਾ।

ਬਾਅਦ ਵਿੱਚ 23 ਮਾਰਚ, 1664 ਨੂੰ ਗੁਰੂ ਹਰਕ੍ਰਿਸ਼ਨ ਜੀ ਮਹਾਰਾਜ ਨੇ ਆਪਣਾ ਸਰੀਰ ਤਿਆਗ ਦਿੱਤਾ, ਜਿਸ ਤੋਂ ਬਾਅਦ ਜੈ ਸਿੰਘ ਜੀ ਨੇ ਉੱਥੇ ਇੱਕ ਝੀਲ ਬਣਵਾਈ ਅਤੇ ਉਨ੍ਹਾਂ ਨੂੰ ਸਮਰਪਿਤ ਕੀਤਾ। ਅੱਜ ਇਸ ਨੂੰ 'ਬੰਗਲਾ ਸਾਹਿਬ ਗੁਰਦੁਆਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਮਾਤਾ ਪਦਮਨੀ ਦੇਵੀ ਨੇ ਦੱਸਿਆ ਕਿ ਇਸੇ ਤਰ੍ਹਾਂ ਸਾਡੇ ਪਰਿਵਾਰ ਨੇ ਹੋਰ ਵੀ ਕਈ ਗੁਰਦੁਆਰਿਆਂ ਵਿੱਚ ਯੋਗਦਾਨ ਪਾਇਆ। ਪਿਛਲੇ 20 ਸਾਲਾਂ ਤੋਂ ਹਰ ਸਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਅਸੀਂ ਉਨ੍ਹਾਂ ਵੱਲੋਂ ਦਿੱਤੀ ਤਲਵਾਰ ਨੂੰ ਸਰਵੋਤਮਭਦਰ ਵਿੱਚ ਲੋਕਾਂ ਦੇ ਦਰਸ਼ਨਾਂ ਲਈ ਵਰਦਾਨ ਵਜੋਂ ਰੱਖਦੇ ਹਾਂ। ਇਸ ਦੇ ਨਾਲ ਹੀ ਸੰਗਤਾਂ ਗੁਰਬਾਣੀ ਦਾ ਜਾਪ ਕਰਦੀਆਂ ਹਨ ਅਤੇ ਪ੍ਰਸਾਦ ਵੀ ਵੰਡਿਆ ਜਾਂਦਾ ਹੈ।ਸਾਡੇ ਰਾਜ ਘਰਾਣੇ ਉਪਰ ਗੁਰੂ ਸਾਹਿਬਾਨ ਦੀ ਮਿਹਰ ਹੈ।ਸਾਡੇ ਪੁਰਖੇ ਗੁਰੂ ਸਾਹਿਬਾਨ ਦੇ ਸ਼ਰਧਾਲੂ ਰਹੇ ਹਨ ਤੇ ਅਸੀਂ ਇਹ ਪਰੰਪਰਾ ਜਾਰੀ ਰਖੀ ਹੋਈ ਹੈ।

ਉਨ੍ਹਾਂ ਕਿਹਾ ਕਿ ਸਾਡੀ ਇਸ ਸਦਭਾਵਨਾ ਸਦਕਾ ਜੈਪੁਰ ਦੇ ਵਿਕਾਸ ਲਈ ਵੱਡੀ ਗਿਣਤੀ ਵਿਚ ਪੰਜਾਬੀ ਸਥਾਈ ਤੌਰ 'ਤੇ ਇਥੇ ਆ ਕੇ ਵਸ ਗਏ ਹਨ। ਪੰਜਾਬੀਆਂ ਦੀ ਗਿਣਤੀ 14 ਲੱਖ ਦੇ ਕਰੀਬ ਹੈ।

# ਅਮਰੀਕਾ ਨਾਲ ਮਿੰਨੀ ਟਰੇਡ ਸਮਝੌਤੇ ਦੇ ਹੱਕ ਵਿਚ ਨਹੀਂ ਹੈ ਭਾਰਤ : ਪਿਊਸ਼ ਗੋਇਲ

## ਵਪਾਰ ਤੇ ਸਨਅਤ ਮੰਤਰੀ ਨੇ ਟਰੇਡ ਪਾਲਸੀ ਫੋਰਮ ਦੀ ਮੀਟਿੰਗ ਨੂੰ ਕੀਤਾ ਸੰਬੋਧਨ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਭਾਰਤ ਦੇ ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਕਿਹਾ ਹੈ ਕਿ ਅਮਰੀਕਾ ਨਾਲ ਭਾਰਤ ਮਿਨੀ ਟਰੇਡ ਸਮਝੌਤੇ ਦੇ ਹੱਕ ਵਿਚ ਨਹੀਂ ਹੈ ਜੋ ਸਮਝੌਤਾ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਾਰਜਕਾਲ ਦੌਰਾਨ ਵਿਚਾਰ ਅਧੀਨ ਸੀ ਤੇ ਇਸ ਦੇ ਨਾਲ ਹੀ ਇਸ ਵੇਲੇ ਮੁਕਤ ਵਪਾਰ ਸਮਝੌਤੇ ਉਪਰ ਚਰਚਾ ਨਹੀਂ ਹੋ ਰਹੀ ਕਿਉਂਕਿ ਬਾਈਡਨ ਪ੍ਰਸ਼ਾਸਨ ਇਸ ਵਿਚ ਦਿਲਚਸਪੀ ਨਹੀਂ ਰਖਦਾ। ਉਨ੍ਹਾਂ ਕਿਹਾ ਕਿ ਭਾਰਤ ਤੇ ਅਮਰੀਕਾ ਨੇ ਇਕ ਦੂਸਰੇ ਦੇ ਬਾਜ਼ਾਰ ਵੱਲ ਧਿਆਨ ਕੇਂਦ੍ਰਿਤ ਕਰਨ ਤੇ ਦੋਨਾਂ ਦੇਸ਼ਾਂ ਵਿਚਾਲੇ ਵਪਾਰ ਸੁਖਾਵਾਂ ਬਣਾਉਣ ਦਾ ਨਿਰਨਾ ਲਿਆ ਹੈ।

ਪਿਊਸ਼ ਗੋਇਲ ਅਮਰੀਕਾ ਦੇ ਵਪਾਰਕ ਪ੍ਰਤੀਨਿਧ ਕੈਥਰੀਨ ਟਾਈ ਨਾਲ ਗੱਲਬਾਤ ਉਪਰੰਤ ਵਾਸ਼ਿੰਗਟਨ ਡੀ ਸੀ ਵਿਚ ਟਰੇਡ ਪਾਲਸੀ ਫੋਰਮ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਗੋਇਲ ਨੇ ਸਵਿਕਾਰ ਕੀਤਾ ਕਿ ਇਸ ਸਮੇ ਭਾਰਤ ਤੇ ਅਮਰੀਕਾ ਵਿਚਾਲੇ ਵਪਾਰਕ ਸਬੰਧਾਂ ਵਿਚ ਕੋਈ ਵਰਣਨਯੋਗ ਪ੍ਰਗਤੀ ਨਹੀਂ ਹੋਈ ਹੈ। ਉਨ੍ਹਾਂ ਨੇ ਫਰਵਰੀ 2020 ਵਿਚ ਤਤਕਾਲ ਰਾਸ਼ਟਰਪਤੀ ਡੋਨਲਡ ਟਰੰਪ ਦੇ ਭਾਰਤ ਦੇ ਦੌਰੇ ਵੇਲੇ ਗੱਲਬਾਤ ਨਾ ਸਿਰੇ ਚੜਨ ਲਈ ਟਰੰਪ ਪ੍ਰਸ਼ਾਸਨ ਨੂੰ ਜਿੰਮੇਵਾਰ ਠਹਿਰਾਇਆ। ਉਨਾਂ ਕਿਹਾ ਕਿ ਟਰੰਪ ਨੇ ਭਾਰਤ ਨਾਲ ਵਪਾਰਕ ਗੱਲਬਾਤ ਵਿਚ ਅੜਿਕਾ ਪਾਇਆ ਸੀ। ਗੋਇਲ ਨੇ ਕਿਹਾ ਕਿ ਅਸੀਂ ਅਮਰੀਕਾ ਨਾਲ ਵਪਾਰਕ ਖੇਤਰ ਵਿਚ ਵੱਡਾ ਟੀਚਾ ਰਖਦੇ ਹਾਂ ਤੇ ਇਸ ਲਈ ਯਤਨਸ਼ੀਲ ਹਾਂ। ਉਨ੍ਹਾਂ ਨੇ ਅਮਰੀਕਾ ਨਾਲ ਛੋਟੇ ਮੋਟੇ ਸਮਝੌਤੇ ਨੂੰ ਰੱਦ ਕਰਦਿਆਂ ਸੰਕੇਤ ਦਿੱਤਾ ਕਿ ਭਾਰਤ ਮੁਕਤ ਵਪਾਰ ਸਮਝੌਤੇ ਦੇ ਹੱਕ ਵਿਚ ਹੈ ਤੇ ਭਾਰਤ ਨੇ ਇਹ ਸਮਝੌਤਾ ਆਸਟ੍ਰੇਲੀਆ ਤੇ ਯੂ ਏ ਈ ਨਾਲ ਕੀਤਾ ਹੈ। ਇਸ ਤੋਂ ਇਲਾਵਾ ਭਾਰਤ ਕੈਨੇਡਾ, ਇੰਗਲੈਂਡ, ਇਸਰਾਈਲ ਤੇ ਯੂਰਪੀ ਯੁਨੀਅਨ ਨਾਲ ਵੀ ਮੁਕਤ ਵਪਾਰ ਸਮਝੌਤਾ ਕਰਨ ਲਈ ਯਤਨਸ਼ੀਲ ਹੈ। ਇਸ ਸਬੰਧ ਵਿਚ ਸਰਗਰਮੀ ਨਾਲ ਕੋਸ਼ਿਸ਼ਾਂ ਹੋ ਰਹੀਆਂ ਹਨ। ਇੱਥੇ ਜ਼ਿਕਰਯੋਗ ਹੈ ਕਿ 2021 ਵਿਚ ਭਾਰਤ ਤੇ ਅਮਰੀਕਾ ਵਿਚਾਲੇ 160 ਅਰਬ ਡਾਲਰ ਦਾ ਵਪਾਰ ਹੋਇਆ ਸੀ ਜੋ ਕਿ ਪਿਛਲੇ ਇਕ ਦਹਾਕੇ ਦੀ ਤੁਲਨਾ ਵਿਚ ਕਿਤੇ ਵਧ ਹੈ ਪ੍ਰੰਤੂ ਇਹ 500 ਅਰਬ ਡਾਲਰ ਦੇ ਉਸ ਟੀਚੇ ਤੋਂ ਬਹੁਤ ਦੂਰ ਹੈ ਜੋ ਟੀਚਾ ਮੌਜੂਦਾ ਰਾਸ਼ਟਰਪਤੀ ਜੋ ਬਾਈਡਨ ਨੇ 2013 ਵਿਚ ਉਪ ਰਾਸ਼ਟਰਪਤੀ ਦੀ ਹੈਸੀਅਤ ਵਿਚ ਭਾਰਤ ਦੇ ਦੌਰੇ ਦੌਰਾਨ ਮਿਥਿਆ ਸੀ।

# ਸੋਕੇ ਵਰਗੇ ਹਾਲਾਤ ਨਾਲ ਜੂਝ ਰਹੇ ਕੈਲੀਫੋਰਨੀਆ ਨੂੰ ਬਾਰਿਸ਼ ਨੇ ਦਿੱਤੀ ਰਾਹਤ

## ਸੈਲਮਾ (ਅਲਬਾਮਾ) 'ਚ ਭਾਰੀ ਤੂਫਾਨ ਕਾਰਨ ਤਬਾਹੀ



ਸੈਲਮਾ (ਅਲਬਾਮਾ) ਵਿਚ ਆਏ ਤੂਫ਼ਾਨ ਦਾ ਇਕ ਦ੍ਰਿਸ਼

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕਾ ਦਾ ਅਹਿਮ ਰਾਜ ਕੈਲੀਫੋਰਨੀਆ ਪਿਛਲੇ 3 ਸਾਲਾਂ ਤੋਂ ਸੋਕੇ ਵਰਗੇ ਹਾਲਾਤ ਨਾਲ ਜੂਝਦਾ ਆ ਰਿਹਾ ਹੈ। ਸੋਕੇ ਕਾਰਨ ਰਾਜ ਦੇ ਜੰਗਲਾਂ ਨੂੰ ਅੱਗ ਦੀ ਮਾਰ ਝਲਣੀ ਪਈ ਹੈ ਜਿਸ ਕਾਰਨ ਜਿਥੇ ਲੋਕਾਂ ਤੇ ਜਾਨਵਰਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ ਉਥੇ ਵਾਤਾਵਰਣ ਉਪਰ ਵੀ ਬੁਰਾ ਅਸਰ ਪਿਆ ਹੈ। ਪਾਣੀ ਦੀ ਕਿਲਤ ਦੀ ਸਮੱਸਿਆ ਨਾਲ ਵੀ ਲੋਕਾਂ ਨੂੰ ਦੋ ਚਾਰ ਹੋਣਾ ਪਿਆ ਹੈ ਪਰੰਤੂ ਪਿਛਲੇ ਅਨੇਕਾਂ ਹਫਤਿਆਂ ਦੌਰਾਨ ਪਈ ਬਾਰਿਸ਼ ਨੇ ਰਾਜ ਉਪਰ ਬਹੁਤ ਸੁਖਾਵਾਂ ਅਸਰ ਪਾਇਆ ਹੈ। ਹਾਲਾਂ ਕਿ ਬਾਰਿਸ਼ ਕਾਰਨ ਜਨ ਜੀਵਨ ਪ੍ਰਭਾਵਿਤ ਹੋਇਆ ਹੈ ਪ੍ਰੰਤੂ ਇਹ ਬਾਰਿਸ਼ ਰਾਜ ਲਈ ਚੰਗੀ ਖਬਰ ਲੈ ਕੇ ਆਈ ਹੈ। 'ਯੂ ਐਸ ਡਰਾਟ ਮੋਨੀਟਰ' ਦੀ ਤਾਜ਼ਾ ਰਿਪੋਰਟ ਅਨੁਸਾਰ ਬਾਰਿਸ਼ ਨੇ ਸੋਕੇ ਦੀ ਤੀਬਰਤਾ ਨੂੰ ਖੁੰਡਾ ਕਰ ਦਿੱਤਾ ਹੈ। ਹਫਤਾਵਾਰੀ ਵਿਸ਼ਲੇਸ਼ਣ ਜੋ ਬੀਤੇ ਦਿਨ ਜਾਰੀ ਹੋਇਆ ਹੈ, ਅਨੁਸਾਰ ਇਸ ਸਮੇ ਓਰੇਗੋਨ ਦੀ ਸਰਹੱਦ ਨੇੜੇ ਕੇਵਲ 1% ਤੋਂ ਵੀ ਘੱਟ ਹਿਸੇ ਤੱਕ ਸੋਕਾ ਸੀਮਿਤ ਹੋ ਗਿਆ ਹੈ। ਦੋ ਹਫਤੇ ਪਹਿਲਾਂ ਕੈਲੀਫੋਰਨੀਆ ਦਾ ਇਕ ਤਿਹਾਈ ਤੋਂ ਵੀ ਵਧ ਹਿੱਸਾ ਭਿਆਨਕ ਸੋਕੇ ਦੀ ਸ਼੍ਰੇਣੀ ਵਿਚ ਸੀ। ਵਿਸ਼ਲੇਸ਼ਣ ਅਨੁਸਾਰ ਹਾਲਾਂ ਕਿ ਮਾਹੌਲ ਸਾਜਗਰ ਹੋਇਆ ਹੈ ਪ੍ਰੰਤੂ ਅਜੇ ਵੀ ਰਾਜ ਨੂੰ ਹੋਰ ਬਾਰਿਸ਼ ਦੀ ਲੋੜ ਹੈ।

**ਤੂਫ਼ਾਨ ਨਾਲ ਭਾਰੀ ਨੁਕਸਾਨ :** ਅਲਬਾਮਾ ਦੇ ਸੈਲਮਾ ਸ਼ਹਿਰ ਵਿਚ ਤੂਫ਼ਾਨ ਨੇ ਭਾਰੀ ਨੁਕਸਾਨ ਕੀਤਾ ਹੈ। ਇਹ ਜਾਣਕਾਰੀ ਸੈਲਮਾ ਦੇ ਮੇਅਰ ਨੇ ਦਿੰਦਿਆਂ ਕਿਹਾ ਹੈ ਕਿ ਦਰਜਨ ਤੋਂ ਵਧ ਮਿਲੀਆਂ ਰਿਪੋਰਟਾਂ ਅਨੁਸਾਰ ਦੱਖਣ-ਪੂਰਬ ਹਿੱਸੇ ਵਿਚ ਭਿਆਨਕ ਤੂਫ਼ਾਨ ਆਇਆ ਹੈ ਜਿਸ ਕਾਰਨ ਅਨੇਕਾਂ ਲੋਕ ਜ਼ਖਮੀ ਹੋਏ ਹਨ। ਕੌਮੀ ਮੌਸਮ ਸੇਵਾ ਨੇ ਸੈਲਮਾ ਵਿਚ ਭਿਆਨਕ ਤੂਫ਼ਾਨ ਆਉਣ ਦੀ ਪੁਸ਼ਟੀ ਕੀਤੀ ਹੈ। ਡਲਾਸ ਕਾਊਂਟੀ ਦੇ ਕੋਰੋਨਰ ਵਿਲੀਅਮ ਐਲਨ ਡੇਲੀ ਨੇ ਕਿਹਾ ਹੈ ਕਿ ਤੂਫ਼ਾਨ ਨੇ ਵਿਆਪਕ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ। ਡਲਾਸ ਕਾਊਂਟੀ ਦੇ ਇਕ ਸਿਰੇ ਤੋਂ ਲੈ ਕੇ ਦੂਸਰੇ ਸਿਰੇ ਤੱਕ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਹੈ ਕਿ ਤੂਫ਼ਾਨ ਕਾਰਨ ਜਾਨੀ ਨੁਕਸਾਨ ਤੋਂ ਭਾਵੇਂ ਬਚਾਅ ਰਿਹਾ ਹੈ ਪ੍ਰੰਤੂ ਲੋਕ ਜ਼ਖਮੀ ਹੋਏ ਹਨ ਜਿਨ੍ਹਾਂ ਨੂੰ ਖੇਤਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਤੂਫ਼ਾਨ ਕਾਰਨ ਕਈ ਘਰਾਂ ਦੀਆਂ ਛੱਤਾਂ ਉੱਡ ਗਈਆਂ ਹਨ ਤੇ ਸੜਕਾਂ ਉਪਰ ਮਲਬੇ ਦੇ ਢੇਰ ਲੱਗੇ ਹੋਏ ਹਨ।

# ਬੱਚਿਆਂ ਦੀ ਤਲਾਸ਼ੀ ਲਈ ਰਿਚਨੈਕ ਐਲੀਮੈਂਟਰੀ ਸਕੂਲ ਵਿਚ ਲੱਗੇਗਾ ਮੈਟਲ ਡੀਟੈਕਟਰਜ਼

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਵਰਜੀਨੀਆ ਦੇ ਰਿਚਨੈਕ ਐਲੀਮੈਂਟਰੀ ਸਕੂਲ ਜਿੱਥੇ ਪਿਛਲੇ ਹਫਤੇ ਇਕ 6 ਸਾਲ ਦੇ ਬੱਚੇ ਨੇ ਆਪਣੀ ਅਧਿਆਪਕਾ ਨੂੰ ਗੋਲੀ ਮਾਰ ਕੇ ਗੰਭੀਰ ਜ਼ਖਮੀ ਕਰ ਦਿੱਤਾ ਸੀ, ਵਿਚ ਮੈਟਲ ਡੀਟੈਕਟਰਜ਼ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਬੱਚਿਆਂ ਨੂੰ ਮੈਟਲ ਡੀਟੈਕਟਰਜ਼ ਰਾਹੀਂ ਅੰਦਰ ਜਾਣਾ ਪਵੇਗਾ। ਇਹ ਪ੍ਰਗਟਾਵਾ ਨਿਊਪੋਰਟ ਨਿਊਜ਼ ਪਬਲਿਕ ਸਕੂਲ ਦੇ ਸੁਪਰਡੈਂਟ ਜਾਰਜ ਪਾਰਕਰ ਨੇ ਕਰਦਿਆਂ ਕਿਹਾ ਹੈ ਕਿ ਰਿਚਨੈਕ ਐਲਮੈਂਟਰੀ ਸਕੂਲ ਪ੍ਰਸ਼ਾਸਨ ਆਮ ਚੈਕਿੰਗ ਦੌਰਾਨ ਬੱਚੇ ਵੱਲੋਂ ਲਿਆਂਦਾ ਹਥਿਆਰ ਲਭ ਨਹੀਂ ਸਕਿਆ ਤੇ ਬੱਚਾ ਕਲਾਸ ਵਿਚ ਹਥਿਆਰ ਲੈ ਗਿਆ। ਇਸ ਲਈ ਮੈਟਲ ਡੀਟੈਕਟਰਜ਼ ਲਾਉਣਾ ਜ਼ਰੂਰੀ ਹੋ ਗਿਆ ਹੈ।

# ਦੁਨੀਆ ਦੀ ਸਭ ਤੋਂ ਖ਼ੂਬਸੂਰਤ ਇਤਾਲਵੀ ਅਦਾਕਾਰਾ ਜੀਨਾ ਲੋਲੋਬ੍ਰਿਗਿਡਾ ਚਲ ਵਸੀ



ਮੁੰਬਈ/ਏ.ਟੀ.ਨਿਊਜ਼ :- : 50 ਤੇ 60 ਦੇ ਦਹਾਕੇ ਵਿਚ ਯੂਰਪੀਅਨ ਸਿਨੇਮਾ 'ਚ ਸਟਾਰਡਮ ਦਾ ਡੰਕਾ ਵਜਾਉਣ ਵਾਲੀ ਇਤਾਲਵੀ ਅਦਾਕਾਰਾ ਜੀਨਾ ਲੋਲੋਬ੍ਰਿਜੀਡਾ ਦਾ 95 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ ਹੈ। ਜੀਨਾ ਨੂੰ ਉਨ੍ਹਾਂ ਦੀ ਇਕ ਫ਼ਿਲਮ ਕਾਰਨ ਦੁਨੀਆ ਦੀ ਸਭ ਤੋਂ ਖ਼ੂਬਸੂਰਤ ਔਰਤ ਦਾ ਖਿਤਾਬ ਦਿੱਤਾ ਗਿਆ ਸੀ। ਅਦਾਕਾਰਾ ਦੇ ਦਿਹਾਂਤ 'ਤੇ ਪੂਰਾ ਹਾਲੀਵੁੱਡ ਜਗਤ ਸੋਗ ਵਿਚ ਹੈ। ਸੈਲੇਬਸ ਤੇ ਸਿਆਸਤਦਾਨ ਲਗਾਤਾਰ ਸੋਸ਼ਲ ਮੀਡੀਆ 'ਤੇ ਜੀਨਾ ਲੋਲੋਬ੍ਰਿਗਿਡਾ ਨੂੰ ਸ਼ਰਧਾਂਜਲੀ ਦੇ ਰਹੇ ਹਨ।ਦੱਸ ਦਈਏ ਕਿ ਜੀਨਾ ਲੋਲੋਬ੍ਰਿਜੀਡਾ ਨੇ 16 ਜਨਵਰੀ, 2023 ਨੂੰ ਆਖਰੀ ਸਾਹ ਲਿਆ। ਅਦਾਕਾਰਾ ਉਨ੍ਹਾਂ ਪੁਰਾਣੇ ਸਿਤਾਰਿਆਂ ਵਿਚੋਂ ਇਕ ਹੈ, ਜੋ ਫ਼ਿਲਮਾਂ ਦੇ ਸੁਨਹਿਰੀ ਦੌਰ ਦੀ ਯਾਦ ਦਿਵਾਉਂਦੀ ਹੈ। 4 ਜੁਲਾਈ 1927 ਨੂੰ ਇਕ ਫਰਨੀਚਰ ਕਾਰੀਗਰ ਦੇ ਘਰ ਜਨਮੀ, ਜੀਨਾ ਨੇ ਆਪਣੀ ਟੀਨੇਜ ਦਾ ਜ਼ਿਆਦਾਤਰ ਸਮਾਂ ਯੁੱਧ ਵਿਚ ਬਿਤਾਇਆ। ਅਦਾਕਾਰਾ ਜੀਨਾ ਉਦੋਂ ਸੁਰਖੀਆਂ ਵਿਚ ਆਈ ਜਦੋਂ ਉਸ ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਟਲੀ ਵਿਚ ਫ਼ਿਲਮਾਂ ਬਣਾਉਣੀਆਂ ਸ਼ੁਰੂ ਕੀਤੀਆਂ।

# ਨਵੇਂ ਰੁਝਾਨਾਂ ਅਤੇ ਵਿਵਾਦਾਂ ਦਾ ਨੌਜਵਾਨ ਵਰਗ ਉੱਪਰ ਪੈ ਰਿਹਾ ਏ ਪ੍ਰਭਾਵ

## ਵੀਹ ਸਾਲ ਪੁਰਾਣੇ ਡਿਜੀਟਲ ਕੈਮਰੇ ਨਵੀਂ ਪੀੜ੍ਹੀ ਦੀ ਪਸੰਦ, ਬ੍ਰਿਟੇਨ ਦੇ ਪ੍ਰਿੰਸ ਹੈਰੀ ਦੀ ਕਿਤਾਬ ਦੀ ਮੰਗ ਵਧੀ






ਸੰਯੁਕਤ ਰਾਜ ਵਿੱਚ, ਸਾਲ 2000 ਤੋਂ ਬਾਅਦ ਪੈਦਾ ਹੋਏ ਬੱਚਿਆਂ ਵਿਚ ਪੁਰਾਣੇ ਅਤੇ ਬੇਕਾਰ ਕੈਮਰੇ ਆਪਣੀ ਜਗ੍ਹਾ ਬਣਾ ਰਹੇ ਹਨ। ਡਿਜੀਟਲ ਕੈਮਰਿਆਂ ਨਾਲ ਨੌਜਵਾਨਾਂ ਦੀਆਂ ਫੋਟੋਆਂ ਖਿੱਚਣ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਹੈਸ਼ਟੈਗ # DigitalCamera ਨੂੰ TikTok 'ਤੇ 180 ਮਿਲੀਅਨ ਤੋਂ ਵੱਧ ਵਿਊਜ਼ ਮਿਲ ਚੁੱਕੇ ਹਨ। ਕਾਇਲੀ ਜੇਨਰ, ਬੇਲਾ ਹਦੀਦ, ਚਾਰਲੀ ਐਮਿਲਿਓ ਵਰਗੇ ਆਧੁਨਿਕ ਪ੍ਰਭਾਵਕ ਜੋ ਸ਼ੋਸ਼ਲ ਮੀਡੀਆ ਵਿਚ ਪ੍ਰਸਿੱਧ ਹਨ, ਥੋੜੇ ਧੁੰਦਲੇ ਫੋਟੋ ਸ਼ੇਅਰ ਕਰ ਰਹੇ ਹਨ। ਅੱਜ ਦੇ ਟੀਨਏਜਰ ਅਤੇ ਨੌਜਵਾਨ ਨਵੀਂ ਸਦੀ ਦੇ ਸ਼ੁਰੂਆਤ ਦੌਰਾਨ ਬੱਚੇ ਸਨ। ਉਹ ਸਮਾਰਟ ਫੋਨ ਨਾਲ ਵੱਡੇ ਹੋਏ ਸਨ। ਇਸ ਨਾਲ ਕੈਮਰੇ, ਮੈਪਿੰਗ ਡਿਵਾਈਸ ਅਤੇ ਹੋਰ ਯੰਤਰ ਬੇਲੋੜੇ ਹੋ ਗਏ।

ਹੁਣ ਇਹ ਪੀੜ੍ਹੀ ਸਮਾਰਟਫੋਨ ਤੋਂ ਥੋੜਾ ਦੂਰ ਰਹਿਣਾ ਚਾਹੁੰਦੀ ਹੈ। ਕੈਨਨ ਪਾਵਰ ਸ਼ਾਟ ਅਤੇ ਕੋਡਕ ਇਜੀ ਸ਼ੇਅਰ ਵਰਗੇ ਕੈਮਰੇ ਪਾਰਟੀਆਂ ਅਤੇ ਸਮਾਜਿਕ ਪ੍ਰੋਗਰਾਮਾਂ ਦੌਰਾਨ ਨੌਜਵਾਨਾਂ ਦੇ ਹੱਥਾਂ ਵਿੱਚ ਫੜੇ ਨਜ਼ਰ ਆ ਰਹੇ ਹਨ। ਪੁਰਾਣੇ ਡਿਜੀਟਲ ਕੈਮਰਿਆਂ ਵਿੱਚ ਮੌਜੂਦਾ ਸਮਾਰਟਫ਼ੋਨਾਂ ਨਾਲੋਂ ਘੱਟ ਮੈਗਾਪਿਕਸਲ ਹੁੰਦੇ ਹਨ। ਫੋਟੋ ਦੀ ਗੁਣਵੱਤਾ ਬਹੁਤ ਵਧੀਆ ਨਹੀਂ ਹੈ. ਪਰ, ਹੁਣ ਅਜਿਹੀਆਂ ਤਸਵੀਰਾਂ ਨੂੰ ਕੀਮਤੀ ਮੰਨਿਆ ਜਾ ਰਿਹਾ ਹੈ।ਲੋਕ ਪੁਰਾਣੇ ਕੈਮਰੇ ਖਰੀਦ ਰਹੇ ਹਨ। ਈਬੇ 'ਤੇ ਡਿਜੀਟਲ ਕੈਮਰਿਆਂ ਦੀ ਸਰਚ ਇੱਕ ਸਾਲ ਵਿੱਚ 10 ਪ੍ਰਤੀਸ਼ਤ ਵੱਧੀ ਹੈ।

**ਕੈਲੀ ਹੁਆਂਗ ਵਿਵਾਦ ਦਾ ਪ੍ਰਭਾਵ**

ਬ੍ਰਿਟੇਨ ਦੇ ਪ੍ਰਿੰਸ ਹੈਰੀ ਦੀਆਂ ਯਾਦਾਂ 'ਤੇ ਆਧਾਰਿਤ ਕਿਤਾਬ-ਸਪੇਅਰ ਦੇ ਕੁਝ ਅੰਸ਼ ਸਨਸਨੀਖੇਜ਼ ਅਤੇ ਵਿਸਫੋਟਕ ਹਨ। ਦੁਨੀਆ ਭਰ ਦੇ ਮੀਡੀਆ ਨੇ ਇਸ ਬਾਰੇ ਖਬਰਾਂ ਦਿੱਤੀਆਂ ਹਨ। ਹੈਰੀ ਨੇ ਲਿਖਿਆ ਕਿ ਲੜਾਈ ਦੇ ਵਿਚਾਲੇ, ਉਸਦੇ ਭਰਾ ਵਿਲੀਅਮ ਨੇ ਉਸਨੂੰ ਫਰਸ਼ 'ਤੇ ਸੁੱਟ ਦਿੱਤਾ। ਹੈਰੀ ਨੇ ਕਬੂਲ ਕੀਤਾ ਹੈ ਕਿ ਉਸ ਨੇ ਅਫਗਾਨਿਸਤਾਨ ਵਿਚ 25 ਲੋਕਾਂ ਨੂੰ ਮਾਰਿਆ ਸੀ। ਇਹ ਦਾਅਵਾ ਕੀਤਾ ਗਿਆ ਹੈ ਕਿ ਵਿਲੀਅਮ ਅਤੇ ਉਸਦੀ ਪਤਨੀ ਕੇਟ ਨੇ ਉਸਨੂੰ ਨਾਜ਼ੀ ਵਾਂਗ ਕੱਪੜੇ ਪਾਉਣ ਲਈ ਉਤਸ਼ਾਹਿਤ ਕੀਤਾ।

ਬੀਤੇ ਹਫਤੇ ਰਿਲੀਜ਼ ਹੋਈ ਇਹ ਕਿਤਾਬ ਅਮਰੀਕਾ ਅਤੇ ਬ੍ਰਿਟੇਨ ਵਿਚ ਐਮਾਜ਼ਾਨ 'ਤੇ ਪਹਿਲੇ ਨੰਬਰ 'ਤੇ ਹੈ। ਦੁਨੀਆ ਦੇ ਸਭ ਤੋਂ ਵੱਡੇ ਰਿਟੇਲ ਬੁੱਕ ਵਿਕਰੇਤਾ, ਬਾਰਨਸ ਐਂਡ ਨੋਬਲ ਵਿਖੇ ਵੀ ਇਸਦੀ ਉੱਚ ਮੰਗ ਹੈ। ਪੁਸਤਕ ਵੇਚਣ ਵਾਲਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਵੱਡੀ ਗਿਣਤੀ ਵਿੱਚ ਆਰਡਰ ਮਿਲੇ ਹਨ। ਪ੍ਰਕਾਸ਼ਕ ਰੈਂਡਮ ਹਾਊਸ ਇਕੱਲੇ ਉੱਤਰੀ ਅਮਰੀਕਾ ਲਈ 2.5 ਮਿਲੀਅਨ ਕਿਤਾਬਾਂ ਪ੍ਰਕਾਸ਼ਿਤ ਕਰ ਰਿਹਾ ਹੈ।

**ਅਲੈਗਜ਼ੈਂਡਾ ਆਲਟੇਰ**
**ਨਿਊਯਾਰਕ ਟਾਈਮਜ਼ ਤੋਂ ਧੰਨਵਾਦ ਸਹਿਤ**

# ਸ. ਹਰਭਜਨ ਸਿੰਘ ਦੁਸਾਂਝ ਦੀ ਇਕ ਹੋਰ ਪ੍ਰਾਪਤੀ



ਕੈਲੀਫੋਰਨੀਆ/ਏ.ਟੀ.ਨਿਊਜ਼ :- ਸ. ਹਰਭਜਨ ਸਿੰਘ ਦੁਸਾਂਝ ਪਿਛਲੇ ਦੋ ਸਾਲਾਂ ਤੋਂ ਐਲਾਮੀਰਾ ਕਾਊਂਟੀ ਵਿਚ ਕਮਿਸ਼ਨਰ ਐਨ ਏਜਿੰਗ ਦੇ ਤੌਰ ਤੇ ਸੇਵਾਵਾਂ ਨਿਭਾਅ ਰਹੇ ਹਨ। ਇਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖ ਕੇ ਯੂਨੀਅਨ ਸਿਟੀ ਦਾ ਕਾਉਂਸਲ ਨੇ ਇਨ੍ਹਾਂ ਨੂੰ 13 ਦਸੰਬਰ 2022 ਨੂੰ 4 ਸਾਲਾਂ ਵਾਸਤੇ ਸੀਨੀਅਰ ਕਮਿਸ਼ਨਰ ਨਿਯੁਕਤ ਕੀਤਾ ਹੈ। ਸ. ਹਰਭਜਨ ਸਿੰਘ ਨੇ ਕਿਹਾ ਕਿ ਮੈਂ ਹਮੇਸ਼ਾ ਸੀਨੀਅਰਜ਼ ਦੀ ਮੱਦਦ ਅਤੇ ਭਲਾਈ ਲਈ ਸੋਚਦਾ ਹਾਂ। ਜਿਸ ਲਈ ਉਹ ਸਾਰੇ ਕਮਿਸ਼ਨਰਜ਼ ਇੱਕ ਇੰਫੋ ਕਾਰਡ ਵੀ ਬਣਾ ਰਹੇ ਹਨ ਤੇ ਤਿਆਰ ਹੋਣ ਤੇ ਇਸਨੂੰ ਪੇਸ਼ ਕਰਨਗੇ। ਨਾਲ ਹੀ ਉਨ੍ਹਾਂ ਸੀਨੀਅਰਜ਼ ਨੂੰ ਕਦੇ ਕਦੇ ਸੀਨੀਅਰ ਸੈਂਟਰ ਵਿਜ਼ਿਟ ਕਰਨ ਲਈ ਵੀ ਸੱਦਾ ਦਿੱਤਾ। ਜਾਣਕਾਰੀ ਮੁਤਾਬਕ ਉਹ ਕਈ ਸਾਲਾਂ ਤੋਂ ਫਿਊਚਰ ਗੋਲਜ਼ ਕਮੇਟੀ ਦੇ ਮੈਂਬਰ ਵੀ ਹਨ ਤੇ ਪੰਜਾਬੀ ਭਾਈਚਾਰੇ ਵਾਸਤੇ ਇਹ ਇੱਕ ਬਹੁਤ ਮਾਣ ਵਾਲੀ ਗੱਲ ਹੈ। ਇਨ੍ਹਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਦੋਵਾਂ ਅਹੁਦਿਆਂ 'ਤੇ ਰਹਿੰਦੇ ਹੋਏ ਸੀਨੀਅਰਜ਼ ਦੀ ਭਲਾਈ ਵਾਸਤੇ ਯਤਨ ਕਰਦੇ ਰਹਿਣਗੇ। ਯਾਦ ਰਹੇ ਸ. ਹਰਭਜਨ ਸਿੰਘ ਦੁਸਾਂਝ ਪ੍ਰਸਿੱਧ ਪੱਤਰਕਾਰ ਤੇ ਬੇਬਾਕ ਬੁਲਾਰੇ ਸ. ਅਮਰ ਸਿੰਘ ਦੁਸਾਂਝ ਦੇ ਵੱਡੇ ਸਪੁੱਤਰ ਹਨ।

# ਸਿੱਖ ਨੇਤਾ ਹਰਮੀਤ ਕੌਰ ਢਿੱਲੋਂ ਨੇ ਰਿਪਬਲਿਕਨ ਪਾਰਟੀ 'ਤੇ ਲਗਾਏ ਗੰਭੀਰ ਦੋਸ਼, ਕਿਹਾ ਸਿੱਖ ਹੋਣ ਕਾਰਨ ਕੀਤਾ ਜਾ ਰਿਹਾ ਵਿਤਕਰਾ



ਵਾਸ਼ਿੰਗਟਨ/ਏ.ਟੀ.ਨਿਊਜ਼ :- ਰਿਪਬਲਿਕਨ ਨੈਸ਼ਨਲ ਕਮੇਟੀ (ਆਰਐਨਸੀ) ਦੇ ਚੇਅਰਮੈਨ ਦੇ ਅਹੁਦੇ ਲਈ ਭਾਰਤੀ-ਅਮਰੀਕੀ ਅਟਾਰਨੀ ਹਰਮੀਤ ਢਿੱਲੋਂ ਚੋਣ ਲੜ ਰਹੀ ਹੈ। ਇਸ ਦਰਮਿਆਨ ਉਸ ਨੇ ਦੋਸ਼ ਲਾਇਆ ਹੈ ਕਿ ਸਿੱਖੀ ਕਾਰਨ ਕੁਝ ਪਾਰਟੀ ਆਗੂ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਢਿੱਲੋਂ ਨੇ ਕਿਹਾ ਕਿ ਉਹ ਹਾਰ ਨਹੀਂ ਮੰਨੇਗੀ ਤੇ ਚੋਟੀ ਦੇ ਅਹੁਦੇ ਦੀ ਦੌੜ ਵਿੱਚ ਜਾਰੀ ਰਹੇਗੀ।

ਦੱਸ ਦਈਏ ਕਿ 54 ਸਾਲਾ ਢਿੱਲੋਂ ਕੈਲੀਫੋਰਨੀਆ ਰਿਪਬਲਿਕਨ ਪਾਰਟੀ ਦੇ ਸਾਬਕਾ ਕੋ-ਚੇਅਰ, ਪ੍ਰਭਾਵਸ਼ਾਲੀ ਨੇਤਾ ਅਤੇ RNC ਦੀ ਚੇਅਰਵੂਮੈਨ ਰੋਨਾ ਮੈਕਡੈਨੀਅਲ ਤੋਂ ਇਸ ਅਹੁਦੇ ਲਈ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਹਰਮੀਤ ਢਿੱਲੋਂ ਨੇ ਬੀਤੇ ਦਿਨੀਂ ਟਵਿੱਟਰ 'ਤੇ ਕਿਹਾ ਕਿ ਉਸ ਦੇ ਧਰਮ ਕਾਰਨ ਉਸ 'ਤੇ ਹਮਲੇ ਉਸ ਨੂੰ ਜਾਂ ਉਸ ਦੀ ਟੀਮ ਨੂੰ ਰਿਪਬਲਿਕਨ ਨੈਸ਼ਨਲ ਕਮੇਟੀ ਵਿੱਚ ਜਵਾਬਦੇਹੀ, ਪਾਰਦਰਸ਼ਤਾ, ਇਮਾਨਦਾਰੀ ਅਤੇ ਸ਼ਿਸ਼ਟਾਚਾਰ ਦੇ ਨਵੇਂ ਮਾਪਦੰਡਾਂ ਸਮੇਤ ਸਕਾਰਾਤਮਕ ਤਬਦੀਲੀ ਲਿਆਉਣ ਤੋਂ ਨਹੀਂ ਰੋਕ ਸਕਦੇ।

ਢਿੱਲੋਂ ਨੇ ਕਿਹਾ ਕਿ ਉਨ੍ਹਾਂ ਨੂੰ ਕਈ ਧਮਕੀ ਭਰੇ ਟਵੀਟ ਮਿਲੇ ਹਨ। ਹਰਮੀਤ ਢਿੱਲੋਂ ਨੇ ਦੋਸ਼ ਲਾਇਆ ਕਿ ਉਸ ਦੀ ਧਾਰਮਿਕ ਆਸਥਾ ਕਾਰਨ ਰਿਪਬਲਿਕਨ ਆਗੂਆਂ ਵੱਲੋਂ ਉਸ 'ਤੇ ਹਮਲੇ ਕੀਤੇ ਜਾ ਰਹੇ ਹਨ। ਹਾਲਾਂਕਿ, ਉਸਨੇ ਕਿਹਾ ਹੈ ਕਿ ਉਹ ਅਜਿਹੇ ਹਮਲਿਆਂ ਤੋਂ ਹਿੰਮਤ ਨਹੀਂ ਹਾਰੇਗੀ ਅਤੇ ਲੜਦੀ ਰਹੇਗੀ। ਦੱਸ ਦੇਈਏ ਕਿ ਹਰਮੀਤ ਢਿੱਲੋਂ ਕੈਲੀਫੋਰਨੀਆ ਰਿਪਬਲਿਕਨ ਪਾਰਟੀ ਦੇ ਸਾਬਕਾ ਕੋ-ਚੇਅਰ ਰਹਿ ਚੁੱਕੇ ਹਨ ਅਤੇ ਹੁਣ ਰਿਪਬਲਿਕਨ ਨੈਸ਼ਨਲ ਕਮੇਟੀ ਦੀ ਚੇਅਰਵੂਮੈਨ ਦੇ ਅਹੁਦੇ ਲਈ ਚੋਣ ਲੜ ਰਹੇ ਹਨ। ਇਸ ਅਹੁਦੇ ਲਈ ਹਰਮੀਤ ਢਿੱਲੋਂ ਦਾ ਮੁਕਾਬਲਾ ਰੋਨਾ ਮੈਕਡੈਨੀਅਲ ਨਾਲ ਹੈ। ਢਿੱਲੋਂ ਨੇ ਇੱਕ ਹੋਰ ਟਵੀਟ ਵਿੱਚ ਲਿਖਿਆ ਕਿ ਮੇਰੀ ਟੀਮ ਦੇ ਇੱਕ ਮੈਂਬਰ ਨੂੰ ਧਮਕੀਆਂ ਮਿਲੀਆਂ ਜਦੋਂ ਉਸਨੇ ਰਿਪਬਲਿਕਨ ਨੈਸ਼ਨਲ ਕਮੇਟੀ ਦੇ ਸਭ ਤੋਂ ਮਹਿੰਗੇ ਵਿਕਰੇਤਾ ਬਾਰੇ ਸਵਾਲ ਉਠਾਏ। ਰਿਪਬਲਿਕਨ ਨੈਸ਼ਨਲ ਕਮੇਟੀ ਦੇ ਚੇਅਰਪਰਸਨ ਦੀ ਚੋਣ 27 ਜਨਵਰੀ ਨੂੰ ਹੋਣੀ ਹੈ।ਦੱਸ ਦੇਈਏ ਕਿ ਰਿਪਬਲਿਕਨ ਨੈਸ਼ਨਲ ਕਮੇਟੀ ਇੱਕ ਸਿਆਸੀ ਕਮੇਟੀ ਹੈ, ਜੋ ਅਮਰੀਕਾ ਦੀ ਰਿਪਬਲਿਕਨ ਪਾਰਟੀ ਦੀ ਗਵਰਨਿੰਗ ਬਾਡੀ ਹੈ। ਰਿਪਬਲਿਕਨ ਪਾਰਟੀ ਨੂੰ ਇੱਕ ਬ੍ਰਾਂਡ ਵਜੋਂ ਅੱਗੇ ਵਧਾਉਂਦਾ ਹੈ ਅਤੇ ਪਾਰਟੀ ਫੰਡ ਇਕੱਠਾ ਕਰਨ ਅਤੇ ਚੋਣ ਰਣਨੀਤੀ ਬਣਾਉਣ ਦਾ ਕੰਮ ਕਰਦਾ ਹੈ।ਹਰਮੀਤ ਢਿੱਲੋਂ ਨੇ ਕਿਹਾ ਹੈ ਕਿ ਰਿਪਬਲਿਕਨ ਪਾਰਟੀ ਨੂੰ ਲਾਬਿਸਟਾਂ, ਸਲਾਹਕਾਰਾਂ ਅਤੇ ਪਾਰਟੀ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਣ ਵਾਲੇ ਲੋਕਾਂ ਤੋਂ ਮੁਕਤ ਕਰਨਾ ਹੋਵੇਗਾ। ਅਮਰੀਕਨ ਬਜਾਰ ਆਨਲਾਈਨ ਕਾਮ ਅਨੁਸਾਰ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਦੀ ਧਾਰਮਿਕ ਆਸਥਾ ਕਾਰਨ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਇਸ ਨੂੰ ਉਨ੍ਹਾਂ ਵਿਰੁੱਧ ਹਥਿਆਰ ਵਜੋਂ ਵਰਤ ਰਹੇ ਹਨ। ਹਾਲਾਂਕਿ, ਢਿੱਲੋਂ ਦੇ ਵਿਰੋਧੀ ਅਤੇ ਰਿਪਬਲਿਕਨ ਨੈਸ਼ਨਲ ਕਮੇਟੀ ਦੀ ਸਾਬਕਾ ਚੇਅਰਵੂਮੈਨ ਮੈਕਡਨੀਅਲ ਨੇ ਧਾਰਮਿਕ ਵਿਸ਼ਵਾਸਾਂ ਨੂੰ ਨਿਸ਼ਾਨਾ ਬਣਾਉਣ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਵਿਸ਼ਵਾਸ, ਪਰਿਵਾਰ ਅਤੇ ਆਜ਼ਾਦੀ ਦੀ ਪਾਰਟੀ ਹਾਂ ਤੇ ਸਾਡੇ ਕੋਲ ਅਜਿਹੇ ਹਮਲਿਆਂ ਲਈ ਕੋਈ ਥਾਂ ਨਹੀਂ ਹੈ। ਮੈਕਡਨੀਅਲ ਨੇ ਕਿਹਾ ਕਿ ਘੱਟ ਗਿਣਤੀ ਹੋਣ ਕਾਰਨ ਮੈਂ ਅਜਿਹੇ ਹਮਲਿਆਂ ਦੀ ਨਿੰਦਾ ਕਰਦੀ ਹਾਂ।

# ਸਿੱਖ ਬੰਦੀ ਨਾ ਛੱਡਣ ਦੇ ਰੋਸ ਵਜੋਂ 26 ਜਨਵਰੀ ਨੂੰ ਕਾਲਾ ਦਿਵਸ ਮਨਾਉਣਗੀਆਂ ਸਿੱਖ ਜਥੇਬੰਦੀਆਂ: ਬਾਪੂ ਗੁਰਚਰਨ ਸਿੰਘ, ਪਾਲ ਸਿੰਘ

## ਸੰਗਤਾਂ ਵਹੀਰਾਂ ਘਤਕੇ ਪਹੁੰਚ ਰਹੀਆਂ ਹਨ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਲੱਗੇ ਮੋਰਚੇ ਵਿੱਚ




ਐਸਏਐਸ ਨਗਰ/ਏ.ਟੀ.ਨਿਊਜ਼ :-ਬੰਦੀ ਸਿੰਘਾਂ ਦੀ ਰਿਹਾਈ, 328 ਸਰੂਪਾਂ ਦਾ ਮਾਮਲਾ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਸਮੇਤ ਹੋਰ ਧਾਰਮਿਕ ਮੁੱਦਿਆਂ 'ਤੇ ਸਰਕਾਰਾਂ ਦੀ ਅਣਦੇਖੀ ਖ਼ਿਲਾਫ਼ ਸਿੱਖਾਂ ਵਿੱਚ ਰੋਹ ਲਗਾਤਾਰ ਭਖ਼ਦਾ ਜਾ ਰਿਹਾ ਹੈ।ਕੌਮੀ ਇਨਸਾਫ਼ ਮੋਰਚਾ, ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਣੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਕੜਾਕੇ ਦੀ ਠੰਢ ਵਿੱਚ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਲਗਾਇਆ ਗਿਆ ਲੜੀਵਾਰ ਧਰਨਾ ਜਾਰੀ ਹੈ। ਸੰਗਤਾਂ ਭਾਰੀ ਗਿਣਤੀ ਵਿਚ ਵਹੀਰਾਂ ਘਤ ਕੇ ਪਹੁੰਚ ਰਹੀਆਂ ਹਨ।ਬਾਪੂ ਗੁਰਚਰਨ ਸਿੰਘ, ਪਾਲ ਸਿੰਘ ਫਰਾਂਸ,ਭਾਈ ਜਸਵਿੰਦਰ ਸਿੰਘ ਤੇ ਹੋਰਨਾਂ ਬੁਲਾਰਿਆਂ ਨੇ ਕਿਹਾ ਕਿ ਸਿਖ ਬੰਦੀ ਛਡਣ ਨਾ ਕਾਰਣ 26 ਜਨਵਰੀ ਨੂੰ ਰੋਸ ਵਜੋਂ ਸਿਖ ਕਾਲਾ ਦਿਵਸ ਮਨਾਉਣਗੇ,ਕਾਲੇ ਝੰਡੇ ਲਹਿਰਾਏ ਜਾਣਗੇ।ਕਾਲੀਆਂ ਦਸਤਾਰਾਂ ਸਜਾਈਆਂ ਜਾਣਗੀਆਂ।ਉਹਨਾਂ ਨੇ ਵਿਸ਼ਵ ਭਰ ਦੇ ਸਿਖਾਂ ਨੂੰ ਅਪੀਲ ਕੀਤੀ ਕਿ 26 ਜਨਵਰੀ ਨੂੰ ਗੁਣਤੰਤਰ ਦਿਵਸ ਦਾ ਬਾਈਕਾਟ ਕਰਨ। ਉਹਨਾਂ ਕਿਹਾ ਕਿ ਹਾਕਮ ਧਿਰਾਂ ਸਿੱਖਾਂ ਦੇ ਸਬਰ ਦੀ ਹੋਰ ਪ੍ਰੀਖਿਆ ਨਾ ਲੈਣ। ਉਨ੍ਹਾਂ ਐਲਾਨ ਕੀਤਾ ਕਿ ਧਰਨੇ ਵਿੱਚ ਰੋਜ਼ਾਨਾ ਪੰਥ ਦਰਦੀਆਂ ਦੀ ਆਮਦ ਵਧਦੀ ਜਾ ਰਹੀ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਕੇਂਦਰ ਤੇ ਸੂਬਾ ਸਰਕਾਰ ਨੂੰ ਸਿੱਖਾਂ ਦੇ ਰੋਹ ਅੱਗੇ ਗੋਡੇ ਟੇਕਣ ਲਈ ਮਜਬੂਰ ਹੋਣਾ ਪਵੇਗਾ।ਉਨ੍ਹਾਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਦਹਾਕਿਆਂ ਤੋਂ ਸਿੱਖਾਂ ਨਾਲ ਬੇਇਨਸਾਫੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਰੋਜ਼ਾਨਾ ਪੱਕੇ

# ਸ੍ਰ. ਭੁਪਿੰਦਰ ਸਿੰਘ ਦੇਵ ਨੂੰ ਸਦਮਾ, ਮਾਤਾ ਮੋਹਿੰਦਰ ਕੌਰ ਜੀ ਦਾ ਦੇਹਾਂਤ



ਸ੍ਰ. ਭੁਪਿੰਦਰ ਸਿੰਘ ਨੂੰ ਬੀਤੇ ਕੱਲ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਮੋਹਿੰਦਰ ਕੌਰ ਜੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।ਸ੍ਰ. ਭੁਪਿੰਦਰ ਸਿੰਘ ਦੇਵ ਨਾਲ ਇਸ ਮੌਕੇ ਦੁੱਖ ਪ੍ਰਗਟ ਕਰਨ ਲਈ ਫੋਨ ਨੰ; 510-459-7537 'ਤੇ ਸੰਪਰਕ ਕੀਤਾ ਜਾ ਸਕਦਾ ਹੈ।ਮਾਤਾ ਮੋਹਿੰਦਰ ਕੌਰ ਜੀ ਦੇ ਅੰਤਮ ਸਸਕਾਰ ਸਬੰਧੀ ਜਾਣਕਾਰੀ ਜਲਦ ਹੀ ਸਾਂਝੀ ਕੀਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਨੇ ਸਿੰਧੀ ਭਾਈਚਾਰੇ ਨੂੰ ਹਿੰਦੂ ਸਮਾਜ ਵਿਚ ਜਾਣ ਤੋਂ ਰੋਕਿਆ

## ਇੰਦੌਰ ਤੋਂ ਪਰਤੀ ਟੀਮ ਨੇ ਜਾਂਚ ਰਿਪੋਰਟ ਸੌਂਪੀ

## ਸ਼੍ਰੋਮਣੀ ਕਮੇਟੀ ਵੱਲੋਂ ਸਿੰਧੀ ਸਮਾਜ ਨੂੰ ਮਰਯਾਦਾ ਸਮਝਾ ਕੇ ਮੁੜ ਗੁਰੂ ਗ੍ਰੰਥ ਸਾਹਿਬ ਸੌਂਪਣ ਦੀ ਮੁਹਿੰਮ ਜਾਰੀ







ਇੰਦੌਰ-ਪਿਛਲੇ ਦਿਨੀਂ ਸਿੰਧੀ ਸਮਾਜ ਇੰਦੌਰ ਵਲੋਂ ਦੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਗੁਰਦੁਆਰਾ ਇਮਲੀ ਸਾਹਿਬ ਨੂੰ ਦਿੱਤੇ ਗਏ ਸਨ, ਸਰੂਪ ਮੁੜ ਸਿੰਧੀ ਸਮਾਜ ਨੂੰ ਦਿੱਤੇ ਜਾਣ ਬਾਰੇ ਕਵਾਇਦ ਜਾਰੀ ਹੈ ।ਇੰਦੌਰ ਵਿਚ ਸਿੰਧੀਆਂ ਦੇ ਲਗਭਗ 150 ਤੋਂ ਵੱਧ ਸਥਾਨ ਹਨ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਨ । ਪਰ ਨਾਲ ਹੀ ਕੁੱਝ ਸਥਾਨ ਇਹੋ ਜਿਹੇ ਵੀ ਹਨ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਨਹੀਂ ਸੀ, ਤੇ ਇਸ ਬਾਰੇ ਸਮਝਾਉਣ ਦੀ ਬਜਾਏ ਇਨ੍ਹਾਂ 'ਤੇ ਕੁਝ ਸਥਾਨਕ ਨਿਹੰਗਾਂ ਤੇ ਪੰਜਾਬ ਤੋਂ ਆਈ ਸਤਿਕਾਰ ਕਮੇਟੀ ਦੇ ਲੋਕਾਂ ਦੁਆਰਾ ਸਖ਼ਤੀ ਕੀਤੀ ਗਈ ਸੀ।ਜਿਸ ਨਾਲ ਮਾਮਲਾ ਉਲੱਝ ਗਿਆ ਤੇ ਸਿੱਟੇ ਵਜੋਂ 92 ਸਰੂਪ ਉਨ੍ਹਾਂ ਨੇ ਸ੍ਰੀ ਗੁਰੂ ਸਿੰਘ ਸਭਾ ਨੂੰ ਵਾਪਸ ਕਰ ਦਿੱਤੇ। ਸਿੰਧੀ ਸਮਾਜ ਨੇ ਰੋਸ ਵਜੋਂ ਇਸ ਸਖਤੀ ਕਾਰਣ ਐਲਾਨ ਕੀਤਾ ਸੀ ਕਿ ਉਹ ਸਿਖ ਧਰਮ ਛਡਕੇ ਹਿੰਦੂ ਸਮਾਜ ਵਿਚ ਚਲੇ ਜਾਣਗੇ।ਪਰ ਹੁਣ ਸਿੰਧੀ ਸਮਾਜ ਦੇ ਆਗੂਆਂ ਨੇ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਮਨਜੀਤ ਸਿੰਘ ਰਿੰਕੂ ਭਾਟੀਆ ਨਾਲ ਗੱਲਬਾਤ ਕੀਤੀ ਤੇ ਮਾਮਲਾ ਸੁਲਝਾ ਲਿਆ ਗਿਆ । ਸਿੰਧੀ ਸਮਾਜ ਅਤੇ ਸਿੱਖਾਂ ਦੀ 13 ਮੈਂਬਰੀ ਮਰਿਯਾਦਾ ਨਿਗਰਾਨ ਕਮੇਟੀ ਬਣਾ ਦਿੱਤੀ ਗਈ ਹੈ ਜੋ ਸਿੰਧੀ ਦਰਬਾਰਾ ਜਾਂ ਘਰਾਂ ਵਿਚ ਸਰੂਪ ਪ੍ਰਕਾਸ਼ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਪੂਰੀ ਮਰਯਾਦਾ ਸਿਖਾਏਗੀ ਫਿਰ ਹੀ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਨਾਲ ਸੌਂਪੇ ਜਾਣਗੇ ਬਾਅਦ ਵਿਚ ਇਹ ਕਮੇਟੀ ਲਗਾਤਾਰ ਨਿਗਰਾਨੀ ਵੀ ਕਰਦੀ ਰਹੇਗੀ ।ਇਸ ਫ਼ੈਸਲੇ 'ਤੇ ਸਿੰਧੀ ਸਮਾਜ ਨੇ ਤਸੱਲੀ ਤੇ ਖੁਸ਼ੀ ਪ੍ਰਗਟਾਈ।ਸ੍ਰੀ ਗੁਰੂ ਸਿੰਘ ਸਭਾ ਇੰਦੌਰ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖ ਕੇ ਬਿਰਧ ਸਰੂਪ ਲੈ ਕੇ ਜਾਣ ਲਈ ਤੇ 50 ਨਵੇਂ ਸਰੂਪ ਦੇਣ ਲਈ ਵੀ ਬੇਨਤੀ ਪੱਤਰ ਲਿੱਖਿਆ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਲਾਹਕਾਰ ਗੁਰਮੀਤ ਸਿੰਘ ਨਾਲ ਵੀ ਗੱਲਬਾਤ ਕਰ ਕੇ ਸਾਰੇ ਪਹਿਲੂਆਂ ਤੋਂ ਜਾਣੂ ਕਰਵਾਇਆ ।

ਇਸ ਦੌਰਾਨ ਇੰਦੌਰ ਤੋਂ ਪਰਤੀ ਪੰਜ ਮੈਂਬਰੀ ਜਾਂਚ ਟੀਮ ਨੇ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਹੈ।ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਅਗਲੇ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਦਾ ਪ੍ਰਚਾਰਕ ਜਥਾ ਸਿੰਧੀ ਸਿੱਖਾਂ ਪਾਸ ਭੇਜਿਆ ਜਾਵੇਗਾ ਜੋ ਉਥੋਂ ਦੀ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ, ਸੇਵਾ-ਸੰਭਾਲ ਅਤੇ ਸਿੱਖ ਮਰਯਾਦਾ ਬਾਰੇ ਜਾਗਰੂਕ ਕਰੇਗਾ। ਉਨ੍ਹਾਂ ਕਿਹਾ ਕਿ ਸਿੱਖ ਮਰਿਆਦਾ ਤੇ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਸੰਭਾਲ ਵਿੱਚ ਖ਼ਾਮੀਆਂ ਬਰਦਾਸ਼ਤ ਨਹੀਂ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ਸ਼ਰਧਾਵਾਨ ਸਿੱਖਾਂ ਨੂੰ ਗੁਰੂ ਸਾਹਿਬ ਨਾਲੋਂ ਤੋੜ ਦਿੱਤਾ ਜਾਵੇ।ਸ਼ੋਸ਼ਲ ਮੀਡੀਆ ਵਿਚ ਸੰਗਤਾਂ ਨੇ ਸਿੰਧੀ ਭਾਈਚਾਰੇ ਨੂੰ ਸਿਖੀ ਨਾਲ ਜੋੜਨ ਦੀ ਗਲ ਕਹੀ ਹੈ।

# ਸਿੱਖ ਬੱਸ ਡਰਾਈਵਰ ਦੇ ਗਾਣੇ ਨੇ ਅੰਗਰੇਜ਼ਾਂ ਨੂੰ ਵੀ ਨੱਚਣ ਲਈ ਕੀਤਾ ਮਜ਼ਬੂਰ

ਲੰਡਨ/ਏ.ਟੀ.ਨਿਊਜ਼ :- ਇੰਗਲੈਂਡ ਵਿੱਚ ਇੱਕ ਸਿੱਖ ਬੱਸ ਡਰਾਈਵਰ 59 ਸਾਲਾ ਵਿਅਕਤੀ ਰਣਜੀਤ ਸਿੰਘ ਨੇ ਅੱਜ ਕੱਲ੍ਹ ਆਪਣੇ ਗੀਤਾਂ ਨਾਲ ਤਹਿਲਕਾ ਮਚਾ ਦਿੱਤਾ ਹੈ। ਇਸ ਗੀਤ ਵਿੱਚ ਉਹ ਇੰਗਲੈਂਡ ਵਿੱਚ ਬੱਸ ਡਰਾਈਵਰ ਵਜੋਂ ਆਪਣੀ ਨੌਕਰੀ ਬਾਰੇ ਗੱਲ ਕਰਦਾ ਹੈ। ਇਸ ਗੀਤ ਨੂੰ ਲੋਕ ਕਾਫੀ ਪਸੰਦ ਕਰ ਰਹੇ ਹਨ। ਇਸ ਗੀਤ ਦੀ ਧੁਨ ਲੋਕਾਂ ਨੂੰ ਨੱਚਣ ਲਈ ਮਜ਼ਬੂਰ ਕਰ ਰਹੀ ਹੈ।

ਰਿਪੋਰਟਾਂ ਮੁਤਾਬਕ ਰਣਜੀਤ ਸਿੰਘ ਨੈਸ਼ਨਲ ਐਕਸਪ੍ਰੈਸ ਵੈਸਟ ਮਿਡਲੈਂਡਜ਼ ਦੇ ਵੈਸਟ ਬਰੋਮਵਿਚ ਡਿਪੂ ਵਿੱਚ ਕੰਮ ਕਰਦਾ ਹੈ। ਉਹ ਪਿਛਲੇ 13 ਸਾਲਾਂ ਤੋਂ ਇਸ ਫਰਮ ਲਈ ਕੰਮ ਕਰ ਰਿਹਾ ਹੈ। ਸਿੰਘ ਭਾਰਤ ਵਿੱਚ ਆਪਣੇ ਪਰਿਵਾਰ ਨੂੰ ਦਿਖਾਉਣਾ ਚਾਹੁੰਦਾ ਸੀ ਕਿ ਉਸਨੇ ਰੋਜ਼ੀ-ਰੋਟੀ ਲਈ ਕੀ ਕੀਤਾ ਹੈ ? ਇਸ ਲਈ ਉਸ ਨੇ ਆਪਣੇ ਕੁਝ ਦੋਸਤਾਂ ਨਾਲ ਇੱਕ ਵੀਡੀਓ ਗੀਤ ਰਿਕਾਰਡ ਕੀਤਾ। ਹੁਣ ਜਦੋਂ ਇਸ ਗੀਤ ਨੂੰ ਲੋਕ ਕਾਫੀ ਪਸੰਦ ਕਰ ਰਹੇ ਹਨ ਤਾਂ ਸਿੰਘ ਵੀ ਇਸ ਤੋਂ ਕਾਫੀ ਖੁਸ਼ ਹੈ।ਵੀਡੀਓ ਵਿੱਚ ਰਣਜੀਤ ਸਿੰਘ ਦੇ ਹੋਰ ਸਿੱਖ ਡਰਾਈਵਰਾਂ



ਦੇ ਨਾਲ ਬ੍ਰਿਟਿਸ਼ ਕਰਮਚਾਰੀ ਵੀ ਸ਼ਾਮਲ ਹਨ। ਰਣਜੀਤ ਸਿੰਘ ਦੀ ਇਸ ਵੀਡੀਓ ਨੂੰ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਵੀਡੀਓ ਵਿੱਚ ਰਣਜੀਤ ਸਿੰਘ ਦੇ ਹੋਰ ਸਿੱਖ ਡਰਾਈਵਰਾਂ ਦੇ ਨਾਲ ਬ੍ਰਿਟਿਸ਼ ਕਰਮਚਾਰੀ ਵੀ ਸ਼ਾਮਲ ਹਨ। ਰਣਜੀਤ ਸਿੰਘ ਦੀ ਇਸ ਵੀਡੀਓ ਨੂੰ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਗੀਤ ਰਾਹੀਂ ਉਹ ਸਾਰੇ ਧਰਮਾਂ ਦੀ ਬਰਾਬਰੀ ਦਾ ਸੰਦੇਸ਼ ਦੇ ਰਿਹਾ ਹੈ। ਉਹ ਆਪਣੇ ਗੀਤ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੂੰ ਮਿਲ ਕੇ ਕੰਮ ਕਰਨ ਦੀ ਗੱਲ ਕਰਦਾ ਹੈ। ਇਸ ਗੀਤ ਰਾਹੀਂ ਉਹ ਬਹੁ-ਸੱਭਿਆਚਾਰਕ ਬਰਤਾਨੀਆ ਦੀ ਤਸਵੀਰ ਬਿਆਨ ਕਰ ਰਿਹਾ ਹੈ ਤੇ ਸਾਰੇ ਧਰਮਾਂ ਦੀ ਬਰਾਬਰੀ ਦਾ ਸੰਦੇਸ਼ ਦੇ ਰਿਹਾ ਹੈ।

ਇਹ ਵੀਡੀਓ ਗੀਤ ਪੰਜਾਬੀ ਭਾਸ਼ਾ ਵਿੱਚ ਹੈ ਜੋ ਰਣਜੀਤ ਸਿੰਘ ਦੀ ਮੂਲ ਭਾਸ਼ਾ ਹੈ। ਇਸ ਨੂੰ ਸੁਣਨ ਤੋਂ ਬਾਅਦ ਲੋਕਾਂ ਨੇ ਹਾਂ-ਪੱਖੀ ਪ੍ਰਤੀਕਿਰਿਆਵਾਂ ਦਿੱਤੀਆਂ ਹਨ। ਸਿੰਘ ਨੇ ਕਿਹਾ ਕਿ ਟੀਮ ਭਾਵਨਾ ਕਾਰਨ ਇਹ ਸੰਭਵ ਹੋਇਆ ਹੈ। ਮੈਂ ਕੁਝ ਅਜਿਹਾ ਕਰਨਾ ਚਾਹੁੰਦਾ ਸੀ ਜੋ ਵੈਸਟ ਬਰੋਮਵਿਚ ਡਿਪੂ ਵਿਖੇ ਇਕੱਠੇ ਆਉਣ ਵਾਲੇ ਵੱਖ-ਵੱਖ ਭਾਈਚਾਰਿਆਂ ਦਾ ਇਕੱਠੇ ਜਸ਼ਨ ਮਨਾਵੇ। ਉਸ ਨੇ ਕਿਹਾ, ਮੇਰਾ ਹਮੇਸ਼ਾ ਤੋਂ ਇਹ ਸੁਪਨਾ ਰਿਹਾ ਹੈ ਕਿ ਮੈਂ ਆਪਣੀ ਨੌਕਰੀ ਬਾਰੇ ਵੀਡੀਓ ਗੀਤ ਬਣਾਵਾਂ, ਤਾਂ ਜੋ ਜਦੋਂ ਮੈਂ ਰਿਟਾਇਰ ਹੋਵਾਂ ਤਾਂ ਮੈਂ ਇਸ ਨੂੰ ਯਾਦ ਵਜੋਂ ਦੇਖ ਸਕਾਂ। ਮੈਂ ਯਾਦ ਰੱਖ ਸਕਾਂ ਕਿ ਅਸੀਂ ਆਪਣੇ ਦੋਸਤਾਂ ਨਾਲ ਬੱਸ ਕਿਵੇਂ ਚਲਾਉਂਦੇ ਸੀ।ਯੂ-ਟਿਊਬ ’ਤੇ ਅਪਲੋਡ ਕੀਤੀ ਗਈ ਕਰੀਬ 4 ਮਿੰਟ ਦੀ ਇਸ ਵੀਡੀਓ ਨੂੰ ਕਈ ਹਜ਼ਾਰ ਵਾਰ ਦੇਖਿਆ ਜਾ ਚੁੱਕਾ ਹੈ। ਪੰਜਾਬੀ ਵਿੱਚ ਗਾਏ ਗਏ ਇਸ ਗੀਤ ਨੂੰ ਅੰਗਰੇਜ਼ੀ ਸਬ-ਟਾਈਟਲ ਨਾਲ ਅਪਲੋਡ ਕੀਤਾ ਗਿਆ ਹੈ। ਇਸ ਵੀਡੀਓ ਬਾਰੇ ਨੈਸ਼ਨਲ ਐਕਸਪ੍ਰੈਸ ਵੈਸਟ ਮਿਡਲੈਂਡ ਦੇ ਡਾਇਰੈਕਟਰ ਡੇਵਿਡ ਬ੍ਰੈਡਫੋਰਡ ਦਾ ਕਹਿਣਾ ਹੈ ਕਿ ਸਾਡਾ ਸਟਾਫ ਅਸਲ ਵਿੱਚ ਸਾਡੀ ਸਭ ਤੋਂ ਵੱਡੀ ਸੰਪਤੀ ਹੈ। ਉਹ ਸਾਰੇ ਮਿਲ ਕੇ ਬਹੁਤ ਵਧੀਆ ਕੰਮ ਕਰਦੇ ਹਨ। ਕੰਪਨੀ ਦੇ ਕੰਮ ਪ੍ਰਤੀ ਉਨ੍ਹਾਂ ਲੋਕਾਂ ਦਾ ਜਜ਼ਬਾ ਸ਼ਲਾਘਾਯੋਗ ਹੈ।ਵੀਡੀਓ ਦੀ ਤਾਰੀਫ ’ਤੇ ਰਣਜੀਤ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਜੋ ਕੀਤਾ ਹੈ ਉਸ ’ਤੇ ਉਸ ਨੂੰ ਮਾਣ ਹੈ। ਰਣਜੀਤ ਸਿੰਘ ਨੈਸ਼ਨਲ ਐਕਸਪ੍ਰੈਸ ਵੈਸਟ ਮਿਡਲੈਂਡ ਵਿੱਚ ਪਿਛਲੇ 13 ਸਾਲਾਂ ਤੋਂ ਕੰਮ ਕਰ ਰਿਹਾ ਹੈ।

# ਅਮਰੀਕਾ ਵਿਚ ਰਹਿਣ ਵਾਲੇ 1% ਭਾਰਤੀ 6% ਟੈਕਸ ਦਿੰਦੇ ਨੇ

## ਭਾਰਤੀ ਕਾਨੂੰਨ ਦੀ ਪਾਲਣਾ ਕਰਦੇ ਹਨ, ਉਨ੍ਹਾਂ ਲਈ ਇਮੀਗ੍ਰੇਸ਼ਨ ਪ੍ਰਕਿਰਿਆ ਆਸਾਨ ਹੋਵੇਗੀ: ਅਮਰੀਕੀ ਸਾਂਸਦ
## ਅਮਰੀਕੀ ਪ੍ਰਸ਼ਾਸਨ ਵਿੱਚ 80 ਤੋਂ ਵੱਧ ਭਾਰਤੀ ਡਾਇਸਪੋਰਾ ਮਹੱਤਵਪੂਰਨ ਅਹੁਦਿਆਂ ’ਤੇ ਤਾਇਨਾਤ

ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀ 6% ਟੈਕਸ ਅਦਾ ਕਰਦੇ ਹਨ। ਅਮਰੀਕੀ ਸੰਸਦ ਮੈਂਬਰ ਰਿਚ ਮੈਕਕਾਰਮਿਕ ਨੇ ਪ੍ਰਤੀਨਿਧੀ ਸਭਾ ’ਚ ਆਪਣੇ ਪਹਿਲੇ ਭਾਸ਼ਣ ਵਿਚ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਭਾਰਤੀ ਅਮਰੀਕੀ ਅਬਾਦੀ ਦਾ 1% ਹਿੱਸਾ ਹਨ, ਪਰ ਟੈਕਸ 6% ਅਦਾ ਕਰਦੇ ਹਨ। ਜਾਰਜੀਆ ਦੇ ਸੰਸਦ ਮੈਂਬਰ ਰਿਚ ਮੈਕਕਾਰਮਿਕ ਨੇ ਕਿਹਾ- ਮੈਂ ਉਨ੍ਹਾਂ ਸਾਰੇ ਲੋਕਾਂ ਦਾ ਧੰਨਵਾਦ ਕਰਨਾ ਚਾਹਾਂਗਾ ਜੋ ਭਾਰਤ ਤੋਂ ਅਮਰੀਕਾ ਆਏ ਹਨ। ਜਾਰਜੀਆ ਵਿੱਚ ਇੱਕ ਲੱਖ ਦੇ ਕਰੀਬ ਲੋਕ ਭਾਰਤੀ ਹਨ। 5 ਵਿੱਚੋਂ ਇੱਕ ਭਾਰਤੀ ਡਾਕਟਰ ਹੈ। ਉਸ ਦੀ ਭੂਮਿਕਾ ਮਹੱਤਵਪੂਰਨ ਹੈ। ਇਹ ਬਹੁਤ ਵੱਡੀ ਗੱਲ ਹੈ। ਅਸੀਂ ਭਾਰਤੀਆਂ ਲਈ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਆਸਾਨ ਬਣਾਉਣ ਦੀ ਕੋਸ਼ਿਸ਼ ਕਰਾਂਗੇ।

ਬਿਡੇਨ ਪ੍ਰਸ਼ਾਸਨ ਵਿਚ 80 ਤੋਂ ਵੱਧ ਭਾਰਤੀ ਅਹਿਮ ਅਹੁਦਿਆਂ ’ਤੇ

ਰਿਚ ਨੇ ਕਿਹਾ- ਅਮਰੀਕੀ ਅਬਾਦੀ ਵਿੱਚ ਉਨ੍ਹਾਂ ਦਾ ਹਿੱਸਾ 1% ਹੈ, ਪਰ ਉਹ 6% ਟੈਕਸ ਅਦਾ ਕਰਦੇ ਹਨ। ਉਹ ਕਾਨੂੰਨ ਦੀ ਪਾਲਣਾ ਕਰਦੇ ਹਨ। ਉਨ੍ਹਾਂ ਦੀ ਉਤਪਾਦਕਤਾ ਉੱਚ ਹੈ ਅਤੇ ਉਹ ਕਿਸੇ ਕਿਸਮ ਦੀ ਸਮੱਸਿਆ ਪੈਦਾ ਨਹੀਂ ਕਰਦੇ ਹਨ। ਭਾਰਤੀ ਜ਼ਿਆਦਾਤਰ ਪਰਿਵਾਰ-ਮੁਖੀ ਹਨ। ਇਸ ਲਈ ਉਨ੍ਹਾਂ ਨੂੰ ਡਿਪਰੈਸ਼ਨ, ਚਿੰਤਾ ਵਰਗੀਆਂ ਸਮੱਸਿਆਵਾਂ ਨਹੀਂ ਹੁੰਦੀਆਂ। ਇਹ ਅਮਰੀਕੀਆਂ ਵਿੱਚ ਆਮ ਸਮੱਸਿਆਵਾਂ ਹਨ। ਸੰਯੁਕਤ ਰਾਸ਼ਟਰ ਦੀ ਇੰਟਰਨੈਸ਼ਨਲ ਮਾਈਗ੍ਰੇਸ਼ਨ ਰਿਪੋਰਟ ਮੁਤਾਬਕ ਦੁਨੀਆ ਵਿਚ ਲਗਭਗ 1.80 ਕਰੋੜ ਵਿਦੇਸ਼ੀ ਭਾਰਤੀ ਹਨ। ਇਨ੍ਹਾਂ ਵਿੱਚੋਂ 4.4 ਮਿਲੀਅਨ ਲੋਕ ਅਮਰੀਕਾ ਵਿੱਚ ਰਹਿੰਦੇ ਹਨ। ਕੈਲੀਫੋਰਨੀਆ, ਟੈਕਸਾਸ, ਨਿਊਜਰਸੀ, ਨਿਊਯਾਰਕ, ਇਲੀਨੋਇਸ ਵਿੱਚ ਉਨ੍ਹਾਂ ਦੀ ਅਬਾਦੀ ਸਭ ਤੋਂ ਵੱਧ ਹੈ। ਅਮਰੀਕੀ ਪ੍ਰਸ਼ਾਸਨ ਵਿੱਚ 80 ਤੋਂ ਵੱਧ ਭਾਰਤੀ ਮਹੱਤਵਪੂਰਨ ਅਹੁਦਿਆਂ ’ਤੇ ਤਾਇਨਾਤ ਹਨ।

# ਸੰਯੁਕਤ ਰਾਸ਼ਟਰ ਨੇ ਅਬਦੁਲ ਰਹਿਮਾਨ ਮੱਕੀ ਨੂੰ ਐਲਾਨਿਆ ਕੌਮਾਂਤਰੀ ਅੱਤਵਾਦੀ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਪਾਕਿ ਅੱਤਵਾਦੀ ਤੇ ਲਸ਼ਕਰ-ਏ-ਤਾਇਬਾ ਦੇ ਉਪ-ਮੁਖੀ ਅਬਦੁਲ ਰਹਿਮਾਨ ਮੱਕੀ ਨੂੰ ਕੌਮਾਂਤਰੀ ਅੱਤਵਾਦੀ ਐਲਾਨਿਆ ਹੈ। ਅਮਰੀਕਾ ਤੇ ਭਾਰਤ ਵਲੋਂ ਸਾਲ 2020 ਤੇ ਜੂਨ, 2022 ਦੌਰਾਨ ਸੰਯੁਕਤ ਰਾਸ਼ਟਰ ਵਿਚ ਅਬਦੁਲ ਰਹਿਮਾਨ ਮੱਕੀ ਨੂੰ ਕੌਮਾਂਤਰੀ ਅੱਤਵਾਦੀ ਐਲਾਨੇ ਜਾਣ ਦੀ ਮੰਗ ਕੀਤੀ ਗਈ ਸੀ, ਪਰ ਚੀਨ ਲਗਾਤਾਰ ਰੁਕਾਵਟ ਖੜ੍ਹੀ ਕਰ ਰਿਹਾ ਸੀ। ਮੱਕੀ ਨੂੰ ਪਾਕਿ ਸਰਕਾਰ ਨੇ 15 ਮਈ, 2019 ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਉਹ ਮੌਜੂਦਾ ਸਮੇਂ ਲਾਹੌਰ ਵਿਚ ਨਜ਼ਰਬੰਦ ਹੈ। ਮੱਕੀ



ਵਲੋਂ 26 ਨਵੰਬਰ, 2011 ਨੂੰ ਮੁੰਬਈ ਸਮੇਤ ਭਾਰਤ ਦੇ ਕਈ ਸ਼ਹਿਰਾਂ ਵਿਚ ਅੱਤਵਾਦੀ ਹਮਲੇ ਕਰਵਾਏ ਗਏ ਹਨ। ਉਸ ਨੂੰ ਲੰਘੀ 16 ਜਨਵਰੀ ਨੂੰ ਆਈ. ਐਸ. ਆਈ. ਐਲ. ਤੇ ਅਲ-ਕਾਇਦਾ ਨਾਲ ਜੁੜੇ ਹੋਣ, ਲਸ਼ਕਰ-ਏ-ਤਾਇਬਾ ਦੇ ਸਮਰਥਨ ਨਾਲ ਅੱਤਵਾਦ ਲਈ ਫੰਡਿਗ ਲੈਣ, ਸਾਜਿਸ਼ ਰਚਣ, ਸਾਜਿਸ਼ ਵਿਚ ਭਾਗੀਦਾਰੀ, ਅੱਤਵਾਦੀਆਂ ਦੀ ਭਰਤੀ ਵਰਗੇ ਕੰਮਾਂ ਵਿਚ ਸ਼ਾਮਿਲ ਹੋਣ ਲਈ ਸੂਚੀਬੱਧ ਕੀਤਾ ਗਿਆ ਸੀ। ਸੰਯੁਕਤ ਪ੍ਰੀਸ਼ਦ ਅਨੁਸਾਰ ਮੱਕੀ ਲਸ਼ਕਰ-ਏ-ਤਾਇਬਾ ਦੇ ਸਿਆਸੀ ਵਿੰਗ ਜਮਾਤ-ਉਦ-ਦਾਵਾ ਦਾ ਮੁਖੀ ਤੇ ਹਾਫ਼ਿਜ਼ ਸਈਦ ਦਾ ਸਾਲਾ ਹੈ।

ਭਾਰਤ ਨੇ ਅਬਦੁਲ ਰਹਿਮਾਨ ਮੱਕੀ ਨੂੰ ਕੌਮਾਂਤਰੀ ਅੱਤਵਾਦੀ ਐਲਾਨਣ ਦੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ ਤੇ ਕਿਹਾ ਹੈ ਕਿ ਖੇਤਰ ਵਿਚ ਅੱਤਵਾਦ ਦਾ ਖ਼ਤਰਾ ਬਣਿਆ ਹੋਇਆ ਹੈ ਤੇ ਸੰਯੁਕਤ ਰਾਸ਼ਟਰ ਸੁਰੱਖਿਆ

(ਬਾਕੀ ਸਫ਼ਾ 29 ’ਤੇ)

# ਅਮਰੀਕਾ, ਯੂ.ਕੇ., ਭਾਰਤ ਸਮੇਤ 29 ਦੇਸ਼ਾਂ ਵਿਚ ਫੈਲਿਆ ਕੋਰੋਨਾ ਦਾ ‘ਰਾਖਸ਼’ ਰੂਪ, ਸਭ ਤੋਂ ਤੇਜ਼ ਸੰਕਰਮਣ, WHO ਨੇ ਦਿੱਤੀ ਚੇਤਾਵਨੀ

ਵਾਸ਼ਿੰਗਟਨ/ਏ.ਟੀ.ਨਿਊਜ਼ :- ਦਾ ਗਾਰਡੀਅਨ ਡਾਟ ਕਾਮ ਅਨੁਸਾਰ ਕੋਰੋਨਾ ਦਾ XBB.1.5 ਸੰਸਕਰਣ ਹੁਣ ਦੁਨੀਆ ਦੇ 29 ਦੇਸ਼ਾਂ ਵਿੱਚ ਫੈਲ ਚੁੱਕਾ ਹੈ। ਇਸ ਦੌਰਾਨ, ਵਿਸ਼ਵ ਸਿਹਤ ਸੰਗਠਨ ਨੇ ਚੇਤਾਵਨੀ ਦਿੱਤੀ ਹੈ ਕਿ ਕੋਰੋਨਾ ਵਾਇਰਸ ਦਾ ਇਹ ‘ਕ੍ਰੈਕਨ ਜਾਂ ਸਮੁੰਦਰੀ ਰਾਖਸ਼ ਵੇਰੀਐਂਟ’ ਹੁਣ ਤੱਕ ਦਾ ਸਭ ਤੋਂ ਤੇਜ਼ੀ ਨਾਲ ਫੈਲਣ ਵਾਲਾ ਕੋਵਿਡ ਉਪ ਰੂਪ ਬਣ ਗਿਆ ਹੈ।



WHO ਨੇ ਕਿਹਾ ਕਿ ਸਾਨੂੰ ਖਦਸ਼ਾ ਹੈ ਕਿ ਆਉਣ ਵਾਲੇ ਸਮੇਂ ਵਿਚ ਦੁਨੀਆ ਵਿਚ ਕੋਰੋਨਾ ਦੀ ਹੋਰ ਸੁਨਾਮੀ ਆ ਸਕਦੀ ਹੈ। ਇਹ ਵੇਰੀਐਂਟ ਭਾਰਤ ਵਿੱਚ ਵੀ ਦਾਖਲ ਹੋ ਚੁੱਕਾ ਹੈ ਅਤੇ ਕਈ ਮਰੀਜ਼ ਪਾਏ ਗਏ ਹਨ।

ਕੋਰੋਨਾ ਵਾਇਰਸ ਦਾ ਨਵੀਨਤਮ ਉਪ ਰੂਪ ਵੀ ਓਮਿਕਰੋਨ ਤੋਂ ਲਿਆ ਗਿਆ ਹੈ ਜਿਸ ਨੂੰ ਅਧਿਕਾਰਤ ਤੌਰ ’ਤੇ XBB.1.5 ਦਾ ਨਾਮ ਦਿੱਤਾ ਗਿਆ ਹੈ। ਇਸ ਵੇਰੀਐਂਟ ਨੇ ਪਹਿਲਾਂ ਹੀ ਪੂਰੇ ਅਮਰੀਕਾ ਵਿੱਚ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ ਹੈ। ਅਮਰੀਕਾ ਵਿੱਚ ਕੁੱਲ ਨਵੇਂ ਕੋਰੋਨਾ ਇਨਫੈਕਸ਼ਨਾਂ ਵਿੱਚੋਂ 70 ਫੀਸਦੀ ਇਸ ਵੇਰੀਐਂਟ ਕਾਰਨ ਹਨ। ਇਸ ਵੇਰੀਐਂਟ ਕਾਰਨ ਹਰ 10 ਵਿੱਚੋਂ 4 ਲੋਕ ਸੰਕਰਮਿਤ ਹੋਏ ਹਨ। ਇਹ ਵਾਇਰਸ ਹੁਣ ਬ੍ਰਿਟੇਨ ਵਿਚ ਵੀ ਤੇਜ਼ੀ ਨਾਲ ਫੈਲ ਰਿਹਾ ਹੈ। ਹਾਲਾਂਕਿ ਮਾਹਿਰਾਂ ਦਾ ਕਹਿਣਾ ਹੈ ਕਿ XBB.1.5 ਵੇਰੀਐਂਟ ਆਪਣੇ ਪੂਰਵਜ ਓਮਿਕਰੋਨ ਅਤੇ ਹੋਰ ਵੇਰੀਐਂਟਸ ਤੋਂ ਵੀ ਹਲਕਾ ਹੈ।

ਡਬਲਯੂਐਚਓ ਦੇ ਕੋਰੋਨਾ ਬਾਰੇ ਡਾਕਟਰ ਮਾਰੀਆ ਵਾਨ ਕੇਰਖੋਵ ਨੇ ਕਿਹਾ, ਅਸੀਂ ਖਾਸ ਤੌਰ ’ਤੇ ਅਮਰੀਕਾ ਅਤੇ ਯੂਰਪ ਵਿੱਚ ਇਸ ਦੇ ਤੇਜ਼ੀ ਨਾਲ ਫੈਲਣ ਨੂੰ ਲੈ ਕੇ ਚਿੰਤਤ ਹਾਂ। ਅਮਰੀਕਾ ਦੇ ਉੱਤਰੀ ਪੂਰਬੀ ਖੇਤਰ ਵਿਚXBB.1.5 ਤੇਜ਼ੀ ਨਾਲ ਦੂਜੇ ਰੂਪਾਂ ਨੂੰ ਪਿੱਛੇ ਛੱਡ ਰਿਹਾ ਹੈ। ਸਾਡੀ ਚਿੰਤਾ ਇਸ ਬਾਰੇ ਹੈ ਕਿ ਇਸਦੀ ਕਿੰਨੀ ਲਾਗ ਫੈਲ ਸਕਦੀ ਹੈ।

ਅਮਰੀਕਾ ਦੇ ਸੀਡੀਸੀ ਦੇ ਅੰਕੜੇ ਦੱਸ ਰਹੇ ਹਨ ਕਿ ਇਸ ਤਣਾਅ ਦੇ ਕਾਰਨ ਅਮਰੀਕਾ ਵਿੱਚ 41 ਪ੍ਰਤੀਸ਼ਤ ਮਾਮਲੇ ਸਾਹਮਣੇ ਆਏ ਹਨ। ਮਾਹਿਰ ਚਿੰਤਤ ਹਨ ਕਿ XBB.1.5 ਦਾ ਤੇਜ਼ੀ ਨਾਲ ਫੈਲਣਾ ਕਰੋਨਾ ਦੇ ਬਦਲਵੇਂ ਰੂਪ ਕਾਰਨ ਹੋ ਸਕਦਾ ਹੈ ਜੋ ਲੋਕਾਂ ਨੂੰ ਤੇਜ਼ੀ ਨਾਲ ਸੰਕਰਮਿਤ ਕਰ ਸਕਦਾ ਹੈ। ਇਸ ਦੇ ਨਾਲ ਹੀ ਵੈਕਸੀਨ ਦੁਆਰਾ ਦਿੱਤੀ ਜਾਣ ਵਾਲੀ ਸੁਰੱਖਿਆ ਨੂੰ ਵੀ ਬੇਅਸਰ ਕਰ ਸਕਦਾ ਹੈ।

ਯੂ.ਕੇ. ਦੇ ਵਾਇਰਲੋਜਿਸਟ ਪ੍ਰੋਫੈਸਰ ਲਾਰੈਂਸ ਯੌਂਗ ਨੇ ਕਿਹਾ ਕਿ ਇਹ XBB.1.5 ਵੇਰੀਐਂਟ ਬਹੁਤ ਛੂਤਕਾਰੀ ਹੈ ਅਤੇ ਇਸ ਕਾਰਨ ਨਿਊਯਾਰਕ ਦੇ ਹਸਪਤਾਲਾਂ ਵਿੱਚ ਭੀੜ ਵਧ ਰਹੀ ਹੈ। ਇਹ ਖਾਸ ਤੌਰ ’ਤੇ ਬਜ਼ੁਰਗਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਅਮਰੀਕਾ ਵਿਚ ਕੜਾਕੇ ਦੀ ਠੰਡ ਅਤੇ ਲੋਕ ਮਾਸਕ ਨਾ ਪਾਉਣ ਕਾਰਨ ਕੋਰੋਨਾ ਦੇ ਮਾਮਲੇ ਵੱਧ ਰਹੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot Kaur Designer: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸੱਚ, ਮਿੱਥ ਤੇ ਇਤਿਹਾਸਕ ਸੰਦਰਭ 'ਚ 'ਨਿਊ ਵਰਲਡ ਆਰਡਰ'

# ਮਿੱਥ ਦਾ ਭਰਮ ਅਤੇ ਸੱਚ ਦਾ ਗਿਆਨ

## ਸਾਜਿਸ਼ ਸਿਧਾਂਤ (Conspiracy Theory) ਅਤੇ ਸ਼ਬਦ ਦਾ ਅਰਥ

ਸਰਬਜੀਤ ਕੌਰ ਸਰਬ

ਭਾਗ-3

**(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)**

'ਨਿਊ ਵਰਲਡ ਆਰਡਰ' ਬਾਰੇ ਜੋ ਲਿਖਿਆ ਤੇ ਪ੍ਰਚਾਰ ਕੀਤਾ ਜਾ ਰਿਹਾ ਹੈ ਉਸ ਬਾਰੇ ਕੋਈ ਵੀ ਠੋਸ ਸਮੱਗਰੀ ਕਿਸੇ ਵੀ ਇਕ ਪੱਖ ਨੂੰ ਲੈ ਕੇ ਨਹੀਂ ਹੈ। ਇਸ 'ਚ ਹਰ ਪੱਖ ਧਰਮ, ਸਿਆਸੀ ਜਾ ਆਮ ਲੋਕਾਂ ਦੀ ਆਪਣੀ ਰਾਏ ਦਾ ਹੋਵੇ ਉਨ੍ਹਾਂ ਸਾਰਿਆ ਨੂੰ ਸ਼ਾਮਿਲ ਕੀਤਾ ਗਿਆ ਹੈ। ਦੁਨੀਆਂ ਵਿਚ ਪੈਦਾ ਹੋਈ ਇਸ ਵੱਖਰੀ ਸ਼ੈਅ ਨੇ ਇਨਸਾਨ ਨੂੰ ਇਹ ਸੋਚਣ ਲਈ ਮਜ਼ਬੂਰ ਕ ਦਿੱਤਾ ਹੈ ਕਿ ਇਸ ਸੰਸਾਰ ਦਾ ਜੇਕਰ ਅੰਤ ਹੁੰਦਾ ਹੈ ਤਾਂ ਉਹ ਕੁਦਰਤ ਕਰੇਗੀ ਜਾ ਕੋਈ ਸ਼ੈਤਾਨ। ਭਰਮ ਭੁਲੇਖੇ ਤੇ ਮਿੱਥ ਦੇ ਇਤਿਹਾਸ ਵਿਚ ਇਹ ਇਕ ਨਵਾਂ ਪੜਾਅ ਹੈ। ਧਰਮ ਮੰਨਦਾ ਹੈ ਸੰਸਾਰ ਨੂੰ ਕੋਈ ਅਣਦਿੱਖ ਸ਼ਕਤੀ ਚਲਾ ਰਹੀ ਹੈ ਪਰ ਵਿਗਿਆਨ ਆਪਣੇ ਤਰਕ ਨਾਲ ਸੋਚਦਾ ਹੈ, ਕੁਝ ਵੀ ਹੈ ਪਰ ਦੁਨੀਆਂ ਨੂੰ ਚਲਾਉਣ ਵਾਲਾ ਉਹ ਬ੍ਰਿਹਮੰਡ 'ਚ ਮੌਜੂਦ ਹੈ। ਸੋ ਇਸ ਕੜੀ ਦੇ ਦੋ ਭਾਗ ਹਨ ਜਿਨ੍ਹਾਂ ਨੂੰ ਸੰਖੇਪ ਰੂਪ ਵਿਚ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੀ ਸਮੱਗਰੀ ਦਾ ਸਰੋਤ ਇੰਟਰਨੈਟ ਹੈ ਜਿੱਥੇ ਨਿਊ ਵਰਲਡ ਆਰਡਰ ਦੇ ਸੰਬੰਧ 'ਚ ਮਹਿਰਾਂ ਵੱਲੋਂ ਆਪਣੀ ਰਾਏ ਦਿੱਤੀ ਗਈ ਹੈ।

### 'ਸਾਜ਼ਿਸ਼ ਸਿਧਾਂਤ' (Conspiracy theory)

'ਸਾਜ਼ਿਸ਼ ਸਿਧਾਂਤ' ਇੱਕ ਛੋਟੇ ਸ਼ਕਤੀਸ਼ਾਲੀ ਸਮੂਹ ਦੀਆਂ ਕਾਰਵਾਈਆਂ ਦੇ ਨਤੀਜੇ ਵਜੋਂ ਨੁਕਸਾਨਦੇਹ ਜਾਂ ਦੁਖਦਾਈ ਘਟਨਾਵਾਂ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਦਾ ਨਾਮ ਹੈ ਤੇ ਅਜਿਹੀਆਂ ਵਿਆਖਿਆਵਾਂ ਉਨ੍ਹਾਂ ਘਟਨਾਵਾਂ ਦੇ ਆਲੇ ਦੁਆਲੇ ਪ੍ਰਵਾਨਿਤ ਬਿਰਤਾਂਤ ਨੂੰ ਰੱਦ ਕਰਦੀਆਂ ਹਨ ਜਿਨ੍ਹਾਂ 'ਚ ਸਰਕਾਰੀ ਸੰਸਕਰਣ ਨੂੰ ਸਾਜ਼ਿਸ਼ ਦੇ ਹੋਰ ਸਬੂਤ ਵਜੋਂ ਦੇਖਿਆ ਜਾ ਸਕਦਾ ਹੈ। ਜੰਗਾਂ ਅਤੇ ਆਰਥਿਕ ਉਦਾਸੀ ਦੇ ਸਮੇਂ ਅਤੇ ਸੁਨਾਮੀ, ਭੁਚਾਲ, ਅਤੇ ਮਹਾਂਮਾਰੀ ਵਰਗੀਆਂ ਕੁਦਰਤੀ ਆਫ਼ਤਾਂ ਦੇ ਨਤੀਜੇ ਵਜੋਂ, ਵਿਆਪਕ ਚਿੰਤਾ, ਅਨਿਸ਼ਚਿਤਤਾ, ਜਾਂ ਕਠਿਨਾਈ ਦੇ ਦੌਰ ਵਿੱਚ ਸਾਜ਼ਿਸ਼ ਦੇ ਸਿਧਾਂਤ ਪ੍ਰਚਲਿਤ ਹੁੰਦੇ ਹਨ। ਇਸ ਤੱਥ ਦਾ ਸਬੂਤ ਸਾਜ਼ਿਸ਼ ਦੇ ਸਿਧਾਂਤਾਂ ਦੀ ਭਰਪੂਰਤਾ ਤੋਂ ਮਿਲਦਾ ਹੈ ਜੋ 2001 ਵਿੱਚ 11 ਸਤੰਬਰ ਦੇ ਹਮਲਿਆਂ ਤੋਂ ਬਾਅਦ ਅਤੇ ਯੂ.ਐੱਸ. ਪ੍ਰੈੱਸ 'ਤੇ 2,000 ਤੋਂ ਵੱਧ ਖੰਡਾਂ ਦੁਆਰਾ ਸਾਹਮਣੇ ਆਇਆ ਸੀ। ਜੌਹਨ ਐਫ ਕੈਨੇਡੀ ਦੀ ਹੱਤਿਆ ਨੇ ਇਹ ਸੁਝਾਅ ਦਿੱਤਾ, ਕਿ ਸਾਜ਼ਿਸ਼ਵਾਦੀ ਸੋਚ ਸਮਾਜਿਕ ਸ਼ਕਤੀਆਂ ਨੂੰ ਸਮਝਾਉਣ ਦੀ ਇੱਕ ਮਜ਼ਬੂਤ ਮਨੁੱਖੀ ਇੱਛਾ ਦੁਆਰਾ ਚਲਾਈ ਜਾਂਦੀ ਹੈ ਜੋ ਸਵੈ-ਪ੍ਰਸੰਗਿਕ, ਮਹੱਤਵਪੂਰਨ ਅਤੇ ਧਮਕੀ ਭਰੀਆਂ ਹਨ।

ਕੁਝ ਲੋਕਾਂ ਦਾ ਮੰਨਣਾ ਹੈ ਕਿ, ਸਾਜ਼ਿਸ਼ ਦੇ ਸਿਧਾਂਤਾਂ ਦੀ ਸਮੱਗਰੀ ਭਾਵਨਾਤਮਕ ਤੌਰ 'ਤੇ ਲੱਦੀ ਗਈ ਹੈ ਪਰ ਇਸਦੀ ਕਥਿਤ ਖੋਜ ਸੰਤੁਸ਼ਟੀਜਨਕ ਹੋ ਸਕਦੀ ਹੈ। ਸਾਜ਼ਿਸ਼ ਦੇ ਸਿਧਾਂਤਾਂ ਦੀ ਪੁਸ਼ਟੀ ਕਰਨ ਲਈ ਪ੍ਰਮਾਣਿਕ ਮਾਪਦੰਡ ਆਮ ਤੌਰ 'ਤੇ ਕਮਜ਼ੋਰ ਤੇ ਝੂਠ ਦੇ ਪ੍ਰਤੀ ਰੋਧਕ ਹੁੰਦੇ ਹਨ। ਸਾਜ਼ਿਸ਼ ਦੇ ਸਿਧਾਂਤਾਂ ਤੋਂ ਬਚਣ ਦੀ ਯੋਗਤਾ ਮਨੋਵਿਗਿਆਨਕ ਪੱਖਪਾਤ ਅਤੇ ਅਧਿਕਾਰਤ ਸਰੋਤਾਂ ਦੀ ਅਵਿਸ਼ਵਾਸ ਦੁਆਰਾ ਸਹਾਇਤਾ ਕੀਤੀ ਜਾ ਸਕਦੀ ਹੈ।

ਇੱਥੇ ਬਹੁਤ ਸਾਰੇ ਪ੍ਰਣਾਲੀਗਤ ਸਾਜ਼ਿਸ਼ ਸਿਧਾਂਤ ਹਨ ਜਿਨ੍ਹਾਂ ਦੁਆਰਾ ਇੱਕ ਨਿਊ ਵਰਲਡ ਆਰਡਰ ਦੀ ਧਾਰਨਾ ਨੂੰ ਦੇਖਿਆ ਜਾਂਦਾ ਹੈ। ਸਾਜ਼ਿਸ਼ ਸਿਧਾਂਤ ਇੱਕ ਘਟਨਾ ਜਾਂ ਸਥਿਤੀ ਲਈ ਇੱਕ ਵਿਆਖਿਆ ਹੈ ਜੋ ਸ਼ਕਤੀਸ਼ਾਲੀ ਜਾਂ ਭਿਆਨਕ ਸਮੂਹਾਂ ਦੁਆਰਾ ਇੱਕ ਸਾਜ਼ਿਸ਼ ਦੀ ਮੌਜੂਦਗੀ ਦਾ ਦਾਅਵਾ ਕਰਦੀ ਹੈ, ਜਿਸ ਦੀ ਅਕਸਰ ਪ੍ਰੇਰਣਾ ਵਿੱਚ ਸਿਆਸਤ ਹੁੰਦੀ ਹੈ, ਖਾਸ ਤੌਰ 'ਤੇ ਜਦੋਂ ਹੋਰ ਸਪੱਸ਼ਟੀਕਰਨ ਵਧੇਰੇ ਸੰਭਾਵਿਤ




ਕੁਝ ਲੋਕਾਂ ਦਾ ਮੰਨਣਾ ਹੈ ਕਿ, ਸਾਜ਼ਿਸ਼ ਦੇ ਸਿਧਾਂਤਾਂ ਦੀ ਸਮੱਗਰੀ ਭਾਵਨਾਤਮਕ ਤੌਰ 'ਤੇ ਲੱਦੀ ਗਈ ਹੈ ਪਰ ਇਸਦੀ ਕਥਿਤ ਖੋਜ ਸੰਤੁਸ਼ਟੀਜਨਕ ਹੋ ਸਕਦੀ ਹੈ। ਸਾਜ਼ਿਸ਼ ਦੇ ਸਿਧਾਂਤਾਂ ਦੀ ਪੁਸ਼ਟੀ ਕਰਨ ਲਈ ਪ੍ਰਮਾਣਿਕ ਮਾਪਦੰਡ ਆਮ ਤੌਰ 'ਤੇ ਕਮਜ਼ੋਰ ਤੇ ਝੂਠ ਦੇ ਪ੍ਰਤੀ ਰੋਧਕ ਹੁੰਦੇ ਹਨ। ਸਾਜ਼ਿਸ਼ ਦੇ ਸਿਧਾਂਤਾਂ ਤੋਂ ਬਚਣ ਦੀ ਯੋਗਤਾ ਮਨੋਵਿਗਿਆਨਕ ਪੱਖਪਾਤ ਅਤੇ ਅਧਿਕਾਰਤ ਸਰੋਤਾਂ ਦੀ ਅਵਿਸ਼ਵਾਸ ਦੁਆਰਾ ਸਹਾਇਤਾ ਕੀਤੀ ਜਾ ਸਕਦੀ ਹੈ।

ਹੁੰਦੇ ਹਨ। ਸਾਜ਼ਿਸ਼ ਸਿਧਾਂਤ ਸ਼ਬਦ ਦਾ ਆਮ ਤੌਰ 'ਤੇ ਨਕਾਰਾਤਮਕ ਅਰਥ ਹੁੰਦਾ ਹੈ, ਜੋ ਕਿ ਸਾਜ਼ਿਸ਼ ਸਿਧਾਂਤ ਦੀ ਅਪੀਲ ਪੱਖਪਾਤ, ਭਾਵਨਾਤਮਕ ਵਿਸ਼ਵਾਸ, ਅਤੇ ਨਾਕਾਫ਼ੀ ਸਬੂਤਾਂ 'ਤੇ ਆਧਾਰਤ ਹੈ। ਸਾਜ਼ਿਸ਼ ਸਿਧਾਂਤ ਇੱਕ ਸਾਜ਼ਿਸ਼ ਤੋਂ ਵੱਖਰਾ ਹੈ, ਇਹ ਖਾਸ ਵਿਸ਼ੇਸ਼ਤਾਵਾਂ ਦੇ ਨਾਲ ਇੱਕ ਪਰਿਕਲਪਨਾ ਵਾਲੀ ਸਾਜ਼ਿਸ਼ ਦਾ ਹਵਾਲਾ ਦਿੰਦਾ ਹੈ, ਜਿਸ ਵਿੱਚ ਵਿਗਿਆਨੀਆਂ ਜਾਂ ਇਤਿਹਾਸਕਾਰਾਂ ਵਰਗੇ ਇਸਦੀ ਸ਼ੁੱਧਤਾ ਦਾ ਮੁਲਾਂਕਣ ਕਰਨ ਦੇ ਯੋਗ ਲੋਕਾਂ ਵਿੱਚ ਮੁੱਖ ਧਾਰਾ ਦੀ ਸਹਿਮਤੀ ਦਾ ਵਿਰੋਧ ਕਰਦੇ ਹਨ ਪਰ ਇਹ ਇਸ ਤੱਕ ਹੀ ਸੀਮਿਤ ਨਹੀਂ ਹੈ।




ਸਾਜ਼ਿਸ਼ ਦੇ ਸਿਧਾਂਤ ਆਮ ਤੌਰ 'ਤੇ ਝੂਠ ਦਾ ਵਿਰੋਧ ਕਰਨ ਲਈ ਤਿਆਰ ਕੀਤੀ ਸਮੱਗਰੀ ਹੈ ਜਿਸ ਨੂੰ ਸਰਕੂਲਰ ਤਰਕ ਦੁਆਰਾ ਮਜ਼ਬੂਤ ਕੀਤਾ ਗਿਆ ਹੈ। ਸਾਜ਼ਿਸ਼ ਦੇ ਵਿਰੁੱਧ ਸਬੂਤ ਅਤੇ ਸਬੂਤਾਂ ਦੀ ਅਣਹੋਂਦ ਨੂੰ ਇਸਦੀ ਸੱਚਾਈ ਦੇ ਸਬੂਤ ਵਜੋਂ ਗਲਤ ਸਮਝਿਆ ਜਾਂਦਾ ਹੈ ਜੋ ਸਾਜ਼ਿਸ਼ ਵਿਸ਼ਵਾਸ ਦਾ ਵਿਸ਼ਾ ਬਣ ਜਾਂਦਾ ਅਤੇ ਕੁਝ ਅਜਿਹਾ ਜੋ ਸਾਬਤ ਜਾਂ ਗਲਤ ਸਾਬਤ ਕੀਤਾ ਜਾ ਸਕਦਾ ਹੈ। ਅਧਿਐਨਾਂ ਨੇ ਸਾਜ਼ਿਸ਼ ਸਿਧਾਂਤਾਂ ਵਿੱਚ ਵਿਸ਼ਵਾਸ ਨੂੰ ਅਥਾਰਟੀ ਦੇ ਅਵਿਸ਼ਵਾਸ ਅਤੇ ਸਿਆਸੀ ਸਨਕੀਵਾਦ ਨਾਲ ਜੋੜਿਆ ਹੈ। ਕੁਝ ਖੋਜਕਰਤਾਵਾਂ ਦਾ ਸੁਝਾਅ ਹੈ ਕਿ ਸਾਜ਼ਿਸ਼ਵਾਦੀ ਵਿਚਾਰਧਾਰਾ-ਸਾਜ਼ਿਸ਼ ਦੇ ਸਿਧਾਂਤਾਂ ਵਿੱਚ ਵਿਸ਼ਵਾਸ-ਮਨੋਵਿਗਿਆਨਕ ਤੌਰ 'ਤੇ ਨੁਕਸਾਨਦੇਹ ਜਾਂ ਰੋਗ ਸੰਬੰਧੀ ਹੋ ਸਕਦਾ ਹੈ ਅਤੇ ਇਹ ਇਕ ਨਿਮਨ ਵਿਸ਼ਲੇਸ਼ਣਾਤਮਕ ਸੋਚ, ਘੱਟ ਬੁੱਧੀ, ਮਨੋਵਿਗਿਆਨਕ ਪ੍ਰੋਜੈਕਸ਼ਨ, ਪਾਰਾਨੋਇਆ ਅਤੇ ਮੈਕੀਆਵੇਲਿਅਨਿਜ਼ਮ ਨਾਲ ਸਬੰਧਿਤ ਹੈ। ਮਨੋਵਿਗਿਆਨੀ ਆਮ ਤੌਰ 'ਤੇ ਸਾਜ਼ਿਸ਼ ਦੇ ਸਿਧਾਂਤਾਂ ਨੂੰ ਵਿਸ਼ਵਾਸ ਅਤੇ ਕਈ ਮਨੋਵਿਗਿਆਨਕ ਸਥਿਤੀਆਂ ਜਿਵੇਂ ਕਿ ਪੈਰਾਨੋਆ, ਸਕਾਈਜ਼ੋਟਾਈਪੀ, ਨਾਰਸੀਸਿਜ਼ਮ, ਅਤੇ ਅਸੁਰੱਖਿਅਤ ਲਗਾਵ, ਜਾਂ 'ਭਰਮ ਪੈਟਰਨ ਧਾਰਨਾ' ਕਹਿੰਦੇ ਹਨ। ਹਾਲਾਂਕਿ, ਇੱਕ 2020 ਸਮੀਖਿਆ ਲੇਖ ਵਿੱਚ ਪਾਇਆ ਗਿਆ ਹੈ ਕਿ ਜ਼ਿਆਦਾਤਰ ਬੋਧਾਤਮਕ ਵਿਗਿਆਨੀ ਸਾਜ਼ਿਸ਼ ਦੇ ਇਸ ਸਿਧਾਂਤ ਨੂੰ ਆਮ ਤੌਰ 'ਤੇ ਗੈਰ-ਵਿਗਿਆਨਕ ਸਮਝਦੇ ਹਨ, ਕਿਉਂਕਿ ਸਾਜ਼ਿਸ਼ ਵਿੱਚ ਬੇਬੁਨਿਆਦ ਵਿਸ਼ਵਾਸ ਇਤਿਹਾਸਕ ਅਤੇ ਸਮਕਾਲੀ ਦੋਵਾਂ ਸਭਿਆਚਾਰਾਂ ਵਿੱਚ ਆਮ ਹੈ ਜੋ ਸਮੂਹਿਕ ਏਕਤਾ, ਅਤੇ ਧਰਮ ਪ੍ਰਤੀ ਜਨਮਤ ਮਨੁੱਖੀ ਪ੍ਰਵਿਰਤੀਆਂ ਤੋਂ ਪੈਦਾ ਹੋ ਸਕਦਾ ਮੰਨਿਆ ਗਿਆ ਹੈ।

ਇਤਿਹਾਸਕ ਤੌਰ 'ਤੇ, ਸਾਜ਼ਿਸ਼ ਦੇ ਸਿਧਾਂਤ ਪੱਖਪਾਤ, ਪ੍ਰਚਾਰ, ਜਾਦੂਗਰੀ, ਯੁੱਧਾਂ ਅਤੇ ਨਸਲਕੁਸ਼ੀ ਨਾਲ ਨੇੜਿਓਂ ਜੁੜੇ ਹੋਏ ਸਨ। ਉਹ ਅਕਸਰ ਅੱਤਵਾਦੀ ਹਮਲਿਆਂ ਦੇ ਦੋਸ਼ੀਆਂ ਦੁਆਰਾ ਮਜ਼ਬੂਤੀ ਨਾਲ ਵਿਸ਼ਵਾਸ ਕੀਤੇ ਜਾਂਦੇ ਮੰਨੇ ਗਏ ਸਨ। ਇਸ ਸਿਧਾਂਤ ਨੂੰ ਟਿਮੋਥੀ ਮੈਕਵੀ ਅਤੇ ਐਂਡਰਸ ਬ੍ਰੀਵਿਕ ਦੁਆਰਾ ਨਾਜ਼ੀ ਜਰਮਨੀ, ਸੋਵੀਅਤ ਸੰਘ, ਅਤੇ ਤੁਰਕੀ ਵਰਗੀਆਂ ਸਰਕਾਰਾਂ ਦੁਆਰਾ ਜਾਇਜ਼ ਠਹਿਰਾਉਣ ਲਈ ਵਰਤਿਆ ਜਾਂਦਾ ਸੀ ਇਸ ਤੋਂ ਇਲਾਵਾ, ਦੱਖਣੀ ਅਫ਼ਰੀਕਾ ਦੀ ਸਰਕਾਰ ਦੁਆਰਾ ਏਡਜ਼ ਤੋਂ ਇਨਕਾਰ, ਸਾਜ਼ਿਸ਼ ਦੇ ਸਿਧਾਂਤਾਂ ਦੁਆਰਾ ਪ੍ਰੇਰਿਤ ਸੀ ਜੋ ਬਾਅਦ ਵਿਚ ਏਡਜ਼ ਤੋਂ ਅੰਦਾਜ਼ਨ 330,000 ਮੌਤਾਂ ਦਾ ਕਾਰਨ ਬਣੀਆਂ। QAnon ਅਤੇ 2020 ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਬਾਰੇ ਇਨਕਾਰ ਕਰਨ ਕਾਰਨ 6 ਜਨਵਰੀ ਨੂੰ ਯੂਨਾਈਟਿਡ ਸਟੇਟਸ ਕੈਪੀਟਲ ਹਮਲਾ ਇਸ ਸਿਧਾਂਤ ਤੋਂ ਪ੍ਰੇਰਿਤ ਮੰਨਿਆ ਜਾਂਦਾ ਹੈ। ਦੂਜੇ ਪਾਸੇ ਜੈਨੇਟਿਕ ਤੌਰ 'ਤੇ ਸੋਧੇ ਹੋਏ ਭੋਜਨਾਂ ਬਾਰੇ ਜ਼ੈਂਬੀਆ ਦੀ ਸਰਕਾਰ ਨੂੰ ਇੱਕ ਅਕਾਲ ਦੇ ਦੌਰਾਨ ਭੋਜਨ ਸਹਾਇਤਾ ਨੂੰ ਰੱਦ ਕਰਨ ਦੀ ਅਗਵਾਈ ਵੀ ਇਸ ਸਿਧਾਂਤ ਦਾ ਹਿੱਸਾ ਮੰਨੀ ਜਾਂਦੀ ਹੈ ਜਿਸ ਸਮੇਂ ਦੇਸ਼ ਵਿੱਚ 30 ਲੱਖ ਲੋਕ ਭੁੱਖਮਰੀ ਨਾਲ ਪੀੜਤ ਸਨ।ਸਾਜ਼ਿਸ਼ ਦੇ ਸਿਧਾਂਤਾਂ ਦੇ ਹੋਰ ਪ੍ਰਭਾਵਾਂ ਵਿੱਚ ਵਿਗਿਆਨਕ ਸਬੂਤਾਂ ਵਿਚ ਵਿਸ਼ਵਾਸ ਘਟਣਾ, ਕੱਟੜਪੰਥੀ ਸਮੂਹਾਂ ਦੀ ਵਿਚਾਰਧਾਰਕ ਮਜ਼ਬੂਤੀ, ਅਤੇ ਆਰਥਿਕਤਾ ਲਈ ਨਕਾਰਾਤਮਕ ਨਤੀਜੇ ਵੀ ਸ਼ਾਮਲ ਸਨ।

20ਵੀਂ ਸਦੀ ਦੇ ਅੰਤ ਅਤੇ 21ਵੀਂ ਸਦੀ ਦੇ ਸ਼ੁਰੂ ਵਿੱਚ ਇਹ ਇੱਕ ਸੱਭਿਆਚਾਰਕ ਵਰਤਾਰੇ ਵਜੋਂ ਉੱਭਰ ਕੇ, ਮਾਸ ਮੀਡੀਆ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਰਾਹੀਂ ਆਮ ਲੋਕਾਂ ਵਿਚ ਆਇਆ। ਇਸ ਦੇ ਅਗਵਾਈਕਾਰ ਦੁਨੀਆ ਭਰ ਵਿੱਚ ਫੈਲੇ ਹੋਏ ਹਨ ਅਤੇ ਅਕਸਰ ਮੰਨਿਆ ਜਾਂਦਾ ਹੈ ਕਿ ਕੁਝ ਤਾਂ ਬਹੁਗਿਣਤੀ ਆਬਾਦੀ ਇਸ ਦੇ ਪ੍ਰਭਾਵ ਵਿਚ ਹੈ। ਸਾਜ਼ਿਸ਼ ਵਿਸ਼ਵਾਸਾਂ ਦੀ ਮੌਜੂਦਗੀ ਨੂੰ ਘਟਾਉਣ ਲਈ ਦਖਲਅੰਦਾਜ਼ੀ ਵਿੱਚ ਇੱਕ ਖੁੱਲ੍ਹੇ ਸਮਾਜ ਨੂੰ ਕਾਇਮ ਰੱਖਣਾ ਅਤੇ ਆਮ ਲੋਕਾਂ ਦੇ ਵਿਸ਼ਲੇਸ਼ਣਾਤਮਕ ਸੋਚ ਦੇ ਹੁਨਰ ਵਿੱਚ ਸੁਧਾਰ ਕਰਨਾ ਇਸ ਹਿੱਸੇ ਵਿਚ ਸ਼ਾਮਲ ਹੈ।

### ਸਾਜ਼ਿਸ਼ ਸਿਧਾਂਤ ਸ਼ਬਦ ਦੀ ਵਰਤੋਂ

ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਨੇ ਸਾਜ਼ਿਸ਼ ਸਿਧਾਂਤ ਨੂੰ 'ਉਸ ਸਿਧਾਂਤ ਵਜੋਂ ਪਰਿਭਾਸ਼ਤ ਕੀਤਾ ਹੈ ਕਿ ਕੋਈ ਘਟਨਾ ਜਾਂ ਵਰਤਾਰਾ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਵਿਚਕਾਰ ਸਾਜ਼ਿਸ਼ ਦੇ ਨਤੀਜੇ ਵਜੋਂ ਵਾਪਰਦਾ ਹੈ, ਇਹ ਇਕ ਵਿਸ਼ਵਾਸ ਹੈ ਕਿ ਕੁਝ ਗੁਪਤ ਪਰ ਪ੍ਰਭਾਵਸ਼ਾਲੀ ਏਜੰਸੀ (ਆਮ ਤੌਰ 'ਤੇ ਪ੍ਰੇਰਣਾ ਵਿੱਚ ਰਾਜਨੀਤਿਕ ਅਤੇ ਇਰਾਦੇ ਵਿੱਚ ਦਮਨਕਾਰੀ) ਲਈ ਜ਼ਿੰਮੇਵਾਰ ਹੈ। 'ਇੱਕ ਅਣਜਾਣ ਘਟਨਾ' ਦਾ ਇਹ ਲੇਖ ਦ ਅਮੈਰੀਕਨ ਹਿਸਟੋਰੀਕਲ ਰਿਵਿਊ ਵਿੱਚ 1909 ਦੇ ਸਭ ਤੋਂ ਪੁਰਾਣੀ ਵਰਤੋਂ ਦੀ ਉਦਾਹਰਣ ਵਜੋਂ ਹਵਾਲਾ ਦਿੰਦਾ ਹੈ ਹਾਲਾਂਕਿ ਇਹ ਕਈ ਦਹਾਕਿਆਂ ਪਹਿਲਾਂ ਵੀ ਛਪਿਆ ਹੋਇਆ ਸੀ।

11 ਜਨਵਰੀ, 1863 ਨੂੰ ਦ ਨਿਊਯਾਰਕ ਟਾਈਮਜ਼ ਵਿੱਚ ਪ੍ਰਕਾਸ਼ਿਤ ਸੰਪਾਦਕ ਨੂੰ ਲਿਖੇ ਇੱਕ ਪੱਤਰ ਵਿੱਚ, ਸਭ ਤੋਂ ਪਹਿਲਾਂ ਜਾਣੀ ਜਾਂਦੀ ਅਮਰੀਕੀ ਲੇਖਕ ਚਾਰਲਸ ਐਸਟਰ ਬ੍ਰਿਸਟਡ ਦੁਆਰਾ ਕੀਤੀ ਗਈ ਸੀ। ਉਸਨੇ ਇਸਦੀ ਵਰਤੋਂ ਦਾਅਵਿਆਂ ਦਾ ਹਵਾਲਾ ਦੇਣ ਲਈ ਕੀਤੀ ਸੀ ਕਿ ਬ੍ਰਿਟਿਸ਼ ਕੁਲੀਨ ਆਪਣੇ ਵਿੱਤੀ ਹਿੱਤਾਂ ਨੂੰ ਅੱਗੇ ਵਧਾਉਣ ਲਈ ਅਮਰੀਕੀ ਘਰੇਲੂ ਯੁੱਧ ਦੌਰਾਨ ਜਾਣਬੁੱਝ ਕੇ ਸੰਯੁਕਤ ਰਾਜ ਨੂੰ ਕਮਜ਼ੋਰ ਕਰ ਰਹੇ ਸਨ। ਇਸ 'ਚ ਅੱਗੇ ਲਿਖਿਆ ਸੀ ਕਿ, ਇੰਗਲੈਂਡ ਨੇ ਅਮਰੀਕਾ ਨਾਲ ਦਖਲਅੰਦਾਜ਼ੀ ਕਰਨ ਤੋਂ ਬਿਨਾਂ, ਯੂਰਪ ਅਤੇ ਏਸ਼ੀਆ ਵਿੱਚ ਕਾਫ਼ੀ ਕੁਝ ਕੀਤਾ ਹੈ। ਇਹ ਇੱਕ ਸਰੀਰਕ ਅਤੇ ਨੈਤਿਕ ਅਸੰਭਵ ਸੀ ਕਿ ਉਹ ਸਾਡੇ ਵਿਰੁੱਧ ਇੱਕ ਵੱਡੀ ਸਾਜ਼ਿਸ਼ ਨੂੰ ਅੱਗੇ ਵਧਾ ਸਕਦੀ ਸੀ। ਪਰ ਸਾਡੀ ਜਨਤਾ, ਵਿਦੇਸ਼ੀ ਮਾਮਲਿਆਂ ਬਾਰੇ ਸਿਰਫ ਇੱਕ ਮੋਟਾ ਜਿਹਾ ਆਮ ਗਿਆਨ ਰੱਖਣ ਵਾਲੀ, ਅਤੇ ਗੈਰ-ਕੁਦਰਤੀ ਤੌਰ 'ਤੇ ਉਸ ਜਗ੍ਹਾ ਨੂੰ ਵਧਾ-ਚੜ੍ਹਾ ਕੇ ਪੇਸ਼ ਨਹੀਂ ਕਰਦੀ ਜੋ ਅਸੀਂ ਦੁਨੀਆ ਦੀਆਂ ਨਜ਼ਰਾਂ ਵਿੱਚ ਰੱਖਦੇ ਹਾਂ, ਉਨ੍ਹਾਂ ਪੇਚੀਦਗੀਆਂ ਦੀ ਕਦਰ ਨਹੀਂ ਕਰਦੇ ਜਿਨ੍ਹਾਂ ਨੇ ਅਜਿਹੀ ਸਾਜ਼ਿਸ਼ ਨੂੰ ਅਸੰਭਵ ਕਰ ਦਿੱਤਾ ਹੈ। ਉਹ ਸਿਰਫ ਇੰਗਲਿਸ਼ ਪ੍ਰੈਸ ਅਤੇ ਜਨਤਾ ਦੇ ਅਚਾਨਕ ਦੀ ਲਹਿਰ ਨੂੰ ਦੇਖਦੇ ਹਨ, ਜੋ ਕਿ ਸਾਜ਼ਿਸ਼ ਸਿਧਾਂਤ 'ਤੇ ਸਭ ਤੋਂ ਆਸਾਨੀ ਨਾਲ ਗਿਣਿਆ ਜਾਂਦਾ ਹੈ। ਸ਼ਬਦ 'ਸਾਜ਼ਿਸ਼' ਲਾਤੀਨੀ ਕੋਨ- ('ਨਾਲ, ਇਕੱਠੇ') ਅਤੇ ਸਪਾਇਰੇਰ ('ਸਾਹ ਲੈਣ ਲਈ') ਤੋਂ ਲਿਆ ਗਿਆ ਹੈ। ਰੌਬਰਟ ਬਲਾਸਕੀਵਿਜ਼ ਟਿੱਪਣੀ ਕਰਦਾ ਹੈ ਕਿ ਇਸ ਸ਼ਬਦ ਦੀਆਂ ਉਦਾਹਰਣਾਂ ਉਨ੍ਹੀਵੀਂ ਸਦੀ ਦੇ ਸ਼ੁਰੂ ਵਿੱਚ ਵਰਤੇ ਗਏ ਸਨ ਅਤੇ ਕਹਿੰਦੇ ਹਨ ਕਿ ਇਸਦੀ ਵਰਤੋਂ ਹਮੇਸ਼ਾ ਅਪਮਾਨਜਨਕ ਰਹੀ ਹੈ। ਐਂਡਰਿਊ ਮੈਕੇਂਜੀ-ਮੈਕਹਾਰਗ ਦੁਆਰਾ ਕੀਤੇ ਗਏ ਇੱਕ ਅਧਿਐਨ ਦੇ ਅਨੁਸਾਰ, ਇਸ ਦੇ ਉਲਟ, ਉਨ੍ਹੀਵੀਂ ਸਦੀ ਵਿੱਚ ਸ਼ਬਦ ਸਾਜ਼ਿਸ਼ ਸਿਧਾਂਤ ਸਿਰਫ਼ 'ਸਾਜ਼ਿਸ਼ ਦੀ ਇੱਕ ਪ੍ਰਸੰਸਾਯੋਗ ਸਥਿਤੀ ਦਾ ਸੁਝਾਅ ਦਿੰਦਾ ਹੈ' ਅਤੇ 'ਇਸ ਪੜਾਅ 'ਤੇ, ਕੋਈ ਵੀ ਅਰਥ ਨਹੀਂ ਰੱਖਦਾ, ਭਾਵੇਂ ਨਕਾਰਾਤਮਕ ਜਾਂ ਸਕਾਰਾਤਮਕ'। ਹਾਲਾਂਕਿ ਕਈ ਵਾਰ ਅਖੌਤੀ ਲੇਬਲ ਵਾਲੇ ਪੋਸਟੂਲੇਟ ਦੀ ਆਲੋਚਨਾ ਕੀਤੀ ਜਾਂਦੀ ਸੀ।

ਚਲਦਾ ....

# ਸੁਪਰੀਮ ਕੋਰਟ ਵੱਲੋਂ ਜੋਸ਼ੀਮੱਠ ਸੰਕਟ ਸਬੰਧੀ ਸੁਣਵਾਈ ਤੋਂ ਇਨਕਾਰ, ਕਿਹਾ ਉੱਤਰਾਖੰਡ ਹਾਈ ਕੋਰਟ ਜਾਓ

## ➤ ਇਸਰੋ ਦੀ ਰਿਪੋਰਟ ਮੁਤਾਬਕ, ਪੂਰਾ ਜੋਸ਼ੀਮਠ ਸ਼ਹਿਰ ਧੱਸ ਜਾਵੇਗਾ ➤ ਕਈ ਇਲਾਕਿਆਂ ਵਿਚ ਤਰੇੜਾਂ ਹੋਈਆਂ ਹੋਰ ਚੌੜੀਆਂ

ਨਵੀਂ ਦਿੱਲੀ/ਏ.ਟੀ.ਨਿਊਜ਼ :- ਸੁਪਰੀਮ ਕੋਰਟ ਨੇ ਉੱਤਰਾਖੰਡ ਦੇ ਜੋਸ਼ੀਮੱਠ ਵਿਚ ਜ਼ਮੀਨ ਧੱਸਣ ਦੇ ਸੰਕਟ ਨੂੰ ਰਾਸ਼ਟਰੀ ਆਫ਼ਤ ਐਲਾਨ ਕਰਨ ਲਈ ਅਦਾਲਤੀ ਦਖ਼ਲ ਦੀ ਬੇਨਤੀ ਵਾਲੀ ਪਟੀਸ਼ਨ ’ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟਨ ਦੇ ਚੀਫ਼ ਜਸਟਿਸ ਡੀ. ਵਾਈ. ਚੰਦਰਚੂੜ ਅਤੇ ਜਸਟਿਸ ਪੀ. ਐੱਸ. ਨਰਸਿਨਹਾ ਤੇ ਜੇ. ਬੀ. ਪਾਦਰੀਵਾਲਾ ਦੀ ਬੈਂਚ ਨੇ ਪਟੀਸ਼ਨਰ ਸਵਾਮੀ ਅਵਿਮੁਕਤੇਸ਼ਵਰਾਨੰਦ ਸਰਸਵਤੀ ਨੂੰ ਆਪਣੀ ਪਟੀਸ਼ਨ ਨਾਲ ਉੱਤਰਾਖੰਡ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਨੂੰ ਕਿਹਾ। ਦੱਸ ਦੇਈਏ ਕਿ ਬਦਰੀਨਾਥ ਅਤੇ ਹੇਮਕੁੰਟ ਸਾਹਿਬ ਵਰਗੇ ਪ੍ਰਸਿੱਧ ਤੀਰਥ ਸਥਾਨਾਂ ਅਤੇ ਕੌਮਾਂਤਰੀ ਸਕੀਇੰਗ ਕੇਂਦਰ ਔਲੀ ਦਾ ਪ੍ਰਵੇਸ਼ ਦੁਆਰ ਜੋਸ਼ੀਮੱਠ ਜ਼ਮੀਨ ਧੱਸਣ ਕਾਰਨ ਇਕ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

ਪਟੀਸ਼ਨਕਰਤਾ ਦੀ ਦਲੀਲ ਹੈ ਕਿ ਵੱਡੇ ਪੱਧਰ ’ਤੇ ਉਦਯੋਗੀਕਰਨ ਕਾਰਨ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ ਹਨ ਅਤੇ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਵਿੱਤੀ ਸਹਾਇਤਾ ਅਤੇ ਮੁਆਵਜ਼ਾ ਦਿੱਤਾ ਜਾਵੇ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਮਨੁੱਖੀ ਜੀਵਨ ਅਤੇ ਉਨ੍ਹਾਂ ਦੇ ਈਕੋ ਸਿਸਟਮ ਦੀ ਕੀਮਤ ’ਤੇ ਕਿਸੇ ਵਿਕਾਸ ਦੀ ਕੋਈ ਲੋੜ ਨਹੀਂ ਹੈ ਅਤੇ ਜੇਕਰ ਅਜਿਹਾ ਕੁਝ ਵਾਪਰਦਾ ਹੈ, ਤਾਂ ਇਹ ਸੂਬੇ ਅਤੇ ਕੇਂਦਰ ਸਰਕਾਰ ਦਾ ਫਰਜ਼ ਹੈ ਕਿ ਇਸ ਨੂੰ ਤੁਰੰਤ ਰੋਕਿਆ ਜਾਵੇ।

ਬੀਤੇ ਦਿਨੀਂ ਇਸ ਸਥਾਨ ਤੋਂ ਕਰੀਬ 100 ਮੀਟਰ ਦੂਰ ਦੋ ਹੋਟਲਾਂ ਸਨੋਅ ਕ੍ਰੇਸਟ ਅਤੇ ਕੋਮਤ ਖਤਰਨਾਕ ਤਰੀਕੇ ਨਾਲ ਇਕ ਦੂਜੇ ਵੱਲ ਝੁਕ ਗਏ ਹਨ ਅਤੇ ਸਾਵਧਾਨੀ ਦੇ ਉਪਾਅ ਵਜੋਂ ਖਾਲੀ ਕਰ ਦਿੱਤੇ ਗਏ ਹਨ। ਆਫਤ ਪ੍ਰਬੰਧਨ ਅਥਾਰਟੀ ਨੇ ਕਿਹਾ ਕਿ ਹੁਣ ਤੱਕ 826 ਘਰਾਂ ਵਿਚ ਤਰੇੜਾਂ ਪੈ ਚੁੱਕੀਆਂ ਹਨ, ਜਿਨ੍ਹਾਂ ਵਿਚੋਂ 165 ਨੂੰ ਅਸੁਰੱਖਿਅਤ ਜ਼ੋਨ ਐਲਾਨ ਦਿੱਤਾ




ਗਿਆ ਹੈ। ਹੁਣ ਤੱਕ 233 ਪਰਿਵਾਰਾਂ ਨੂੰ ਆਰਜ਼ੀ ਰਾਹਤ ਕੇਂਦਰਾਂ ਵਿਚ ਭੇਜਿਆ ਜਾ ਚੁੱਕਾ ਹੈ। ਮਲਾਰੀ ਇਨ ਅਤੇ ਮਾਊਂਟ ਵਿਊ ਨਾਂ ਦੇ ਦੋ ਹੋਟਲਾਂ ਨੂੰ ਢਾਹੁਣ ਦੀ ਪ੍ਰਕਿਰਿਆ ਹਾਲੇ ਚੱਲ ਰਹੀ ਹੈ, ਜਿਨ੍ਹਾਂ ਨੂੰ ਪਹਿਲਾਂ ਅਸੁਰੱਖਿਅਤ ਐਲਾਨ ਦਿੱਤਾ ਗਿਆ ਸੀ। ਜੋਸ਼ੀਮੱਠ- ਉੱਤਰਾਖੰਡ ਦੇ ਜੋਸ਼ੀਮੱਠ ਵਿਚ ਵੱਡੀ ਗਿਣਤੀ ਵਿਚ ਲੋਕ ਵੱਡੀ ਮੁਸੀਬਤ ਵਿਚ ਘਿਰ ਗਏ ਹਨ, ਕਿਉਂਕਿ ਜ਼ਮੀਨ ਧੱਸਣ ਕਾਰਨ ਸੜਕਾਂ ਅਤੇ ਘਰਾਂ ਦੀਆਂ ਕੰਧਾਂ ਵਿਚ ਤਰੇੜਾਂ ਆ ਗਈਆਂ ਹਨ। ਪ੍ਰੇਸ਼ਾਨ ਲੋਕਾਂ ਨੂੰ ਆਪਣੇ ਘਰ-ਬਾਰ ਛੱਡਣੇ ਪੈ ਰਹੇ ਹਨ। ਹਾਲਾਂਕਿ ਸੂਬਾਈ ਸਰਕਾਰ ਨੇ ਕਿਹਾ ਮੁੜ-ਵਸੇਬਾ ਪੈਕੇਜ ਵੀ ਤਿਆਰ ਕੀਤਾ ਜਾ ਰਿਹਾ ਹੈ ਅਤੇ ਰਾਹਤ ਕੰਮ ਚੱਲ ਰਿਹਾ ਹੈ। ਉੱਪਰੋਂ ਕੜਾਕੇ ਦੀ ਠੰਡ ਵਿਚ ਲੋਕ ਖੁੱਲ੍ਹੇ ਆਸਮਾਨ ਹੇਠਾਂ ਰਹਿਣ ਲਈ ਮਜਬੂਰ ਹੋ ਗਏ ਹਨ। ਜੋਸ਼ੀਮੱਠ ਦੇ ਵਸਨੀਕ ਆਖਦੇ ਹਨ ਕਿ ਉਹ ਕਿਤੇ ਵੀ ਨਹੀਂ ਜਾਣਾ ਚਾਹੁੰਦੇ ਅਤੇ ਜੇਕਰ ਸਰਕਾਰ ਉਨ੍ਹਾਂ ਦੀ ਸਮੱਸਿਆ ਪ੍ਰਤੀ ਗੰਭੀਰ ਹੈ, ਤਾਂ ਉਸ ਨੂੰ ਸਥਾਈ ਹੱਲ ਲੱਭਣ ਦੀ ਜ਼ਰੂਰਤ ਹੈ।ਮਾਨਾ ਪਿੰਡ ਦੇ ਪ੍ਰਧਾਨ ਪੀਤਾਂਬਰ ਸਿੰਘ ਮੋਲਫਾ ਕਹਿੰਦੇ ਹਨ ਕਿ ਅਸੀਂ ਬਰਫ਼ ਵਿਚ ਰਹਿਣ ਵਾਲੇ ਲੋਕ ਹਾਂ। ਅਸੀਂ ਮੈਦਾਨੀ ਇਲਾਕਿਆਂ ਵਿਚ ਕਿਵੇਂ ਰਹਿ ਸਕਾਂਗੇ। ਅਸੀਂ ਕਿਤੇ ਹੋਰ ਨਹੀਂ ਰਹਿ ਸਕਦੇ। ਸਰਕਾਰ ਨੂੰ ਚਾਹੀਦਾ ਹੈ ਕਿ ਜੋਸ਼ੀਮੱਠ ਨੂੰ ਬਚਾਉਣ ਲਈ ਕੋਈ ਸਥਾਈ ਹੱਲ ਲੈ ਕੇ ਆਵੇ। ਭਾਵੇਂ ਜੋਸ਼ੀਮਠ ਵਾਸੀਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਸਰਾ ਅਤੇ ਭੋਜਨ ਦਾ ਭਰੋਸਾ ਦਿੱਤਾ ਗਿਆ ਹੈ ਪਰ ਇੱਥੇ ਜੰਮੇ-ਪਲੇ ਲੋਕ ਕਿਸੇ ਵੀ ਤਰ੍ਹਾਂ ਸਰਕਾਰ ਦੇ ਇਸ ਪ੍ਰਸਤਾਵ ਨਾਲ ਸਹਿਮਤ ਨਹੀਂ।

ਇਸ ਦੌਰਾਨ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਆਪਣੇ ਸੈਟੇਲਾਈਟ ਰਾਹੀਂ ਜੋਸ਼ੀਮਠ ਦੀ ਆਫ਼ਤ ਦਾ ਜਾਇਜ਼ਾ ਲਿਆ ਸੀ। ਸੈਟੇਲਾਈਟ ਨੇ ਜੋ ਸਥਿਤੀ ਦਿਖਾਈ ਹੈ, ਉਸ ਮੁਤਾਬਕ, ਪੂਰਾ ਜੋਸ਼ੀਮਠ ਸ਼ਹਿਰ ਧੱਸ ਜਾਵੇਗਾ। ਇਸਰੋ ਦੇ ਹੈਦਰਾਬਾਦ ਸਥਿਤ ਨੈਸ਼ਨਲ ਰਿਮੋਟ ਸੈਂਸਿੰਗ ਸੈਂਟਰ ਨੇ ਜੋਸ਼ੀਮਠ ਦੇ ਡੁੱਬਦੇ ਖੇਤਰ ਦੀਆਂ ਸੈਟੇਲਾਈਟ ਤਸਵੀਰਾਂ ਜਾਰੀ ਕੀਤੀਆਂ ਸਨ। ਇਹ ਰਿਪੋਰਟ ਹੈਦਰਾਬਾਦ ਸਥਿਤ ਇਸਰੋ ਦੇ ਨੈਸ਼ਨਲ ਰਿਮੋਟ ਸੈਂਸਿੰਗ ਸੈਂਟਰ ਵੱਲੋਂ ਜਾਰੀ ਕੀਤੀ ਗਈ ਸੀ।

ਇਸਰੋ ਤੋਂ ਇਲਾਵਾ ਇੰਸਟੀਚਿਊਟ ਆਫ ਰਿਮੋਟ ਸੈਂਸਿੰਗ ਨੇ ਵੀ ਇਕ ਰਿਪੋਰਟ ਸਰਕਾਰ ਨੂੰ ਸੌਂਪੀ ਹੈ। ਇਸ ਰਿਪੋਰਟ ਮੁਤਾਬਕ, ਜੋਸ਼ੀਮਠ ਹਰ ਸਾਲ 6.62 ਸੈਂਟੀਮੀਟਰ ਯਾਨੀ ਕਰੀਬ 2.60 ਇੰਚ ਧੱਸ ਰਿਹਾ ਹੈ। ਇਥੇ ਜ਼ਿਕਰਯੋਗ ਹੈ ਕਿ ਸਾਲ 1976 ਵਿਚ ਵੀ ਜੋਸ਼ੀਮੱਠ ਵਿਚ ਜ਼ਮੀਨ ਧਸਣ ਦਾ ਵੱਡਾ ਹਾਦਸਾ ਹੋਇਆ ਸੀ। ਇਸੇ ਤਰ੍ਹਾਂ ਦੋ ਸਾਲ ਪਹਿਲਾਂ ਫਰਵਰੀ 2021 ਵਿਚ ਇੱਥੋਂ ਦੀ ਧੌਲੀਗੰਗਾ ਨਦੀ ਵਿਚ ਪਹਾੜੀ ਖਿਸਕਣ ਕਾਰਨ ਬਣੀ ਝੀਲ ਦੇ ਅਚਾਨਕ ਫੁੱਟਣ ਨਾਲ ਇੱਥੋਂ ਦਾ ਪਣ ਬਿਜਲੀ ਪ੍ਰਾਜੈਕਟ ਬੁਰੀ ਤਰ੍ਹਾਂ ਤਬਾਹ ਹੋ ਗਿਆ ਸੀ। ਇਸ ਹਾਦਸੇ ਵਿਚ 35 ਮੁਲਾਜ਼ਮ ਮਾਰੇ ਗਏ ਸਨ ਅਤੇ ਜੋਸ਼ੀਮੱਠ ਦੇ ਆਸ-ਪਾਸ ਦੇ ਇਲਾਕੇ ਨੂੰ ਭਾਰੀ ਨੁਕਸਾਨ ਹੋਇਆ ਸੀ। ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ ਅਨੁਸਾਰ 2009 ਤੋਂ 2012 ਤੱਕ ਇਸ ਇਲਾਕੇ ਵਿਚ 128 ਥਾਵਾਂ ’ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਹੋਈਆਂ ਸਨ। ਜੋਸ਼ੀਮੱਠ ਦਾ ਸ਼ੰਕਰਾਚਾਰੀਆ ਨਾਲ ਵਿਸ਼ੇਸ਼ ਨਾਤਾ ਹੈ। ਜੋਸ਼ੀਮੱਠ ਹੋਣ ਦੀ ਆਪਣੀ ਵਿਸ਼ੇਸ਼ ਪਵਿੱਤਰਤਾ ਕਾਰਨ ਹੀ ਇਸ ਨਗਰ ਨੂੰ ਆਪਣਾ ਨਾਂ ਜੋਸ਼ੀਮੱਠ ਮਿਲਿਆ। ਇਸ ਤੋਂ ਇਲਾਵਾ ਦੋ ਨਦੀਆਂ ਧੌਲੀਗੰਗਾ ਅਤੇ ਅਲਕਨੰਦਾ ਤੇ ਦੋ ਉਪ ਨਦੀਆਂ ਕਰਮਨਾਸ਼ਾ ਤੇ ਢਕਨਾਲਾ ਨਾਲ ਘਿਰਿਆ ਜੋਸ਼ੀਮੱਠ ਨਾਲ ਲੱਗਦੇ ਬਦਰੀਨਾਥ, ਹੇਮਕੁੰਟ ਸਾਹਿਬ ਤੇ ਸਕੀਇੰਗ ਦਾ ਆਲਮੀ ਖਿੱਚ ਦਾ ਕੇਂਦਰ ਬਣ ਚੁੱਕੇ ਓਲੀ ਲਈ ਮੁੱਖ ਦੁਆਰ ਦੀ ਤਰ੍ਹਾਂ ਹੈ। ਇਸ ਕਾਰਨ ਹਰ ਸਾਲ ਲੱਖਾਂ ਭਗਤਾਂ, ਪਰਬਤਾਰੋਹੀਆਂ ਤੇ ਠੰਢ ਵਿਚ ਆਉਣ ਵਾਲੇ ਖੇਡ ਪ੍ਰੇਮੀਆਂ ਲਈ ਜੋਸ਼ੀਮੱਠ ਇਕ ਮੁੱਖ ਪੜਾਅ ਬਣ ਚੁੱਕਿਆ ਹੈ। ਇਸ ਤੋਂ ਇਲਾਵਾ ਭਾਰਤ-ਤਿੱਬਤ ਸਰਹੱਦ ’ਤੇ ਲਗਾਤਾਰ ਵਧਦੇ ਹੋਏ ਚੀਨੀ ਖ਼ਤਰੇ ਕਾਰਨ ਵੀ ਇਹ ਇਲਾਕਾ ਭਾਰਤੀ ਫ਼ੌਜ ਦੀਆਂ ਗਤੀਵਿਧੀਆਂ ਦਾ ਪਹਿਲਾਂ ਤੋਂ ਕਿਤੇ ਜ਼ਿਆਦਾ ਸਰਗਰਮ ਕੇਂਦਰ ਬਣ ਗਿਆ ਹੈ।

ਵਿਜੈ ਕ੍ਰਾਂਤੀ ਚੇਅਰਮੈਨ ਸੈਂਟਰ ਫਾਰ ਹਿਮਾਲੀਅਨ ਏਸ਼ੀਆ ਸਟੱਡੀਜ਼ ਐਂਡ ਅੰਗੇਜ਼ਮੈਂਟ ਦਾ ਕਹਿਣਾ ਹੈ ਕਿ ਹਾਲਾਂਕਿ ਜੋਸ਼ੀਮੱਠ ਇਕੱਲਾ ਅਜਿਹਾ ਸਥਾਨ ਨਹੀਂ ਹੈ ਜਿੱਥੇ ਜ਼ਮੀਨ ਧਸਣ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਹੋ ਰਹੀਆਂ ਹਨ। ਲੱਦਾਖ ਤੋਂ ਲੈ ਕੇ ਅਰੁਣਾਚਲ ਪ੍ਰਦੇਸ਼ ਤੱਕ ਦੇ ਲਗਭਗ ਚਾਰ ਹਜ਼ਾਰ ਕਿਲੋਮੀਟਰ ਲੰਬੇ ਹਿਮਾਲਿਆ ਦੇ ਇਲਾਕੇ ਵਿਚ ਅਜਿਹੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ ਪਰ ਇਹ ਵੀ ਸੱਚ ਹੈ ਕਿ ਜੋਸ਼ੀਮੱਠ ਜਿਹੇ ਵੱਡੇ ਅਤੇ ਮਹੱਤਵਪੂਰਨ ਸ਼ਹਿਰ ਵਿਚ ਏਨੇ ਵੱਡੇ ਪੱਧਰ ’ਤੇ ਜ਼ਮੀਨ ਦਾ ਟੁੱਟ ਕੇ ਧਸਦੇ ਜਾਣਾ ਬਹੁਤ ਭਿਆਨਕ ਅਤੇ ਚਿੰਤਾ ਦਾ ਵਿਸ਼ਾ ਹੈ। ਸਹੀ ਇਹ ਹੋਵੇਗਾ ਕਿ ਸਰਕਾਰਾਂ ਹਰ ਤਰ੍ਹਾਂ ਦੇ ਨਿਰਮਾਣ ਕਾਰਜ ਦੀ ਗੁਣਵੱਤਾ ਜਾਂਚਣ ਲਈ ਕਿਸੇ ਕਮੇਟੀ ਦਾ ਗਠਨ ਕਰਨ ਦੇ ਨਾਲ-ਨਾਲ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਵੱਲੋਂ ਤੈਅ ਕੀਤੇ ਗਏ ਮਾਪਦੰਡਾਂ ’ਤੇ ਅਸਲ ਵਿਚ ਅਮਲ ਵੀ ਹੋਵੇ।

ਇਤਫ਼ਾਕਨ ਇਸੇ ਸਾਲ ਕਿਦਾਰਨਾਥ ਦੇ ਆਸ ਪਾਸ ਲਗਾਤਾਰ ਭੂਚਾਲਾਂ ਦੇ ਆਉਣ ਤੋਂ ਬਾਅਦ ਉਤਰਾਖੰਡ ਸਰਕਾਰ ਨੇ ਪੰਜ ਮੈਂਬਰੀ ਜਾਂਚ ਕਮੇਟੀ ਬਿਠਾਈ ਜਿਸ ਨੇ ਅਕਤੂਬਰ 2022 ਵਿਚ ਸਰਕਾਰ ਨੂੰ ਸਲਾਹ ਦਿਤੀ ਕਿ ਉਹ ਇਸ ਇਲਾਕੇ ਦੀ ਸਾਰੀ ਉਸਾਰੀ ਤੇ ਸੰਪੂਰਨ ਰੋਕ ਲਗਾ ਦੇਵੇ ਪਰ ਸਰਕਾਰ ਨੇ ਫਿਰ ਵੀ ਕੋਈ ਕਦਮ ਨਾ ਚੁਕਿਆ ਤੇ ਲਗਾਤਾਰ ਪਹਾੜਾਂ ਵਿਚ ਉਸਾਰੀ ਜਾਰੀ ਰੱਖ, ਆਪਣੇ ਹੀ ਸੂਬੇ ਦੀ ਬੁਨਿਆਦ ਨੂੰ ਚੂਹਿਆਂ ਵਾਂਗ ਕੁਤਰ ਦਿਤਾ। 1976 ਵਿਚ ਹੀ ਮਿਸ਼ਰਾ ਕਮੇਟੀ ਨੇ ਆਖ ਦਿਤਾ ਸੀ ਕਿ ਇਸ ਇਲਾਕੇ ਵਿਚ ਉਸਾਰੀ ਕਰਨਾ ਖ਼ਤਰਨਾਕ ਹੈ ਤੇ ਉਸ ਵਕਤ ਇਕ ਡੈਮ ਦੀ ਉਸਾਰੀ ਉਤੇ ਰੋਕ ਵੀ ਲਗਾਈ ਗਈ ਸੀ। ਅਜੋਕੀ ਸਥਿਤੀ ਨੂੰ ਕੁਦਰਤੀ ਕਹਿਰ ਨਹੀਂ ਆਖਿਆ ਜਾ ਸਕਦਾ। ਇਹ ਇਕ ਸਿਆਸੀ ਭੁੱਖ ਵਿਚੋਂ ਉਪਜੀ ਤੰਗ ਸੋਚ ਦਾ ਨਤੀਜਾ ਹੈ।

# ਗਡਕਰੀ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ, 100 ਕਰੋੜ ਰੁਪਏ ਦੀ ਫਿਰੌਤੀ ਮੰਗੀ

ਨਾਗਪੁਰ/ਏ.ਟੀ.ਨਿਊਜ਼ :- ਜਬਰੀ ਵਸੂਲੀ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਗਰੋਂ ਕੇਂਦਰੀ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਦੇ ਦਫ਼ਤਰ ਅਤੇ ਘਰ ਦੀ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ। ਧਮਕੀ ਦੇਣ ਵਾਲੇ ਨੇ ਖੁਦ ਨੂੰ ਦਾਊਦ ਇਬਰਾਹਮ ਗੈਂਗ ਦਾ ਮੈਂਬਰ ਹੋਣ ਦਾ ਦਾਅਵਾ ਕਰਦਿਆਂ ਸ੍ਰੀ ਗਡਕਰੀ ਤੋਂ 100 ਕਰੋੜ ਰੁਪਏ ਦੀ ਫਿਰੌਤੀ ਮੰਗੀ ਸੀ। ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਫੋਨ ਕਰਨ ਵਾਲੇ ਵਿਅਕਤੀ ਦੀ ਪਛਾਣ ਹੋ ਗਈ ਹੈ ਅਤੇ ਉਸ ਦਾ ਪਤਾ ਲਗਾਉਣ ਲਈ ਕ੍ਰਾਈਮ ਬਰਾਂਚ ਦੀ ਇੱਕ ਟੀਮ ਕਰਨਾਟਕ ਭੇਜੀ ਗਈ ਹੈ। ਇਸ ਮਗਰੋਂ ਨਾਗਪੁਰ ਤੋਂ ਸੰਸਦ



ਮੈਂਬਰ ਦੇ ਘਰ ਅਤੇ ਦਫ਼ਤਰ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ।

# ਅੰਮ੍ਰਿਤਸਰ ਤੋਂ ਲੰਡਨ ਜਾਣਗੀਆਂ ਸਿੱਧੀਆਂ ਉਡਾਣਾਂ

ਦਿੱਲੀ/ਏ.ਟੀ.ਨਿਊਜ਼ :- ਏਅਰ ਇੰਡੀਆ ਨੇ ਅੰਮ੍ਰਿਤਸਰ ਤੋਂ ਲੰਡਨ ਅਤੇ ਇਕ ਬਰਮਿੰਘਮ ਦਰਮਿਆਨ ਵਾਧੂ ਸਿੱਧੀਆਂ ਉਡਾਣਾਂ ਸ਼ੁਰੂ ਕਰ ਰਿਹਾ ਹੈ। ਜਾਣਕਾਰੀ ਅਨੁਸਾਰ 26 ਮਾਰਚ ਤੋਂ ਅੰਮ੍ਰਿਤਸਰ ਤੋਂ ਲੰਡਨ ਲਈ ਸਿੱਧੀ ਉਡਾਣ ਸ਼ੁਰੂ ਹੋਣ ਜਾ ਰਹੀ ਹੈ। ਦੱਸ ਦਈਏ ਕਿ ਯਾਤਰੀਆਂ ਨੂੰ ਪਹਿਲਾਂ ਸਿੱਧੀ ਫਲਾਈਟ ਨਾ ਮਿਲਣ ਕਰਕੇ ਦਿੱਲੀ ਜਾਣਾ ਪੈਂਦਾ ਹੈ। ਐਮਪੀ ਰਾਘਵ ਚੱਢਾ ਨੇ ਦਸੰਬਰ 2022 ’ਚ ਹੋਏ ਸਰਦ ਰੁੱਤ ਸੈਸ਼ਨ ਦੌਰਾਨ ਸੰਸਦ ਵਿਚ ਇਹ ਮੁੱਦਾ ਚੁੱਕਿਆ ਸੀ।



# ਸਿੱਕਮ ਦੇ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਦਾ ਐਲਾਨ ਵੱਧ ਬੱਚੇ ਪੈਦਾ ਕਰੋ ਤੇ ਇਨਾਮ ਪਾਓ

## ਆਦਿਵਾਸੀਆਂ ਦੀ ਅਬਾਦੀ ਘਟਣ ਕਾਰਨ ਕੀਤਾ ਐਲਾਨ

ਗੰਗਟੋਕ/ਏ.ਟੀ.ਨਿਊਜ਼ :- ਸਿੱਕਮ ਦੇ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਨੇ ਹੋਰ ਬੱਚੇ ਪੈਦਾ ਕਰਨ ਲਈ ਸਥਾਨਕ ਭਾਈਚਾਰਿਆਂ ਨਾਲ ਸਬੰਧਤ ਲੋਕਾਂ ਲਈ ਵੱਖ-ਵੱਖ ਉਤਸ਼ਾਹਿਤ ਕਰਨ ਦਾ ਐਲਾਨ ਕੀਤਾ। ਦੱਖਣੀ ਸਿੱਕਮ ਦੇ ਜੋਰੇਥਾਂਗ ਕਸਬੇ ਵਿੱਚ ਮਾਘੇ ਸੰਕ੍ਰਾਂਤੀ ਦੇ ਜਸ਼ਨਾਂ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਕਿਹਾ ਕਿ ਸਿੱਕਮ ਦੀ ਜਣੇਪਾ ਦਰ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਪ੍ਰਤੀ ਔਰਤ ਇੱਕ ਬੱਚੇ ਦੀ ਸਭ ਤੋਂ ਘੱਟ ਵਿਕਾਸ ਦਰ ਦਰਜ ਕੀਤੀ ਗਈ ਹੈ, ਜਿਸ ਨਾਲ ਸਥਾਨਕ ਭਾਈਚਾਰਿਆਂ ਦੀ ਅਬਾਦੀ ਘਟ ਗਈ ਹੈ। ਤਮਾਂਗ ਨੇ ਕਿਹਾ, ‘ਸਾਨੂੰ ਔਰਤਾਂ ਸਮੇਤ ਸਥਾਨਕ ਲੋਕਾਂ ਨੂੰ ਹੋਰ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕਰਕੇ ਘਟਦੀ ਜਣਨ ਦਰ ਨੂੰ ਰੋਕਣ ਦੀ ਲੋੜ ਹੈ।’



ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਲਈ ਪਹਿਲਾਂ ਹੀ ਸੇਵਾ ਵਿੱਚ ਔਰਤਾਂ ਨੂੰ 365 ਦਿਨਾਂ ਦੀ ਜਣੇਪਾ ਛੁੱਟੀ ਅਤੇ ਪੁਰਸ਼ ਕਰਮਚਾਰੀਆਂ ਨੂੰ 30 ਦਿਨਾਂ ਦੀ ਛੁੱਟੀ ਪ੍ਰਦਾਨ ਕੀਤੀ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਨੇ ਮਹਿਲਾ ਕਰਮਚਾਰੀਆਂ ਨੂੰ ਦੂਜੇ ਬੱਚੇ ਦੇ ਜਨਮ ’ਤੇ ਇਕ ਅਤੇ ਤੀਜੇ ਬੱਚੇ ਦੇ ਜਨਮ ’ਤੇ ਦੋ ਇੰਕਰੀਮੈਂਟ ਦੇਣ ਦਾ ਪ੍ਰਸਤਾਵ ਰੱਖਿਆ ਹੈ। ਤਮਾਂਗ ਨੇ ਸਪੱਸ਼ਟ ਕੀਤਾ ਕਿ ਇਹ ਵਿੱਤੀ ਲਾਭ ਸਿਰਫ਼ ਇੱਕ ਬੱਚੇ ਵਾਲੀ ਔਰਤ ਨੂੰ ਉਪਲਬਧ ਨਹੀਂ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਆਮ ਲੋਕ ਵੀ ਇੱਕ ਤੋਂ ਵੱਧ ਬੱਚੇ ਪੈਦਾ ਕਰਨ ਲਈ ਵਿੱਤੀ ਸਹਾਇਤਾ ਲਈ ਯੋਗ ਹੋਣਗੇ, ਜਿਸ ਦੇ ਵੇਰਵੇ ਸਿਹਤ ਅਤੇ ਇਸਤਰੀ ਤੇ ਬਾਲ ਸੰਭਾਲ ਵਿਭਾਗ ਵੱਲੋਂ ਤਿਆਰ ਕੀਤੇ ਜਾਣਗੇ।

ਤਮਾਂਗ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਸਿੱਕਮ ਦੇ ਹਸਪਤਾਲਾਂ ਵਿਚ ਆਈਵੀਐੱਫ ਦੀ ਸਹੂਲਤ ਸ਼ੁਰੂ ਕੀਤੀ ਹੈ ਤਾਂ ਜੋ ਔਰਤਾਂ ਨੂੰ ਕੁਦਰਤੀ ਤੌਰ ’ਤੇ ਅਜਿਹਾ ਕਰਨ ਵਿਚ ਦਿੱਕਤ ਆ ਰਹੀ ਹੋਵੇ, ਜਿਸ ਲਈ ਇਸ ਪ੍ਰਕਿਰਿਆ ਰਾਹੀਂ ਜਨਮ ਦੇਣ ਵਾਲੀਆਂ ਸਾਰੀਆਂ ਮਾਵਾਂ ਨੂੰ 3-3 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਹੁਣ ਤੱਕ 38 ਔਰਤਾਂ ਆਈਵੀਐਫ ਸਹੂਲਤ ਦੀ ਮਦਦ ਨਾਲ ਗਰਭ ਧਾਰਨ ਕਰ ਚੁੱਕੀਆਂ ਹਨ ਅਤੇ ਉਨ੍ਹਾਂ ਵਿੱਚੋਂ ਕੁਝ ਮਾਵਾਂ ਵੀ ਬਣ ਚੁੱਕੀਆਂ ਹਨ। ਸਿੱਕਮ ਦੀ ਮੌਜੂਦਾ ਸਮੇਂ ਵਿੱਚ ਅੰਦਾਜ਼ਨ ਸੱਤ ਲੱਖ ਤੋਂ ਘੱਟ ਅਬਾਦੀ ਹੈ, ਜਿਸ ਵਿੱਚੋਂ ਲਗਭਗ 80 ਪ੍ਰਤੀਸ਼ਤ ਆਦਿਵਾਸੀ ਭਾਈਚਾਰਿਆਂ ਨਾਲ ਸਬੰਧਤ ਹਨ।

# ਪਾਕਿਸਤਾਨ ਵੱਲੋਂ ਬਿਰਧ ਅਤੇ ਖੰਡਿਤ ਸਰੂਪਾਂ ਨੂੰ ਭਾਰਤ ਭੇਜਣ ’ਤੇ ਰੋਕ

**➤ ਜਥੇਦਾਰ ਹਰਪ੍ਰੀਤ ਸਿੰਘ ਅਗਲੇ ਮਹੀਨੇ ਜਾਣਗੇ ਪਾਕਿਸਤਾਨ**

**➤ ਸਰਨਾ ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਆਪਸੀ ਵਿਵਾਦ ਕਾਰਨ ਮਾਮਲਾ ਉਲਝਿਆ**

ਅੰਮ੍ਰਿਤਸਰ/ਏ.ਟੀ.ਨਿਊਜ਼ :- ਪਾਕਿਸਤਾਨ ਦੇ ਸੂਬਾ ਸਿੰਧ ਦੇ ਜ਼ਿਲ੍ਹਾ ਕਸ਼ਮੋਰ ਵਿਚਲੇ ਗੁਰਦੁਆਰਾ ਬਾਬਾ ਫ਼ਤਿਹ ਸਿੰਘ, ਸਿੰਘ ਸਭਾ, ਬਖ਼ਸ਼ਪੁਰ ’ਚ ਸੂਬੇ ਦੇ ਵੱਖ-ਵੱਖ ਗੁਰਦੁਆਰਿਆਂ ਵਿਚੋਂ ਲਿਆ ਕੇ ਰੱਖੇ ਬਿਰਧ ਅਤੇ ਖੰਡਿਤ ਸਰੂਪ ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿ ਸਿੱਖ ਸੰਗਤ ਨੇ ਭਾਰਤ ਲੈ ਕੇ ਪਹੁੰਚਣਾ ਸੀ, ਪਰ ਪਾਕਿ ਨੇ ਅਚਾਨਕ ਆਪਣਾ ਫ਼ੈਸਲਾ ਬਦਲਦਿਆਂ ਸਰੂਪ ਭਾਰਤ ਭੇਜੇ ਜਾਣ ’ਤੇ ਪੱਕੇ ਤੌਰ ’ਤੇ ਰੋਕ ਲਗਾ ਦਿੱਤੀ ਹੈ। ਜਾਣਕਾਰੀ ਅਨੁਸਾਰ ਸਿੰਧੀ ਸਿੱਖ ਸੰਗਤ ਦੇ ਆਗੂ ਮਹੇਸ਼ ਸਿੰਘ ਦੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਸੀ ਕਿ ਪਾਕਿ ਤੋਂ ਲਿਆਂਦੇ ਜਾਣ ਵਾਲੇ ਸ੍ਰੀ ਗ੍ਰੰਥ ਗੁਰੂ ਗ੍ਰੰਥ ਸਾਹਿਬ ਦੇ 200 ਤੋਂ ਵੱਧ ਸਰੂਪਾਂ ਨੂੰ ਦਿੱਲੀ ਵਿਖੇ ਲਿਜਾ ਕੇ ਸਿੱਖ ਮਰਿਆਦਾ ਅਨੁਸਾਰ ਉਨ੍ਹਾਂ ਦਾ ਸਸਕਾਰ ਕੀਤਾ ਜਾਵੇ। ਉਨ੍ਹਾਂ ਪੱਤਰ ਵਿਚ ਇਹ ਵੀ ਲਿਖਿਆ ਸੀ ਕਿ ਗੁਰਦੁਆਰਾ ਬਾਬਾ ਫ਼ਤਿਹ ਸਿੰਘ ਵਿਚ ਚਲ ਰਹੀ ਉਸਾਰੀ ਦੇ ਚਲਦਿਆਂ ਸਰੂਪਾਂ ਨੂੰ ਗੁਰਦੁਆਰਾ ਸਾਹਿਬ ਵਿਚ ਵਧੇਰੇ ਸਮੇਂ ਤੱਕ ਰੱਖਣਾ ਸੰਭਵ ਨਹੀਂ ਹੈ। ਉੱਧਰ, ਪਾਕਿਸਤਾਨੀ ਮੀਡੀਆ ਅਨੁਸਾਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਦਿੱਲੀ ਕਮੇਟੀ ਪੀ. ਐਸ. ਜੀ. ਪੀ. ਸੀ. ਤੋਂ ਇਜਾਜ਼ਤ ਲਏ ਬਿਨਾਂ ਇਹ ਸਰੂਪ ਭਾਰਤ ਮੰਗਵਾ ਰਹੀ ਸੀ। ਜਿਸ ਕਾਰਨ ਇਸ ਕਾਰਵਾਈ ’ਤੇ ਰੋਕ ਲਗਾ ਦਿੱਤੀ ਗਈ ਹੈ। ਕੁਝ ਪਾਕਿ ਸਿੱਖ ਆਗੂਆਂ ਨੇ ਇਹ ਵੀ ਦੋਸ਼ ਲਗਾਇਆ ਹੈ ਕਿ ਸਰੂਪਾਂ ਜਾਂ ਹੋਰਨਾਂ ਧਾਰਮਿਕ ਨਿਸ਼ਾਨੀਆਂ ਨੂੰ ਭੇਜਣ ’ਤੇ ਭਾਰਤੀ ਸਰਹੱਦ ’ਤੇ ਸੁਰੱਖਿਆ ਬਲ ਦੇ ਜਵਾਨ ਕੁੱਤਿਆਂ ਨੂੰ ਸੁੰਘਾ ਕੇ ਸਾਮਾਨ ਦੀ ਤਲਾਸ਼ੀ ਲੈਂਦੇ ਹਨ, ਜਿਸ ਨਾਲ ਧਾਰਮਿਕ ਗ੍ਰੰਥਾਂ ਜਾਂ ਹੋਰ ਵਸਤੂਆਂ ਦੀ ਬੇਅਦਬੀ ਹੁੰਦੀ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਹੁਣ ਕਸ਼ਮੋਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਸਰੂਪ ਲਾਹੌਰ



ਸਥਿਤ ਗੁਰਦੁਆਰਾ ਡੇਹਰਾ ਸਾਹਿਬ ਮੰਗਵਾਏ ਜਾ ਰਹੇ ਹਨ। ਉਨ੍ਹਾਂ ਵਿਚੋਂ ਹੱਥ ਲਿਖਤ ਅਤੇ ਪੁਰਾਤਨ ਇਤਿਹਾਸਕ ਸਰੂਪਾਂ ਨੂੰ ਵੱਖਰਾ ਕਰਕੇ ਉਨ੍ਹਾਂ ਨੂੰ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਚ ਬਣੇ ਅਜਾਇਬ ਘਰ ਵਿਚ ਸੰਭਾਲਿਆ ਜਾਵੇਗਾ, ਜਦਕਿ ਬਾਕੀ ਖੰਡਿਤ ਸਰੂਪਾਂ ਦਾ ਗੁਰਦੁਆਰਾ ਸਾਹਿਬ ’ਚ ਮੌਜੂਦ ਅੰਗੀਠਾ ਸਾਹਿਬ ਵਿਖੇ ਧਾਰਮਿਕ ਸਿੱਖ ਮਰਿਆਦਾ ਮੁਤਾਬਿਕ ਅੰਤਿਮ ਸਸਕਾਰ ਕੀਤਾ ਜਾਵੇਗਾ।ਇਸ ਲਈ ਬਕਾਇਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਸੱਦਾ ਦਿੱਤਾ ਜਾਵੇਗਾ।ਇਨ੍ਹਾਂ ਪਾਵਨ ਸਰੂਪਾਂ ਦੇ ਦਰਸ਼ਨ ਕਰਨ ਅਤੇ ਇਨ੍ਹਾਂ ਦੀ ਪੁਰਾਤਨਤਾ ਤੇ ਮੌਜੂਦਾ ਹਾਲਤ ਸੰਬੰਧੀ ਜਾਣਕਾਰੀ ਹਾਸਲ ਕਰਨ ਲਈ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੇ ਅਗਲੇ ਮਹੀਨੇ ਖ਼ੁਦ ਪਾਕਿਸਤਾਨ ਜਾਣ ਦੀ ਸੰਭਾਵਨਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਦੇ ਦਾਅਵੇ ਅਤੇ ਦੋਸ਼ ਅਨੁਸਾਰ ਇਹ ਪਾਵਨ ਸਰੂਪ ਬੀਤੀ 16 ਜਨਵਰੀ ਨੂੰ ਅਟਾਰੀ ਵਾਹਘਾ ਸਰਹੱਦ ਰਸਤੇ ਭਾਰਤ ਆਉਣ ਦਾ ਪ੍ਰੋਗਰਾਮ ਨਿਰਧਾਰਤ ਸੀ, ਪਰ ਦਿੱਲੀ ਦੇ ਸਰਨਾ ਭਰਾਵਾਂ ਨੇ ਆਪਣੇ ਪ੍ਰਭਾਵ ਨਾਲ ਅਜਿਹਾ ਨਹੀਂ ਹੋਣ ਦਿੱਤਾ। ਇਸੇ ਦੌਰਾਨ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਢੱਡੇ ਨੇ ਦੱਸਿਆ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਬਿਰਧ ਤੇ ਪੁਰਾਤਨ ਪਾਵਨ ਸਰੂਪਾਂ ਦੀ ਸੇਵਾ ਸੰਭਾਲ ਸੰਬੰਧੀ ਫੈਸਲਾ ਕਰਨ ਲਈ ਮਾਹਿਰਾਂ ਦੀ ਟੀਮ ਸਮੇਤ ਖ਼ੁਦ ਪਾਕਿਸਤਾਨ ਜਾਣਗੇ। ਨਿਰਪੱਖ ਪੰਥਕ ਸੂਤਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਸਰੂਪਾਂ ਨੂੰ ਭਾਰਤ ਲਿਆਉਣ ਦੀ ਥਾਂ ਜਥੇਦਾਰ ਅਕਾਲ ਤਖਤ ਦੀ ਅਗਵਾਈ ਵਿਚ ਪਾਕਿਸਤਾਨ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹਲ ਕਢਣਾ ਚਾਹੀਦਾ ਹੈ।

# ਹਿੰਦੂਤਵੀ ਬਿਪਰ ਵਿਚਾਰਧਾਰਾ ਭਾਰਤੀ ਉਪ-ਮਹਾਂਦੀਪ ਨੂੰ ਖ਼ਤਰਨਾਕ ਹਾਲਾਤ ਵੱਲ ਧੱਕ ਰਹੀ ਹੈ

**ਸਿੱਖ ਮਜ਼ਲੂਮ ਧਿਰਾਂ ਦਾ ਸਾਥ ਦੇ ਕੇ ਗੁਰਮਤਿ ਆਸ਼ੇ ’ਤੇ ਚੱਲਣ : ਪੰਥਕ ਸ਼ਖ਼ਸੀਅਤਾਂ**

ਜੁਝਾਰੂ ਪੰਥਕ ਸ਼ਖ਼ਸੀਅਤਾਂ ਨੇ ਅੱਜ ਇਕ ਲਿਖਤੀ ਸਾਂਝਾ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਫਿਰਕਾਪ੍ਰਸਤੀ, ਵਿਤਕਰੇਬਾਜ਼ੀ ਤੇ ਨਾਬਰਾਬਰੀ ’ਤੇ ਉਸਰੀ ਅਤੇ ਮਨੁੱਖਤਾ ਵਿੱਚ ਵੰਡੀਆਂ ਪਾਉਣ ਵਾਲੀ ਹਿੰਦੂਤਵੀ ਬਿਪਰੀ ਵਿਚਾਰਧਾਰਾ ਭਾਰਤੀ ਉਪਮਹਾਂਦੀਪ ਦੇ ਖਿੱਤੇ ਨੂੰ ਬਹੁਤ ਹੀ ਖ਼ਤਰਨਾਕ ਹਾਲਾਤ ਵੱਲ ਧੱਕ ਰਹੀ ਹੈ।

ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ ਅਤੇ ਭਾਈ ਸੁਖਦੇਵ ਸਿੰਘ ਡੋਡ ਨੇ ਕਿਹਾ ਹੈ ਕਿ ਬਿਪਰਵਾਦੀ ਸੋਚ ਦੇ ਧਾਰਨੀ ਹਿੰਦੂ ਸੰਗਠਨ ਆਰ.ਐਸ.ਐਸ. ਦੇ ਮੁਖੀ ਦਾ ਤਾਜ਼ਾ ਬਿਆਨ, ‘ਹਿੰਦੂ ਬੀਤੇ 1000 ਸਾਲ ਤੋਂ ਜੰਗ ਦੇ ਹਾਲਾਤ ਵਿਚ ਹਨ ਅਤੇ ਉਨ੍ਹਾਂ ਦਾ ਹਮਲਾਵਰ ਹੋਣਾ ਸੁਭਾਵਕ ਹੀ ਹੈ’, ਇਸ ਉਪਦੀਪ ਤੇ ਇਥੇ ਰਹਿੰਦੀਆਂ ਧਾਰਮਿਕ ਘੱਟਗਿਣਤੀ ਕੌਮਾਂ, ਖ਼ਾਸ ਕਰਕੇ ਮੁਸਲਮਾਨਾਂ ਲਈ ਆ ਰਹੇ ਭਿਆਨਕ ਖ਼ਤਰੇ ਦੀ ਘੰਟੀ ਹੈ।

ਪੰਥਕ ਆਗੂਆਂ ਨੇ ਕਿਹਾ ਕਿ ‘ਸੰਸਾਰ ਵਿੱਚ ਨਸਲਕੁਸ਼ੀ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਖ਼ੁਦ ਨੂੰ ਉੱਤਮ ਅਤੇ ਬਾਕੀਆਂ



ਨੂੰ ਦੋਮ ਦੱਸਣ ਵਾਲੀਆਂ ਫਿਰਕੂ ਨਸਲੀ ਵਿਚਾਰਧਾਰਾਵਾਂ ਜਦੋਂ ਰਾਜਸਤਾ ’ਤੇ ਕਾਬਜ਼ ਹੋ ਜਾਂਦੀਆਂ ਹਨ ਤਾਂ ਉਹਨਾਂ ਵੱਲੋਂ ਘੱਟਗਿਣਤੀ ਕੌਮਾਂ ਤੇ ਭਾਈਚਾਰਿਆਂ ਨੂੰ ਬੀਤੇ ਸਮੇ ਵਿਚ ਵਾਪਰੀਆਂ ਦੁਖਦਾਈ ਘਟਨਾਵਾਂ ਤੇ ਪੈਦਾ ਹੋਈਆਂ ਮੁਸੀਬਤਾਂ ਲਈ ਜਿੰਮੇਵਾਰ ਠਹਿਰਾਇਆ ਜਾਂਦਾ ਹੈ ਅਤੇ ਉਹਨਾਂ ਵਿਰੁੱਧ ਹੋ ਰਹੇ ਨਫਰਤੀ ਪ੍ਰਚਾਰ ਤੇ ਜੁਲਮਾਂ ਨੂੰ ਬੀਤੇ ਦੀਆਂ ਮੁਸੀਬਤਾਂ ਵਿਰੁੱਧ ਆਈ ਜਾਗ੍ਰਿਤੀ ਦਾ ਪ੍ਰਗਟਾਵਾ ਦੱਸਿਆ ਜਾਂਦਾ ਹੈ। ਅਜਿਹਾ ਕਰਕੇ ਇਹਨਾਂ ਘੱਟਗਿਣਤੀ ਕੌਮਾਂ ਤੇ ਭਾਈਚਾਰਿਆਂ ਦੀ ਨਸਲਕੁਸ਼ੀ ਕਰਨ ਦਾ ਅਧਾਰ ਤਿਆਰ ਕੀਤਾ ਜਾਂਦਾ ਹੈ। ਆਰ. ਐਸ. ਐਸ. ਮੁਖੀ ਦੀ ਹਾਲੀਆ ਮੁਲਾਕਾਤ (ਇੰਟਰਵਿਊ), ਜੋ ਸੰਘ ਦੇ ਰਸਾਲੇ ‘ਆਰਗੇਨਾਈਜ਼ਰ’ ਵਿਚ ਛਪੀ ਹੈ, ਰਾਹੀਂ ਘੱਟਗਿਣਤੀਆਂ ਵਿਰੁੱਧ ਹੋ ਰਹੇ ਨਫਤਰ ਭਰੇ ਪ੍ਰਚਾਰ ਅਤੇ ਹਿੰਸਾ ਨੂੰ ਜਾਇਜ਼ ਠਹਿਰਾ ਕੇ ਇਸ ਨਫਰਤੀ ਮਾਹੌਲ ਨੂੰ ਹੋਰ ਵਧੇਰੇ ਖ਼ਤਰਨਾਕ ਮੋੜ ਦੇਣ ਵਾਲੀ ਘਿਨਾਉਣੀ ਸੋਚ ਹੈ।’

ਉਨ੍ਹਾਂ ਕਿਹਾ ਕਿ ‘ਗੁਰਮਤਿ ਦਾ ਆਸ਼ਾ ਅਤੇ ਗੁਰੂ ਖਾਲਸਾ ਪੰਥ ਦਾ ਬਿਰਦ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਹੈ। ਸਿੱਖ ਕੌਮ ਨੂੰ ਆਪਣੇ ਆਦਰਸ਼ਾਂ, ਇਤਿਹਾਸ ਅਤੇ ਪ੍ਰੰਪਰਾ ’ਤੇ ਮਾਣ ਹੈ ਕਿ ਸਿੱਖ ਬਰਾਬਰੀ ਅਤੇ ਨਿਆਂ ਜਿਹੀਆਂ ਕਦਰਾਂ-ਕੀਮਤਾਂ ਦੇ ਸਦਾ ਪਹਿਰੇਦਾਰ ਰਹੇ ਹਨ। ਭਾਰਤੀ ਉਪਮਹਾਂਦੀਪ ਵਿਚ ਇਸ ਸਮੇ ਬਣ ਰਹੇ ਖ਼ਤਰਨਾਕ ਹਾਲਾਤ ਵਿਚ ਸਿੱਖਾਂ ਨੂੰ ਗੁਰੂ ਆਸ਼ੇ ਤੇ ਪੰਥਕ ਪ੍ਰੰਪਰਾ ਅਨੁਸਾਰ ਮਜ਼ਲੂਮਾਂ ਨਾਲ ਖੜ੍ਹਨਾ ਚਾਹੀਦਾ ਹੈ ਅਤੇ ਬਿਪਰਵਾਦ ਦੇ ਖ਼ਤਰਨਾਕ ਮਨਸੂਬਿਆਂ ਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ।’

ਪੰਥਕ ਆਗੂਆਂ ਨੇ ਇਸ ਬਿਆਨ ਵਿਚ ਕਿਹਾ ਹੈ ਕਿ ‘ਸਮਾਜ ਦੇ ਸਾਰੇ ਨਿਆਂ ਪਸੰਦ ਲੋਕਾਂ ਨੂੰ ਹਿੰਦੁਸਤਾਨ ਵਿਚ ਬਿਪਰਵਾਦ ਵੱਲੋਂ ਘੱਟਗਿਣਤੀਆਂ ਦੀ ਨਸਲਕੁਸ਼ੀ ਲਈ ਤਿਆਰ ਕੀਤੇ ਜਾ ਰਹੇ ਪਿੜ ਬਾਰੇ ਗ੍ਰੈਗਰੀ ਐਚ. ਸਟੈਨਟਨ ਜਿਹੇ ਮਾਹਰਾਂ ਦੀਆਂ ਚੇਤਾਵਨੀਆਂ ਨੂੰ ਗੰਭੀਰਤਾ ਨਾਲ ਲੈਂਦਿਆਂ, ਇਸ ਨਫਰਤ ਭਰੇ ਫਿਰਕੂ ਮਾਹੌਲ ਵਿਰੁੱਧ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਕੌਮਾਂਤਰੀ ਭਾਈਚਾਰੇ ਨੂੰ ਇਸ ਹਾਲਾਤ ਨੂੰ ਹੋਰ ਵਧੇਰੇ ਖ਼ਤਰਨਾਕ ਮੋੜ ਲੈਣ ਤੋਂ ਪਹਿਲਾਂ ਲੋੜੀਂਦਾ ਦਖਲ ਦੇਣਾ ਚਾਹੀਦਾ ਹੈ ਤਾਂ ਜੋ ਇਥੇ ਮਨੁੱਖਤਾ ਵਿਰੁੱਧ ਹੋਣ ਵਾਲੇ ਸੰਭਾਵੀ ਮਹਾਂਜ਼ੁਰਮਾਂ ਨੂੰ ਸਦੀਵੀ ਠਲ੍ਹ ਪਾਈ ਜਾ ਸਕੇ ਅਤੇ ਅੱਗੇ ਲਈ ਅਜਿਹਾ ਬਾਨਣੂੰ ਬੰਨ੍ਹਿਆ ਜਾਵੇ ਕਿ ਸੱਤਾ ਦੇ ਨਸ਼ੇ ’ਚ ਅੰਨ੍ਹੀ ਹੋਈ ਕੋਈ ਵੀ ਫਿਰਕੂ ਵਿਚਾਰਧਾਰਾ ਘੱਟਗਿਣਤੀ ਕੌਮਾਂ ਤੇ ਭਾਈਚਾਰਿਆਂ ਵਿਰੁੱਧ ਘਿਨਾਉਣੀਆਂ, ਬੇਰਹਿਮ ਤੇ ਮਾਰੂ ਸੋਚਾਂ ਸੋਚਣ ਅਤੇ ਨੀਤੀਆਂ ਘੜਨ ਦਾ ਹੀਆ ਨਾ ਕਰੇ।’

# ਪੰਜਾਬ ਵਿਚ 80 ਕਾਟਨ ਮਿੱਲਾਂ ’ਚੋਂ 65 ਹੋਈਆਂ ਬੰਦ

**ਕਾਟਨ ਫ਼ੈਕਟਰੀਆਂ ਵਾਲੇ ਮਾਲਕ ਵੀ ਮੰਦੀ ਕਾਰਨ ਆਪਣੀਆਂ ਫ਼ੈਕਟਰੀਆਂ ਬੰਦ ਕਰਨ ਲਈ ਮਜਬੂਰ**

**ਪਿਛਲੇ 13 ਸਾਲਾਂ ਦੌਰਾਨ ਕਪਾਹ/ਨਰਮਾ ਦਾ ਰਕਬਾ 50 ਫ਼ੀਸਦੀ ਘਟਿਆ**

ਲਹਿਰਾਗਾਗਾ/ਏ.ਟੀ.ਨਿਊਜ਼ :- ਸੂਬੇ ਵਿਚ ਨਰਮਾ ਤੇ ਕਪਾਹ ਦੀ ਬਿਜਾਈ ਘੱਟਣ ਕਾਰਨ ਸੂਬੇ ਵਿਚ ਲਗਭਗ 80 ਕਪਾਹ ਫ਼ੈਕਟਰੀਆਂ ਵਿਚੋਂ 65 ਦੇ ਕਰੀਬ ਬੰਦ ਹੋ ਚੁੱਕੀਆਂ ਹਨ। ਸੂਬਾ ਸਰਕਾਰ ਨੇ ਇਸ ਸਾਲ ਪੰਜਾਬ ਵਿਚ 4 ਲੱਖ ਹੈਕਟੇਅਰ ਕਪਾਹ ਨਰਮਾ ਦੀ ਬਿਜਾਈ ਦਾ ਟੀਚਾ ਰੱਖਿਆ ਸੀ ਪਰ ਸਮੇਂ ਸਿਰ ਬਿਜਲੀ ਸਪਲਾਈ ਨਾ ਮਿਲਣ ਕਾਰਨ ਅਤੇ ਨਹਿਰੀ ਪਾਣੀ ਦੀ ਸਪਲਾਈ ਘਟਣ ਕਾਰਨ ਸਿਰਫ਼ 2:48 ਲੱਖ ਹੈਕਟੇਅਰ ਵਿਚ ਹੀ ਨਰਮੇ ਦੀ ਬਿਜਾਈ ਹੋ ਸਕੀ। ਲੋੜ ਅਨੁਸਾਰ ਕਪਾਹ ਤੇ ਨਰਮਾ ਨਾ ਮਿਲਣ ਕਾਰਨ ਤੇ ਬੇਲੋੜੇ ਖ਼ਰਚਿਆ ਕਾਰਨ ਕਾਟਨ ਮਿੱਲਾਂ ਘਾਟੇ ਵਿਚ ਆ ਗਈਆਂ ਜਿਸ ਕਾਰਨ ਮਿੱਲ ਮਾਲਕਾਂ ਨੂੰ ਆਪਣੀਆਂ ਮਿੱਲਾਂ ਨੂੰ ਬੰਦ ਕਰਨਾ ਪਿਆ ਹੈ। ਸਾਲ 2010 ਵਿਚ ਸੂਬੇ ਵਿਚ 5 ਲੱਖ ਹੈਕਟੇਅਰ ਵਿਚ ਕਪਾਹ ਤੇ ਨਰਮੇ ਦੀ ਬਿਜਾਈ ਹੁੰਦੀ ਸੀ ਉਸ ਤੋਂ ਬਾਅਦ ਜਿੱਥੇ ਇੱਕ ਪਾਸੇ ਬਿਜਾਈ ਦਾ ਰਕਬਾ ਘੱਟਦਾ ਗਿਆ ਉੱਥੇ ਚਿੱਟੀ ਤੇ ਗੁਲਾਬੀ ਸੁੰਡੀ ਦੇ ਹਮਲੇ ਕਾਰਨ ਝਾੜ ਵੀ ਘੱਟਦਾ ਗਿਆ।ਖੇਤੀਬਾੜੀ ਵਿਭਾਗ ਦੇ ਕੋਸ਼ਿਸ਼ ਕਰਨ ਦੇ ਬਾਵਜੂਦ ਕਪਾਹ ਤੇ ਨਰਮੇ ਦਾ ਰਕਬਾ ਘੱਟਦਾ ਜਾ ਰਿਹਾ ਹੈ। ਸੁਧਰੇ ਹੋਏ ਬੀ ਟੀ ਕਾਟਨ ਬੀਜਾਂ ਦੇ ਨਾਂ ’ਤੇ ਨਰਮਾ ਉਤਪਾਦਕਾਂ ਵਿਚ ਨਵੀਂ ਉਮੀਦ ਪੈਦਾ ਕੀਤੀ ਸੀ ਪਰ ਕਿਸਾਨਾਂ ਨੂੰ ਬੀ ਟੀ ਕਾਟਨ ਦੇ ਅਸਲੀ ਬੀਜ ਨਾ ਮਿਲਣ ਕਾਰਨ ਨਰਮੇ ਦੀ ਫ਼ਸਲ ਪ੍ਰਭਾਵਿਤ ਹੋਣੀ ਸ਼ੁਰੂ ਹੋ ਗਈ, ਜਿਸ ਨਾਲ ਜਿੱਥੇ ਕਿਸਾਨ ਆਰਥਿਕ ਤੰਗੀ ਵਿਚ ਫਸ ਗਏ ਅਤੇ ਦੂਜੇ ਪਾਸੇ ਕਾਟਨ ਫ਼ੈਕਟਰੀਆਂ ਵਾਲੇ ਮਾਲਕ ਵੀ ਮੰਦੀ ਕਾਰਨ ਆਪਣੀਆਂ ਫ਼ੈਕਟਰੀਆਂ ਬੰਦ ਕਰਨ ਲਈ ਮਜਬੂਰ ਹੋ ਰਹੇ ਹਨ। ਇਸ ਸਬੰਧੀ ਜਦੋਂ ਖੇਤੀਬਾੜੀ ਮਾਹਿਰ ਡਾ. ਇੰਦਰਜੀਤ ਸਿੰਘ ਭੱਟੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਨਰਮੇ ਤੇ ਕਪਾਹ ਦੀ ਫ਼ਸਲ ਨੂੰ ਕਈ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਨਰਮੇ ਪੱਟੀ ਦੇ ਕਿਸਾਨ ਨਰਮੇ ਦੀ ਫ਼ਸਲ ਤੋਂ ਮੂੰਹ ਮੋੜਨ ਲੱਗ ਪਏ ਹਨ ਜਿਸ ਦਾ ਅਸਰ ਕਾਟਨ ਫ਼ੈਕਟਰੀਆਂ ’ਤੇ ਵੀ ਪਿਆ ਹੈ।ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਲਗਾਤਾਰ ਕਿਸਾਨਾਂ ਨੂੰ ਕਪਾਹ/ ਨਰਮੇ ਦੀ ਫ਼ਸਲ ਦੀ ਬਿਜਾਈ ਸਬੰਧੀ ਪ੍ਰੇਰਿਤ ਕੀਤਾ ਜਾ ਰਿਹਾ ਹੈ। ਕਪਾਹ ਮਿੱਲ ਮਾਲਕਾਂ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਖੇਤੀਬਾੜੀ ਆਧਾਰਿਤ ਇਸ ਸਨਅਤ ਨੂੰ ਬਚਾਉਣ ਲਈ ਨਰਮੇ ’ਤੇ ਮਾਰਕੀਟ ਫ਼ੀਸ ਤੇ ਆਰ. ਡੀ. ਐਫ. ਹਟਾਇਆ ਜਾਵੇ ਅਤੇ ਕਿਸਾਨਾਂ ਲਈ ਅਸਲੀ ਬੀਜ ਤੇ ਕੀਟਨਾਸ਼ਕਾਂ ਦਾ ਪ੍ਰਬੰਧ ਕੀਤਾ ਜਾਵੇ।

# ਡਰੱਗ ਦੀ ਓਵਰਡੋਜ਼ ਨਾਲ ਮਾਪਿਆਂ ਦੇ 15 ਸਾਲਾ ਇਕਲੌਤੇ ਪੁੱਤ ਦੀ ਮੌਤ

ਗੋਇੰਦਵਾਲ ਸਾਹਿਬ/ਏ.ਟੀ.ਨਿਊਜ਼:- ਤਰਨਤਾਰਨ ਜ਼ਿਲ੍ਹੇ ਦੇ ਪਿੰਡ ਅੱਲੋਵਾਲ ਵਿਖੇ ਨਸ਼ੇ ਦੀ ਓਵਰਡੋਜ਼ ਨਾਲ ਮਾਪਿਆਂ ਦੇ ਇਕਲੌਤੇ ਪੁੱਤ ਦੀ ਮੌਤ ਹੋ ਗਈ। ਮਰਨ ਵਾਲੇ ਦੀ ਪਛਾਣ ਅਰਸ਼ਪ੍ਰੀਤ ਸਿੰਘ ਉਰਫ ਅਰੁਣਪ੍ਰੀਤ ਸਿੰਘ (15) ਪੁੱਤਰ ਪਲਵਿੰਦਰ ਸਿੰਘ ਵਜੋਂ ਹੋਈ ਹੈ। ਪਰਿਵਾਰਕ ਮੈਬਰਾਂ ਮੁਤਾਬਿਕ ਅਰਸ਼ਪ੍ਰੀਤ ਸਿੰਘ ਪਿਛਲੇ ਕੁਝ ਸਮੇਂ ਤੋਂ ਨਸ਼ੇ ਦਾ ਆਦੀ ਹੋ ਗਿਆ ਸੀ। ਲੰਘੇ ਦਿਨ ਉਹ ਕਿਸੇ ਘਰੇਲੂ ਕੰਮ ਲਈ ਬਾਹਰ ਗਿਆ ਪਰ ਪਤਾ ਨਹੀਂ ਉਸ ਨੇ ਕਦੋਂ ਆਪਣੇ ਕਿਸੇ ਦੋਸਤ ਨਾਲ ਮਿਲ ਕੇ ਨਸ਼ਾ ਖਰੀਦਿਆ ਤੇ ਉਸਦਾ ਟੀਕਾ ਲਗਾ ਲਿਆ। ਜਦੋਂ ਉਸਦੀ ਹਾਲਤ ਖਰਾਬ ਹੋ ਗਈ ਤਾਂ ਉਸਦੇ ਦੋਸਤ ਵੱਲੋਂ ਪਰਿਵਾਰ ਨੂੰ ਫੋਨ ਕਰ ਸੂਚਿਤ ਕੀਤਾ ਗਿਆ।



ਉਹ ਅਰਸ਼ਪ੍ਰੀਤ ਨੂੰ ਡਾਕਟਰ ਕੋਲ ਲੈ ਕੇ ਗਏ ਪਰ ਹਾਲਤ ਜ਼ਿਆਦਾ ਖਰਾਬ ਹੋਣ ਕਰਕੇ ਉਸ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ, ਜਿਥੇ ਉਸਦੀ ਮੌਤ ਹੋ ਗਈ।ਪਰਿਵਾਰਕ ਮੈਬਰਾਂ ਨੇ ਇਲਾਕੇ ਵਿਚ ਸ਼ਰ੍ਹੇਆਮ ਨਸ਼ਾ ਵਿਕਣ ਸਬੰਧੀ ਸਰਕਾਰ ਅਤੇ ਪ੍ਰਸ਼ਾਸਨ ’ਤੇ ਸਵਾਲ ਚੁੱਕਦਿਆਂ ਕਿਹਾ ਕਿ ਨਸ਼ੇ ਨੇ ਉਨ੍ਹਾਂ ਦੇ ਇਕਲੌਤੇ ਪੁੱਤਰ ਨੂੰ ਖੋਹ ਲਿਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਨਸ਼ਾ ਬੰਦ ਕਰੇ ਤਾਂ ਜੋ ਹੋਰਾਂ ਦੇ ਘਰ ਨਾ ਉਜੜਨ। ਦੂਜੇ ਪਾਸੇ ਥਾਣਾ ਵੈਰੋਵਾਲ ਦੇ ਮੁਖੀ ਇੰਸਪੈਕਟਰ ਉਪਕਾਰ ਸਿੰਘ ਨੇ ਦੱਸਿਆ ਕਿ ਅਰਸ਼ਪ੍ਰੀਤ ਸਿੰਘ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ। ਜਦੋਂ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ ’ਤੇ ਕੇਸ ਦਰਜ ਕਰ ਲਿਆ ਗਿਆ ਹੈ।

# ਸੰਘ ਮੁਖੀ ਭਾਗਵਤ ਦਾ ਮੁਸਲਮਾਨਾਂ ਨੂੰ ਉਪਦੇਸ਼ ਰਾਜ ਦਾ ਮੋਹ ਤਿਆਗੋ, ਕਿਹਾ ਕਿ ਹਿੰਦੂ ਭਾਰਤ ਦੇ ਅਸਲ ਸ਼ਹਿਰੀ, ਜੰਗ ਲਈ ਤਿਆਰ ਰਹਿਣ

➤ ਭਾਗਵਤ ਨੇ ਹਿੰਦੂਤਵੀਆਂ ਦੀ ਫਿਰਕੂ ਹਿੰਸਾ ਬਾਰੇ ਮੀਸਨੀ ਚੁਪ ਧਾਰੀ

➤ ਭਗਵਿਆਂ ਵੱਲੋਂ ਮੁਸਲਮਾਨਾਂ ਵਿਰੁਧ ਬੁਲਡੋਜਰੀ ਨੀਤੀ ਅਪਨਾਉਣ ਬਾਅਦ ਈਸਾਈਆਂ ਨੂੰ ਨਿਸ਼ਾਨਾ ਬਣਾਇਆ







ਦਿੱਲੀ/ਏ.ਟੀ.ਨਿਊਜ਼ :- ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸਰਸੰਘਚਾਲਕ ਮੋਹਨ ਭਾਗਵਤ ਨੇ ਆਰਐਸਐਸ ਨਾਲ ਸਬੰਧਤ ਅਖਬਾਰ ਦਿ ਆਰਗੇਨਾਈਜ਼ਰ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ ਹੈ ਕਿ ਹਿੰਦੂ ਸਮਾਜ ਲਗਭਗ ਹਜ਼ਾਰਾਂ ਸਾਲਾਂ ਤੋਂ ਜੰਗ ਵਿੱਚ ਹੈ ਅਤੇ ਇਸ ਨੂੰ ਲੜਨ ਲਈ ਦ੍ਰਿੜ ਇਰਾਦਾ ਕਰਨਾ ਹੋਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਭਾਰਤ ਨੂੰ ਹਿੰਦੁਸਤਾਨ ਦੱਸ ਕੇ ਮੁਸਲਮਾਨਾਂ ਨੂੰ ਆਪਣੇ ਆਪ ਨੂੰ ਸੁਧਾਰਨ ਦਾ ਉਪਦੇਸ਼ ਦਿੱਤਾ ਹੈ।ਉਨ੍ਹਾਂ ਕਿਹਾ, 'ਹਿੰਦੂ ਸਮਾਜ ਲਗਭਗ ਹਜ਼ਾਰਾਂ ਸਾਲਾਂ ਤੋਂ ਜੰਗ ਵਿੱਚ ਹੈ। ਉਨ੍ਹਾਂ ਦੀ ਲੜਾਈ ਵਿਦੇਸ਼ੀ ਲੋਕ, ਵਿਦੇਸ਼ੀ ਪ੍ਰਭਾਵ ਅਤੇ ਵਿਦੇਸ਼ੀ ਸਾਜ਼ਿਸ਼ਾਂ ਵਿਰੁੱਧ ਚੱਲ ਰਹੀ ਹੈ। ਸੰਘ ਨੇ ਇਸ ਪਖੋਂ ਹਿੰਦੂ ਭਾਈਚਾਰੇ ਦੀ ਅਗਵਾਈ ਕੀਤੀ ਹੈ।

ਉਨ੍ਹਾਂ ਧਾਰਮਿਕ ਗ੍ਰੰਥ ਗੀਤਾ ਦੀਆਂ ਤੁਕਾਂ ਦਾ ਹਵਾਲਾ ਦਿੰਦੇ ਹੋਏ ਅੱਗੇ ਕਿਹਾ, 'ਮੈਂ ਅਤੇ ਮੇਰੇਪਣ ਦੀ ਭਾਵਨਾ ਛੱਡ ਕੇ, ਆਪਣੇ ਹੰਕਾਰ ਤੋਂ ਮੁਕਤ ਹੋ ਕੇ ਜੰਗ ਲੜਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਜਿਸ ਦਿਨ ਪਹਿਲਾ ਹਮਲਾਵਰ ਸਿਕੰਦਰ ਭਾਰਤ 'ਤੇ ਹਮਲਾਵਰ ਬਣਕੇ ਆਇਆ ਸੀ, ਉਸ ਦਿਨ ਤੋਂ ਹਿੰਦੂ ਧਰਮ ਵਿਚ ਜਾਗਣ ਦੀ ਪਰੰਪਰਾ ਚੱਲ ਰਹੀ ਹੈ। 'ਭਾਗਵਤ ਨੇ ਕਿਹਾ ਕਿ, 'ਹਿੰਦੂ ਸਮਾਜ ਅਜੇ ਪੂਰੀ ਤਰ੍ਹਾਂ ਜਾਗਿਆ ਨਹੀਂ ਹੈ। ਇਹ ਲੜਾਈ ਬਾਹਰੋਂ ਨਹੀਂ ਹੈ, ਇਹ ਲੜਾਈ ਅੰਦਰੋਂ ਹੈ। ਹਿੰਦੂ ਧਰਮ, ਹਿੰਦੂ ਸੰਸਕ੍ਰਿਤੀ, ਹਿੰਦੂ ਸਮਾਜ ਦੀ ਸੁਰੱਖਿਆ ਦਾ ਸਵਾਲ ਹੈ, ਇਸ ਲਈ ਲੜਾਈ ਚੱਲ ਰਹੀ ਹੈ। ਹੁਣ ਮੁਸਲਮਾਨ ਵਿਦੇਸ਼ੀ ਨਹੀਂ ਹਨ, ਪਰ ਵਿਦੇਸ਼ੀ ਪ੍ਰਭਾਵ ਹੈ, ਵਿਦੇਸ਼ੀ ਸਾਜ਼ਿਸ਼ਾਂ ਚਲ ਰਹੀਆਂ ਹਨ।ਇਸ ਲੜਾਈ ਕਾਰਣ ਲੋਕਾਂ ਵਿੱਚ ਕੱਟੜਤਾ ਆਵੇਗੀ। ਅਜਿਹਾ ਨਹੀਂ ਹੋਣਾ ਚਾਹੀਦਾ।' ਭਾਗਵਤ ਨੇ ਕਿਹਾ, ਸਾਡੀ ਰਾਜਨੀਤਿਕ ਅਜ਼ਾਦੀ ਨੂੰ ਭੰਗ ਕਰਨ ਦੀ ਤਾਕਤ ਕਿਸੇ ਕੋਲ ਨਹੀਂ ਹੈ। ਇਸ ਦੇਸ਼ ਵਿੱਚ ਹਿੰਦੂ ਰਹੇਗਾ, ਹਿੰਦੂ ਇਥੋਂ ਨਹੀਂ ਜਾਵੇਗਾ, ਇਹ ਪੱਕਾ ਹੋ ਗਿਆ ਹੈ। ਹਿੰਦੂ ਹੁਣ ਜਾਗ ਗਿਆ ਹੈ। ਹੁਣ ਸਾਨੂੰ ਅੰਦਰੂਨੀ ਲੜਾਈ ਜਿੱਤਣੀ ਪਵੇਗੀ।ਚੀਨ ਦੀ ਉਦਾਹਰਨ ਦਿੰਦਿਆਂ ਉਨ੍ਹਾਂ ਕਿਹਾ ਕਿ ਅੱਜ ਚੀਨ ਨੇ ਜੋ ਤਾਕਤ ਵਧਾ ਲਈ ਹੈ, ਉਸ ਦੀ ਯੋਜਨਾ 1948 ਵਿੱਚ ਬਣੀ ਸੀ, ਇਸ ਲਈ ਸਾਨੂੰ (ਹਿੰਦੂਆਂ) ਨੂੰ ਵੀ ਹੁਣ ਅੱਗੇ ਵਧਣ ਲਈ ਪਹਿਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ, 'ਅੱਜ ਅਸੀਂ ਤਾਕਤ ਦੀ ਸਥਿਤੀ 'ਵਿਚ ਹਾਂ, ਇਸ ਲਈ ਸਾਨੂੰ ਇਹ ਵੀ ਧਿਆਨ ਰੱਖਣਾ ਹੋਵੇਗਾ ਕਿ ਅਸੀਂ ਅੱਜ ਆਪਣੀ ਤਾਕਤ ਦੀ ਸਥਿਤੀ ਵਿਚ ਕਿਹੜੀ ਪਹਿਲ ਕਰਨੀ ਹੈ, ਤਾਂ ਜੋ ਅਸੀਂ ਅੱਗੇ ਵਧ ਸਕੀਏ।ਭਾਰਤ ਵਿੱਚ ਰਹਿਣ ਵਾਲੇ ਮੁਸਲਮਾਨਾਂ ਬਾਰੇ ਗੱਲ ਕਰਦਿਆਂ ਭਾਗਵਤ ਨੇ ਜਬਰੀ ਧਰਮ ਪਰਿਵਰਤਨ, ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ 'ਘਰ ਵਾਪਸੀ' ਬਾਰੇ ਚਰਚਾ ਛੇੜਦਿਆਂ ਕਿਹਾ ਕਿ ਹਿੰਦੁਸਤਾਨ ਨੂੰ ਹਿੰਦੁਸਤਾਨ ਹੀ ਰਹਿਣਾ ਚਾਹੀਦਾ ਹੈ, ਇਹ ਇੱਕ ਸਾਦੀ ਜਿਹੀ ਜਿਹੀ ਗੱਲ ਹੈ। ਅੱਜ ਸਾਡੇ ਭਾਰਤ ਵਿੱਚ ਜੋ ਮੁਸਲਮਾਨ ਹਨ ਉਹਨਾਂ ਦਾ ਕੋਈ ਖਤਰਾ ਨਹੀਂ ਹੈ। ਉਹ ਰਹਿਣਾ ਚਾਹੁੰਦੇ ਹਨ ਤਾਂ ਰਹਿਣ। ਪੂਰਵਜਾਂ ਕੋਲ ਵਾਪਸ ਆਉਣਾ ਚਾਹੁੰਦੇ ਹਨ ਤਾਂ ਆਉਣ। ਇਹ ਉਨ੍ਹਾਂ ਦੇ ਦਿਮਾਗ ਵਿਚ ਹੈ ਪਰ 'ਅਸੀਂ ਵੱਡੇ ਹਾਂ', 'ਅਸੀਂ ਇਕ ਸਮੇਂ ਰਾਜਾ ਸੀ', 'ਸਾਨੂੰ ਦੁਬਾਰਾ ਰਾਜੇ ਬਣਨਾ ਚਾਹੀਦਾ ਹੈ'...ਇਹ ਛੱਡਣਾ ਪਵੇਗਾ ਕਿ ਅਸੀਂ ਸਹੀ ਹਾਂ, ਬਾਕੀ ਸਭ ਗਲਤ। ਇਹ ਸਭ ਛੱਡਣਾ ਪਵੇਗਾ ਕਿ ਅਸੀਂ ਵੱਖਰੇ ਹਾਂ, ਇਸ ਲਈ ਅਸੀਂ ਵੱਖਰੇ ਰਹਾਂਗੇ, ਇਹ ਛੱਡਣਾ ਪਏਗਾ ਕਿ ਅਸੀਂ ਸਾਰਿਆਂ ਨਾਲ ਇਕੱਠੇ ਨਹੀਂ ਰਹਿ ਸਕਦੇ, ਇਸ ਤਰ੍ਹਾਂ ਦੀ ਸੋਚ ਤਿਆਗਣੀ ਪਵੇਗੀ । ਜਿਹੜਾ ਵੀ ਇਸ ਤਰ੍ਹਾਂ ਹਿੰਦੂ ਸੋਚਦਾ ਹੈ, ਉਸ ਨੂੰ ਵੀ ਇਹ ਵਿਚਾਰ ਛੱਡਣਾ ਪਵੇਗਾ। ਜੇ ਕੋਈ ਕਮਿਊਨਿਸਟ ਹੈ, ਉਸ ਨੂੰ ਵੀ ਇਹ ਵਿਚਾਰ ਛੱਡਣਾ ਪਵੇਗਾ।'




ਜੇਕਰ ਭਾਗਵਤ ਦੇ ਇਸ ਬਿਆਨ ਦੀ ਚੀਰ ਫਾੜ ਕਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਉਹ ਭਾਰਤ ਵਿਚ ਹਿੰਦੂਤਵ ਦਾ ਬੋਲਬਾਲਾ ਚਾਹੁੰਦੇ ਹਨ ਤੇ ਮੁਸਲਮਾਨਾਂ ਨੂੰ ਵਿਦੇਸ਼ੀ ਸਮਝ ਕੇ ਉਹਨਾਂ ਨੂੰ ਨੀਵਾਂ ਦਿਖਾ ਰਹੇ ਹਨ। ਉਨ੍ਹਾਂ ਦੀ ਧਾਰਨਾ ਵਿਚ ਹਿੰਦੂ ਉਤਮ ਹੈ ਤੇ ਮੁਸਲਮਾਨ ਦੂਜੇ ਨੰਬਰ ਦਾ ਸ਼ਹਿਰੀ ਹੈ। ਉਨ੍ਹਾਂ ਦਾ ਕਹਿਣਾ ਕਿ ਮੁਸਲਮਾਨਾਂ ਨੂੰ ਖ਼ੁਦ ਨੂੰ ਉੱਤਮ ਦੱਸਣ ਵਾਲੀ ਗਲਤ ਬਿਆਨਬਾਜ਼ੀ ਛੱਡ ਦੇਣੀ ਚਾਹੀਦੀ ਹੈ ਪਰ ਉਹ ਹਿੰਦਤਵੀਆਂ ਦੀ ਸੁਪਰਮੇਸੀ ਤੇ ਫਿਰਕੂ ਹਿੰਸਾ ਬਾਰੇ ਮੀਸਨੀ ਚੁਪ ਧਾਰੀ ਬੈਠੇ ਹਨ। ਉਹਨਾਂ ਦਾ ਬਿਆਨ ਮੁਸਲਮਾਨਾਂ ਨੂੰ ਜ਼ਲੀਲ ਕਰਨ ਵਾਲਾ ਹੈ।ਉਹ ਮੁਸਲਮਾਨਾਂ ਤੋਂ ਸਤਾ ਪ੍ਰਾਪਤੀ ਦਾ ਮੋਹ ਤਿਆਗਣ ਲਈ ਆਖ ਰਹੇ ਹਨ ਮਤਲਬ ਮੁਸਲਮਾਨਾਂ ਨੂੰ ਭਾਰਤ ਵਿਚ ਦੂਜੇ ਨੰਬਰ ਦਾ ਸ਼ਹਿਰੀ ਬਣਕੇ ਰਹਿਣਾ ਪਵੇਗਾ। ਆਰ ਐਸ ਐਸ. ਆਪਣੇ ਹਿੰਦੂਤਵ ਦੇ ਏਜੰਡੇ ਬਾਰੇ ਕਲੀਅਰ ਹੈ, ਕਿਉਂਕਿ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸੰਘ ਪਰਿਵਾਰ ਆਪਣੇ ਫਿਰਕੂ ਏਜੰਡੇ ਤੋਂ ਕਦੇ ਪਿੱਛੇ ਨਹੀਂ ਹਟਿਆ। ਇਨ੍ਹਾਂ ਦੀ ਨੀਤੀ ਇਹ ਹੈ ਕਿ ਪਹਿਲਾ ਬਿਆਨ ਦਾਗ਼ਦੇ ਹਨ ਫਿਰ ਲੋਕਾਂ ਦੀ ਪ੍ਰਤੀਕਿਰਿਆ ਦੇ ਹਿਸਾਬ ਨਾਲ਼ ਬਿਆਨ ਬਦਲ ਲੈਂਦੇ ਹਨ ਤੇ ਆਪਣੇ ਮਨਸੂਬਿਆਂ ਨੂੰ ਚੋਰ ਰਸਤਿਓਂ ਲਾਗੂ ਕਰਦੇ ਹਨ। ਸੰਘ ਭਾਜਪਾ ਦੀ ਪੂਰੀ ਸਿਆਸਤ ਹਿਟਲਰੀ ਨਾਜ਼ੀਵਾਦ ਉਪਰ ਟਿਕੀ ਹੋਈ ਹੈ। ਪਿਛਲੇ 8 ਸਾਲਾਂ ਤੋਂ ਫਾਸ਼ੀਵਾਦੀ ਦਹਿਸ਼ਤਗਰਦਾਂ ਵੱਲੋਂ ਭੀੜਤੰਤਰੀ ਹੱਤਿਆਵਾਂ ਤੇ ਹਮਲਿਆਂ ਰਾਹੀਂ ਮੁਸਲਮਾਨ ਵਿਰੋਧੀ ਹਿੰਸਾ ਦਾ ਦੌਰ ਜਾਰੀ ਰਿਹਾ ਸੀ। ਰਹਿੰਦੀ ਕਸਰ ਭਾਜਪਾ ਸ਼ਾਸਤ ਰਾਜਾਂ ਵਿੱਚ ਸਰਕਾਰਾਂ ਤੇ ਪ੍ਰਸ਼ਾਸਨ ਦੀ ਬੁਲਡੋਜ਼ਰ ਉਜਾੜਾ ਨੀਤੀ ਨੇ ਪੂਰੀ ਕਰ ਦਿੱਤੀ ਸੀ।

(ਬਾਕੀ ਸਫ਼ਾ 31 'ਤੇ)

## ਮਾਮਲਾ ਮੋਦੀ ਸਰਕਾਰ ਵਲੋਂ ਕਿਸਾਨਾਂ ਦੇ ਵਾਅਦੇ ਨਾ ਪੂਰੇ ਕਰਨ ਦਾ

# ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਬਰਸੀ ਸਮਾਗਮ ਦੌਰਾਨ ਪ੍ਰਬੰਧਕਾਂ ਵੱਲੋਂ ਭਾਜਪਾ ਦਾ ਬਾਈਕਾਟ

ਬਰਨਾਲਾ/ਏ.ਟੀ.ਨਿਊਜ਼ :- ਇਥੋਂ ਦੇ ਪਿੰਡ ਠੀਕਰੀਵਾਲਾ ਵਿਖੇ 18 ਤੋਂ 20 ਜਨਵਰੀ ਤੱਕ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਬਰਸੀ ਸਮਾਗਮ ਦੌਰਾਨ ਪ੍ਰਬੰਧਕਾਂ ਵੱਲੋਂ ਭਾਜਪਾ ਦਾ ਬਾਈਕਾਟ ਕੀਤਾ ਗਿਆ ਹੈ ਤੇ ਸਮਾਗਮ ਸਬੰਧੀ ਛਾਪੇ ਪੋਸਟਰ ਵਿੱਚ ਕੋਈ ਵੀ ਜ਼ਿਕਰ ਨਹੀਂ ਕੀਤਾ ਗਿਆ ਹੈ। ਦੱਸ ਦਈਏ ਕਿ ਖੇਤੀ ਕਾਨੂੰਨਾਂ ਦੇ ਰੱਦ ਹੋਣ ਦੌਰਾਨ ਭਾਜਪਾ ਵੱਲੋਂ ਜੋ ਵਾਅਦੇ ਕੀਤੇ ਗਏ ਸਨ, ਉਹ ਅਜੇ ਤਕ ਪੂਰੇ ਨਹੀਂ ਹੋਏ ਜਿਸ ਕਾਰਨ ਕਿਸਾਨਾਂ ਦਾ ਭਾਜਪਾ ਪ੍ਰਤੀ ਰੋਸ ਹੈ। ਖੇਤੀ ਕਾਨੂੰਨਾਂ ਦੇ ਰੱਦ ਹੋਣ ਦੇ ਇੱਕ ਵਰ੍ਹੇ ਬਾਅਦ ਵੀ ਸੂਬੇ ਦੇ ਪੇਂਡੂ ਖੇਤਰਾਂ ਵਿੱਚ ਭਾਜਪਾ ਵਿਰੁੱਧ ਰੋਸ ਬਰਕਰਾਰ ਹੈ। ਜਦ ਸੂਬੇ ਦੀ ਹਰ ਛੋਟੀ ਵੱਡੀ ਪਾਰਟੀ ਅਤੇ ਜਥੇਬੰਦੀਆਂ ਨੂੰ ਬੋਲਣ ਬਾਰੇ ਸਮਾਂ-ਸੂਚੀ ਜਾਰੀ ਕੀਤੀ ਗਈ ਹੈ।

ਕਿਸਾਨ ਜੱਥੇਬੰਦੀ ਦੇ ਵਿਰੋਧ ਦੇ ਚੱਲਦਿਆਂ ਪ੍ਰਬੰਧਕਾਂ ਨੇ ਭਾਜਪਾ ਨੇਤਾਵਾਂ ਨੂੰ ਨਾ ਬੁਲਾਉਣ ਦਾ ਫੈਸਲਾ ਕੀਤਾ ਹੈ। ਜਦਕਿ ਇਸ ਤੋਂ ਪਹਿਲਾਂ ਭਾਜਪਾ ਦੇ ਨੇਤਾ ਵੀ ਬਰਸੀ ਸਮਾਗਮ ਮੌਕੇ ਸ਼ਹੀਦ ਸੇਵਾ ਸਿੰਘ ਨੂੰ ਸ਼ਰਧਾਂਜਲੀ ਦੇਣ ਆਉਂਦੇ ਰਹੇ ਹਨ। ਪਿਛਲੇ ਦੋ ਵਰ੍ਹਿਆਂ ਤੋਂ ਬਰਸੀ ਸਮਾਗਮ ਮੌਕੇ ਖੇਤੀ ਕਾਨੂੰਨਾਂ ਦੇ ਸੰਘਰਸ਼ ਕਾਰਨ ਪਿੰਡ ਵਾਸੀਆਂ ਵਲੋਂ ਬੀਜੇਪੀ ਦਾ ਬਾਈਕਾਟ ਕੀਤਾ ਗਿਆ ਸੀ ਜੋ ਅੱਜ ਵੀ ਕਾਇਮ ਹੈ।



ਇਸ ਸਬੰਧੀ ਸਮਾਗਮ ਪ੍ਰਬੰਧਕ ਜਗਸੀਰ ਸਿੰਘ ਔਲਖ ਨੇ ਕਿਹਾ ਕਿ ਪਿੰਡ ਦੀਆਂ ਕਿਸਾਨ ਜੱਥੇਬੰਦੀਆਂ ਨੇ ਉਨ੍ਹਾਂ ਕੋਲ ਬਰਸੀ ਸਮਾਗਮ ਮੌਕੇ ਭਾਜਪਾ ਦੇ ਕਿਸੇ ਨੇਤਾ ਨੂੰ ਨਾ ਬੁਲਾਉਣ ਲਈ ਕਿਹਾ ਸੀ। ਪਿੰਡ ਜਾਂ ਸਮਾਗਮ ਵਿੱਚ ਕੋਈ ਵਿਵਾਦ ਨਾ ਹੋਵੇ ਇਸਦੇ ਮੱਦੇਨਜ਼ਰ ਬੀਜੇਪੀ ਦੇ ਕਿਸੇ ਨੇਤਾ ਨੂੰ ਸਮਾਗਮ ਮੌਕੇ ਸੱਦਿਆ ਨਹੀਂ ਗਿਆ ਜਿਸ ਕਰਕੇ ਉਨ੍ਹਾਂ ਦਾ ਪੋਸਟਰ ਵਿੱਚ ਵੀ ਜ਼ਿਕਰ ਨਹੀਂ ਹੈ।

ਕੇਂਦਰ ਨੇ ਵਾਅਦੇ ਨਹੀਂ ਕੀਤੇ ਪੂਰੇ: ਉਧਰ ਬੀਕੇਯੂ ਡਕੌਂਦਾ ਪਿੰਡ ਠੀਕਰੀਵਾਲਾ ਇਕਾਈ ਦੇ ਪ੍ਰਧਾਨ ਦਰਸ਼ਨ ਸਿੰਘ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਕੀਤੀ ਵਾਅਦਾ ਖਿਲਾਫੀ ਉਹ ਭੁੱਲੇ ਨਹੀਂ ਹਨ। ਸਰਕਾਰ ਕਿਸਾਨਾਂ ਨਾਲ ਕੀਤੀ ਐਮਐਸਪੀ ਗਾਰੰਟੀ ਕਾਨੂੰਨ ਲਖੀਮਪੁਰ ਖੀਰੀ ਘਟਨਾ ਦੇ ਇਨਸਾਫ ਕਿਸਾਨਾਂ 'ਤੇ ਦਰਜ ਪਰਚੇ ਰੱਦ ਕਰਨ ਦੇ ਵਾਅਦੇ ਤੋਂ ਭੱਜ ਚੁੱਕੀ ਹੈ।

## ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੀ ਹੱਤਿਆ ਦਾ ਮਾਮਲਾ

# ਗੈਂਗਸਟਰ ਗੋਲਡੀ ਬਰਾੜ ਦੇ ਸਾਥੀ ਪੈਰੀ ਨੂੰ ਹਿਮਾਚਲ ਪ੍ਰਦੇਸ਼ ਤੋਂ ਕੀਤਾ ਗ੍ਰਿਫ਼ਤਾਰ

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਪੁਲਿਸ ਦੇ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਗੈਂਗਸਟਰ ਗੋਲਡੀ ਬਰਾੜ ਦੇ ਸਾਥੀ ਇੰਦਰਪ੍ਰੀਤ ਸਿੰਘ ਪੈਰੀ ਨੂੰ ਹਿਮਾਚਲ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕੀਤਾ ਹੈ। ਉਹ ਫਰੀਦਕੋਟ ਵਿਚ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੀ ਹੱਤਿਆ ਸਮੇਤ ਪੰਜਾਬ ਅਤੇ ਹਰਿਆਣਾ ਵਿਚ ਹੱਤਿਆ ਅਤੇ 307 ਆਈਪੀਸੀ ਦੇ ਇਕ ਦਰਜਨ ਮਾਮਲਿਆਂ 'ਚ ਲੋੜੀਂਦਾ ਸੀ। ਜ਼ਿਕਰਯੋਗ ਹੈ ਕਿ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੇ ਕਤਲ ਦੀ ਜ਼ਿੰਮੇਵਾਰੀ ਵਿਦੇਸ਼ ਬੈਠੇ ਗੈਂਗਸਟਰ ਗੋਲਡੀ ਬਰਾੜ ਨੇ ਲਈ ਸੀ। ਗੈਂਗਸਟਰ ਗੋਲਡੀ ਬਰਾੜ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਪ੍ਰਦੀਪ ਸਿੰਘ ਦੇ ਕਤਲ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਸੀ ਕਿ ਸਰਕਾਰ ਪਿਛਲੇ 7 ਸਾਲਾਂ ਤੋਂ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਇਨਸਾਫ ਨਹੀਂ ਦੇ ਸਕੀ, ਇਸ ਲਈ ਅਸੀਂ ਖ਼ੁਦ ਇਨਸਾਫ ਕੀਤਾ ਹੈ।



ਪੁਲਿਸ ਦਾ ਮੰਨਣਾ ਹੈ ਕਿ ਪਾਬੰਦੀ ਸ਼ੁਦਾ ਜਥੇਬੰਦੀ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦਾ ਮੁਖੀ ਅਤੇ ਪਾਕਿਸਤਾਨ ਵਿੱਚ ਰਹਿ ਰਿਹਾ ਲਖਵੀਰ ਸਿੰਘ ਰੋਡੇ ਗੈਂਗਸਟਰ ਅਰਸ਼ਦੀਪ ਸਿੰਘ ਡੱਲਾ ਰਾਹੀਂ ਆਪਣਾ ਖਾੜਕੂ ਨੈੱਟਵਰਕ ਤਿਆਰ ਕਰਨ ਵਿੱਚ ਲੱਗਾ ਹੋਇਆ ਹੈ।ਬੀਤੇ ਹਫਤੇ ਦਿੱਲੀ 'ਵਿਚ ਗ੍ਰਿਫਤਾਰ ਕੀਤੇ ਗਏ ਗੁਲਾਰਭੋਜ ਦੇ ਜਗਜੀਤ ਸਿੰਘ ਦੇ ਵੀ ਉਸ ਨਾਲ ਸਬੰਧ ਸਾਹਮਣੇ ਆਏ ਹਨ। ਪੁਲਿਸ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਵੀ ਬਾਜਪੁਰ ਅਤੇ ਕੇਲਾਖੇੜਾ ਵਿਚ ਪਨਾਹ ਲੈ ਚੁੱਕੇ ਖਾੜਕੂ ਸੁਖਪ੍ਰੀਤ ਸਿੰਘ ਸੁੱਖ ਪਾਕਿਸਤਾਨ ਸਥਿਤ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਮੁਖੀ ਲਖਵੀਰ ਸਿੰਘ ਰੋਡੇ ਅਤੇ ਟਾਈਗਰ ਫੋਰਸ ਨਾਲ ਜੁੜੇ ਭਗੌੜੇ ਗੈਂਗਸਟਰ ਅਰਸ਼ਦੀਪ ਸਿੰਘ ਡੱਲਾ ਦੇ ਸੰਪਰਕ ਵਿਚ ਸਨ।

**ਸੁਰੱਖਿਆ ਏਜੰਸੀਆਂ ਵਲੋਂ ਅਲਰਟ**

ਸੁਰੱਖਿਆ ਏਜੰਸੀਆਂ ਨੇ ਪੰਜਾਬ ਵਿਚ ਵੱਡੇ ਖਾੜਕੂ ਹਮਲੇ ਦਾ ਅਲਰਟ ਜਾਰੀ ਕੀਤਾ ਹੈ। ਖੁਫੀਆ ਏਜੰਸੀਆਂ ਮੁਤਾਬਕ ਗਣਤੰਤਰ ਦਿਵਸ ਮੌਕੇ ਖਾੜਕੂ ਪੰਜਾਬ ਵਿਚ ਹਮਲੇ ਦੀ ਤਿਆਰੀ ਕਰ ਰਹੇ ਹਨ। ਜਿਸ ਦੇ ਚੱਲਦੇ ਸੂਬੇ ਵਿਚ ਅਲਰਟ ਜਾਰੀ ਕੀਤਾ ਗਿਆ ਹੈ। ਪੰਜਾਬ ਤੋਂ ਇਲਾਵਾ ਦਿੱਲੀ ਅਤੇ ਉੱਤਰ ਪ੍ਰਦੇਸ਼ ਵਿਚ ਵੀ ਖਾੜਕੂ ਹਮਲੇ ਦਾ ਅਲਰਟ ਜਾਰੀ ਕੀਤਾ ਗਿਆ ਹੈ। ਪੁਲਿਸ ਜਾਣਕਾਰੀ ਮੁਤਾਬਕ ਭਾਰਤ ਵਿਚ ਜੀ-20 ਸਮਿਟ ਹੋਣ ਜਾ ਰਿਹਾ ਹੈ, ਇਸ ਨੂੰ ਵੀ ਨਿਸ਼ਾਨਾ ਬਣਾ ਕੇ ਖਾੜਕੂ ਵੱਡਾ ਹਮਲਾ ਕਰਨ ਦੀ ਫਿਰਾਕ ਵਿਚ ਹਨ।

**ਦਰਪਣ ਝੂਠ ਨਹੀਂ ਬੋਲਦਾ**

# ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਨੂੰ ਪੰਜਾਬ ਵਿਚ ਭਰਵਾਂ ਹੁੰਗਾਰਾ

## ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜੇਕਰ ਰਾਹੁਲ ਗਾਂਧੀ ਆਪਣੇ ਪਰਿਵਾਰ ਵੱਲੋਂ ਸਿੱਖ ਘੱਲੂਘਾਰਾ ਜੂਨ '84, ਨਵੰਬਰ '84 ਬਾਰੇ ਮੁਆਫ਼ੀ ਮੰਗ ਲੈਂਦੇ ਤਾਂ ਭਾਜਪਾ ਲਈ ਇਕ ਤਕੜਾ ਝਟਕਾ ਸਾਬਤ ਹੋਣਾ ਸੀ

### ਭਾਜਪਾ ਤੇ ਆਰ.ਐਸ.ਐਸ. ਨੇ ਦੇਸ਼ ਵਿਚ ਨਫ਼ਰਤ ਤੇ ਦਹਿਸ਼ਤ ਫੈਲਾਅ ਕੇ ਮਾਹੌਲ ਵਿਗਾੜਿਆ : ਰਾਹੁਲ ਗਾਂਧੀ

### ਰਾਹੁਲ ਗਾਂਧੀ ਪੰਜਾਬ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਤੇ ਬੇਅਦਬੀ ਮਾਮਲਿਆਂ ਦਾ ਮੁੱਦਾ ਚੁੱਕਣ : ਪੰਥਕ ਆਗੂ

ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਪੰਜਾਬ ਵਿਚ ਪ੍ਰਭਾਵਸ਼ਾਲੀ ਰਹੀ ਹੈ, ਜਿਸ ਨੇ ਪੰਜਾਬ ਵਿਚ ਸਾਹ ਸਤ ਗੁਆ ਚੁੱਕੀ ਪੰਜਾਬ ਕਾਂਗਰਸ ਵਿਚ ਉਤਸ਼ਾਹ ਭਰਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਰਾਹੁਲ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਬੁਰੀ ਤਰ੍ਹਾਂ ਹੇਠਾਂ ਡਿਗੀ ਹੈ। ਪਰ ਇਹ ਵੀ ਠੀਕ ਹੈ ਕਿ ਰਾਹੁਲ ਗਾਂਧੀ ਨੇ ਇਸ ਸਾਰੇ ਘਟਨਾਕ੍ਰਮ ਤੋਂ ਕਾਫ਼ੀ ਕੁਝ ਸਿੱਖਿਆ ਵੀ ਹੈ। ਉਨ੍ਹਾਂ ਨੇ ਗ੍ਰਿਫ਼ਤਾਰੀ, ਪੁਛਗਿੱਛ ਜਾਂ ਜੇਲ੍ਹ ਦਾ ਡਰ ਲਾਹ ਕੇ ਆਪਣਾ ਅੰਦਾਜ਼ ਅਤੇ ਆਪਣੀ ਰਾਜਨੀਤੀ ਬਦਲੀ ਹੈ। ਬੇਸ਼ੱਕ ਭਾਜਪਾ ਦੀ ਰਾਜਨੀਤੀ ਨੇ ਭਾਰਤੀ ਸਿਆਸਤ ਦਾ ਗਣਿਤ ਹੀ ਬਦਲ ਕੇ ਰੱਖ ਦਿੱਤਾ ਹੈ ਤੇ ਵਿਰੋਧੀਆਂ ਪਾਰਟੀਆਂ ਕੋਲ ਇਸ ਦਾ ਬਦਲ ਨਹੀਂ ਹੈ। ਰਾਹੁਲ ਗਾਂਧੀ ਇਸ ਸਥਿਤੀ ਨੂੰ ਸਮਝਣ ਵਿਚ ਕਾਮਯਾਬ ਹੋਏ ਹਨ। ਕਾਂਗਰਸ ਇਹ ਸਮਝਦੀ ਹੈ ਕਿ ਭਾਜਪਾ ਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਫਿਰਕੂ ਵਿਚਾਰਧਾਰਾ ਕਾਰਨ ਦੇਸ਼ ਵਿਚ ਫ਼ਿਰਕੂ ਧਰੁਵੀਕਰਨ ਹੋਇਆ ਹੈ। ਇਸ ਲਈ ਲੋਕਾਂ ਨੂੰ ਨੇੜੇ-ਨੇੜੇ ਲਿਆਉਣ ਦੀ ਲੋੜ ਹੈ। ਇਸ ਦੇ ਨਾਲ-ਨਾਲ ਕਾਂਗਰਸ ਵਲੋਂ, ਦੇਸ਼ ਵਿਚ ਵਧ ਰਹੀ ਬੇਰੁਜ਼ਗਾਰੀ, ਗ਼ਰੀਬੀ ਅਤੇ ਮੋਦੀ ਸਰਕਾਰ ਵਲੋਂ ਪੈਦਾਵਾਰ ਦੇ ਸਾਰੇ ਸਾਧਨ ਕਾਰਪੋਰੇਟਰਾਂ ਦੇ ਹਵਾਲੇ ਕਰਨ ਦੀਆਂ ਨੀਤੀਆਂ ਦਾ ਵਿਰੋਧ ਕਰਨਾ ਵੀ ਇਸ ਯਾਤਰਾ ਦਾ ਉਦੇਸ਼ ਹੈ।

ਜਮਹੂਰੀਅਤ ਵਿਚ ਯਕੀਨ ਰੱਖਣ ਵਾਲੇ ਚੇਤਨ ਨਾਗਰਿਕਾਂ ਨੂੰ ਇਹ ਵੀ ਡਰ ਹੈ ਕਿ ਜੇਕਰ 2024 ਵਿਚ ਕੇਂਦਰ ਵਿਚ ਭਾਜਪਾ ਦੀ ਸਰਕਾਰ ਮੁੜ ਬਣਦੀ ਹੈ ਤਾਂ ਉਹ ਸੰਵਿਧਾਨ ਵਿਚ ਸੋਧ ਕਰ ਕੇ ਦੇਸ਼ ਨੂੰ ਹਿੰਦੂ ਰਾਸ਼ਟਰ ਵੀ ਐਲਾਨ ਸਕਦੀ ਹੈ। ਇਸ ਨਾਲ ਦੇਸ਼ ਵਿਚ ਭਾਜਪਾ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਤੋਂ ਵੱਖਰੇ ਵਿਚਾਰ ਰੱਖਣ ਵਾਲੇ ਆਮ ਲੋਕਾਂ, ਘੱਟਗਿਣਤੀਆਂ ਅਤੇ ਸ਼ਹਿਰੀ ਆਜ਼ਾਦੀਆਂ ਦਾ ਸਮਰਥਨ ਕਰਨ ਵਾਲੇ ਸੰਗਠਨਾਂ ਨੂੰ ਹੋਰ ਵਧੇਰੇ ਦਮਨ ਦਾ ਸਾਹਮਣਾ



ਕਰਨਾ ਪੈ ਸਕਦਾ ਹੈ। ਇਸੇ ਕਰਕੇ ਪੰਜਾਬ ਵਿਚ 'ਭਾਰਤ ਜੋੜੋ ਯਾਤਰਾ' ਦੀ ਫ਼ਤਹਿਗੜ੍ਹ ਸਾਹਿਬ ਦੀ ਧਰਤੀ ਤੋਂ ਰਸਮੀ ਸ਼ੁਰੂਆਤ ਕਰਨ ਤੋਂ ਪਹਿਲਾਂ ਕੁਲ ਹਿੰਦ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਉਪਰੰਤ ਆਖਿਆ ਕਿ ਭਾਜਪਾ ਤੇ ਆਰ. ਐਸ. ਐਸ. ਦੇਸ਼ ਵਿਚ ਨਫ਼ਰਤ, ਡਰ ਤੇ ਅਸ਼ਾਂਤੀ ਫੈਲਾਅ ਰਹੀ ਹੈ। ਭਾਜਪਾ ਨੇ ਦੇਸ਼ ਦੇ ਲੋਕਾਂ ਨੂੰ ਧਰਮਾਂ, ਜਾਤਾਂ-ਪਾਤਾਂ ਅਤੇ ਭਾਸ਼ਨਾਂ ਦੇ ਆਧਾਰ 'ਤੇ ਲੜਾ ਕੇ ਮਾਹੌਲ ਵਿਗਾੜ ਦਿੱਤਾ ਹੈ, ਜੋ ਦੇਸ਼ ਦਾ ਇਤਿਹਾਸ ਨਹੀਂ ਹੈ, ਕਿਉਂਕਿ ਲੋਕ ਜਮਹੂਰੀਅਤ ਵਿਚ ਯਕੀਨ ਰੱਖਦੇ ਹਨ। ਇਸ ਲਈ ਕਾਂਗਰਸ ਨੇ ਸੋਚਿਆ ਕਿ ਭਾਰਤ ਨੂੰ ਇਕ ਹੋਰ ਰਸਤਾ ਦਿਖਾਉਣ ਦੀ ਜ਼ਰੂਰਤ ਹੈ, ਜੋ ਪਿਆਰ ਤੇ ਆਪਸੀ ਭਾਈਚਾਰੇ ਦਾ ਹੋਵੇ। ਇਸੇ ਕਰਕੇ ਅਸੀਂ 'ਭਾਰਤ ਜੋੜੋ ਯਾਤਰਾ' ਸ਼ੁਰੂ ਕੀਤੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜਦੋਂ ਜੂਨ 1984 ਦਾ ਸ੍ਰੀ ਦਰਬਾਰ ਸਾਹਿਬ ਦਾ ਸਾਕਾ ਤੇ ਬਾਅਦ ਵਿਚ ਉਸ ਦੇ ਬਦਲੇ ਵਿਚ ਨਵੰਬਰ 84ਦੌਰਾਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਤੇ ਉਸ ਦੇ ਨਾਲ ਹੀ ਦਿੱਲੀ ਅਤੇ ਦੇਸ਼ ਦੇ ਹੋਰ ਸ਼ਹਿਰਾਂ ਵਿਚ ਸਿੱਖ ਕਤਲੇਆਮ ਹੋਇਆ ਤਾਂ ਉਸ ਵੇਲੇ ਰਾਹੁਲ ਗਾਂਧੀ ਮਸਾਂ 14 ਕੁ ਸਾਲ ਦਾ ਬੱਚਾ ਹੀ ਸੀ। ਇਸ ਲਈ ਇਸ ਸਾਰੇ ਘਟਨਾਕ੍ਰਮ ਵਿਚ ਉਸ ਦਾ ਕੋਈ ਦੋਸ਼ ਮੰਨਣਾ ਠੀਕ ਨਹੀਂ, ਜਿਵੇਂ ਕਿ ਸਿਆਸਤ ਵਿਚੋਂ ਡਗਮਗਾਈ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਇਸ ਬਾਰੇ ਤਿੱਖੇ ਪ੍ਰਤੀਕਰਮ ਕਰ ਰਹੀ ਹੈ। ਸਿੱਖ ਧਰਮ ਵਿਚ ਕੋਈ ਰਵਾਇਤ ਵੀ ਨਹੀਂ ਰਹੀ ਕਿ ਬਾਪ ਜਾਂ ਦਾਦੀ ਦੇ ਕੰਮ ਦੀ ਸਜ਼ਾ ਪੁੱਤਰ ਜਾਂ ਪੋਤਰੇ ਨੂੰ ਦਿਤੀ ਜਾਵੇ। ਹਾਲਾਂਕਿ ਰਾਹੁਲ ਗਾਂਧੀ ਨੇ ਇਸ ਯਾਤਰਾ ਵਿਚ ਵੱਖਰੇ ਰੂਪ ਵਿਚ ਤੇ ਐਲਾਨੇ ਪ੍ਰੋਗਰਾਮ ਤੋਂ ਪਾਸੇ ਜਾ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਮੱਥਾ ਟੇਕਿਆ ਹੈ ਤੇ ਸਿੱਖ ਪੰਥ ਪ੍ਰਤੀ ਇਕ ਵਿਸ਼ੇਸ਼ ਆਦਰ ਦਿਖਾਉਣ ਦੀ ਹੀ ਕੋਸ਼ਿਸ਼ ਕੀਤੀ ਹੈ। ਪਰ ਇਹ ਕਾਫੀ ਨਹੀਂ ਸੀ, ਰਾਹੁਲ ਨੂੰ ਆਪਣੇ ਪੁਰਖਿਆਂ

(ਬਾਕੀ ਸਫ਼ਾ 30 'ਤੇ)

# ਵਿਏਨਾ ਕਾਂਡ ਦੇ ਦੋਸ਼ੀ ਕਾਂਗਰਸੀ ਕੌਂਸਲਰ ਮਨਦੀਪ ਜੱਸਲ ਸਮੇਤ ਪੰਜ ਜਣਿਆਂ ਨੂੰ ਪੰਜ ਸਾਲ ਕੈਦ

## ਸਿੱਖਾਂ ਦੇ ਵਹੀਕਲ ਸਾੜਨ, ਦੰਗੇ ਕਰਨ ਦੇ ਵੀ ਦੋਸ਼ ਲੱਗੇ ਸਨ

ਸਥਾਨਕ ਅਦਾਲਤ ਨੇ ਮਈ 2009 ਵਿੱਚ ਵਾਪਰੇ ਵਿਏਨਾ ਕਾਂਡ ਦੌਰਾਨ ਇੱਥੋਂ ਦੇ ਜੌਹਲ ਹਸਪਤਾਲ ਸਮੇਤ ਇਲਾਕੇ ਵਿੱਚ ਅਗਜ਼ਨੀ ਦੀਆਂ ਵਾਪਰੀਆਂ ਘਟਨਾਵਾਂ ਸਬੰਧੀ ਚੱਲੇ ਕੇਸ ਵਿੱਚ ਕਾਂਗਰਸੀ ਕੌਂਸਲਰ ਮਨਦੀਪ ਜੱਸਲ ਸਮੇਤ ਪੰਜ ਜਣਿਆਂ ਨੂੰ ਦੋਸ਼ੀ ਕਰਾਰ ਦਿੰਦਿਆਂ ਪੰਜ ਸਾਲ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਯਾਦ ਰਹੇ ਜਸਲ ਉਪਰ ਸਿਖਾਂ ਦਾ ਮਾਲੀ ਨੁਕਸਾਨ, ਵਹੀਕਲ ਫੂਕਣ ਦੇ ਵੀ ਦੋਸ਼ ਲਗੇ ਸਨ। ਇਹ ਕੇਸ ਡਾ. ਬੀਐੱਸ ਜੌਹਲ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ। 2021 ਵਿੱਚ ਕਾਂਗਰਸ ਸਰਕਾਰ ਵੇਲੇ ਗ੍ਰਹਿ ਵਿਭਾਗ ਵੱਲੋਂ ਇਹ ਕੇਸ ਵਾਪਸ ਲੈਣ ਦੀ ਸਿਫਾਰਸ਼ ਵੀ ਕੀਤੀ ਗਈ ਸੀ। ਮਈ 2009 ਵਿੱਚ ਆਸਟਰੀਆ ਦੀ ਰਾਜਧਾਨੀ ਵਿਏਨਾ ਵਿੱਚ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਤੇ ਉਪ ਮੁਖੀ ਸੰਤ



ਰਾਮਾਨੰਦ 'ਤੇ ਜਾਨਲੇਵਾ ਹਮਲਾ ਕੀਤਾ ਗਿਆ ਸੀ, ਜਿਸ ਵਿੱਚ ਸੰਤ ਰਾਮਾਨੰਦ ਦੀ ਮੌਤ ਹੋ ਗਈ ਸੀ ਤੇ ਸੰਤ ਨਿਰੰਜਣ ਦਾਸ ਜ਼ਖ਼ਮੀ ਹੋ ਗਏ ਸਨ। ਉਸ ਘਟਨਾ ਤੋਂ ਬਾਅਦ ਦੋਆਬੇ ਵਿੱਚ ਹਿੰਸਕ ਤੇ ਅਗਜ਼ਨੀ ਦੀਆਂ ਘਟਨਾਵਾਂ ਵਾਪਰੀਆਂ ਸਨ। ਪੁਲੀਸ ਨੇ ਜੌਹਲ ਹਸਪਤਾਲ ਦੇ ਮਾਲਕ ਡਾ. ਬਲਜੀਤ ਸਿੰਘ ਜੌਹਲ ਦੀ ਸ਼ਿਕਾਇਤ 'ਤੇ 25 ਮਈ 2009 ਨੂੰ ਕੌਂਸਲਰ ਮਨਦੀਪ ਸਿੰਘ ਜੱਸਲ ਸਮੇਤ ਗੁਲਜ਼ਾਰਾ ਸਿੰਘ, ਬਾਲਮੁਕੰਦ ਬਿੱਲਾ, ਸ਼ਿੰਗਾਰਾ ਰਾਮ, ਰਾਜੇਸ਼ਵਰ ਅਤੇ ਕਿਸ਼ਨਪਾਲ ਮਿੰਟੂ ਵਿਰੁੱਧ ਕੇਸ ਦਰਜ ਕੀਤਾ ਸੀ। ਇਨ੍ਹਾਂ ਵਿੱਚੋਂ ਰਾਜ਼ੇਸ਼ਵਰ ਨੂੰ ਜ਼ਮਾਨਤ ਮਿਲ ਗਈ ਸੀ ਤੇ ਉਹ ਭਗੌੜਾ ਹੋ ਗਿਆ ਸੀ। ਹੁਣ ਫ਼ੈਸਲਾ ਸੁਣਾਉਣ ਮਗਰੋਂ ਉਕਤ ਪੰਜ ਦੋਸ਼ੀਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਅਦਾਲਤ ਨੇ ਦੋਸ਼ੀਆਂ ਨੂੰ ਘਟਨਾ ਦੌਰਾਨ ਜ਼ਖ਼ਮੀ ਹੋਏ 11 ਪੁਲਿਸ ਮੁਲਾਜ਼ਮਾਂ ਨੂੰ 10-10 ਹਾਜ਼ਾਰ ਰੁਪਏ ਤੇ ਸਾੜੇ ਗਏ ਮੋਟਰਸਾਈਕਲਾਂ ਦੇ ਮਾਲਕਾਂ ਨੂੰ 35 ਹਜ਼ਾਰ ਰੁਪਏ ਦੇਣ ਲਈ ਕਿਹਾ ਹੈ।

# ਕੈਨੇਡਾ ਦੀ ਗੈਂਗਵਾਰ ਵਿਚ ਪੰਜਾਬੀਆਂ ਦੀ ਵੱਡੀ ਸ਼ਮੂਲੀਅਤ ਕਾਰਨ ਵੀਜ਼ੇ ਹੋ ਰਹੇ ਨੇ ਰੱਦ

### ਪੰਜਾਬੀ ਨੌਜਵਾਨਾਂ ਦੇ ਗੈਂਗ ਤੇ ਡਰੱਗ ਨੈਟਵਰਕ ਬੀਸੀ ਤੋਂ ਇਲਾਵਾ ਅਲਬਰਟਾ, ਸਸਕੈਚਵਨ, ਮੈਨੀਟੋਬਾ, ਓਂਟਾਰੀਓ, ਕਿਊਬਿਕ, ਬਰੈਂਪਟਨ ਸਮੇਤ ਸਮੁੱਚੇ ਕੈਨੇਡਾ 'ਚ ਫੈਲਿਆ

### ਪੰਜਾਬੀ ਗੈਂਗਸਟਰਾਂ ਨੇ ਕੈਨੇਡਾ ਵਿਚ ਚੱਲ ਰਹੇ ਡਰੱਗ ਕਾਰਟੈਲ 'ਤੇ ਕੀਤਾ ਮੁਕੰਮਲ ਕਬਜ਼ਾ

ਕੈਨੇਡਾ ਵਿਚ ਵਧ ਰਹੇ ਗੈਂਗਸਟਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਪੰਜਾਬੀ ਮੂਲ ਦੇ ਨੌਜਵਾਨਾਂ ਦੀ ਵੱਡੀ ਸ਼ਮੂਲੀਅਤ ਨੂੰ ਦੇਖਦਿਆਂ ਕੈਨੇਡਾ ਸਰਕਾਰ ਪੰਜਾਬੀਆਂ ਨੂੰ ਵੀਜ਼ੇ ਦੇਣ ਪ੍ਰਤੀ ਸਖਤ ਹੋ ਰਹੀ ਹੈ। ਬਿਨਾਂ ਕਾਰਣ ਵੀਜ਼ੇ ਰਦ ਹੋ ਰਹੇ ਹਨ।ਪੰਜ ਅਗਸਤ 2022 ਨੂੰ ਕੈਨੇਡਾ ਦੇ ਸੂਬੇ ਬੀਸੀ ਨੇ ਗਿਆਰਾਂ ਖ਼ਤਰਨਾਕ ਅਪਰਾਧੀਆਂ ਦੇ ਨਾਵਾਂ ਅਤੇ



ਤਸਵੀਰਾਂ ਵਾਲਾ ਪੋਸਟਰ ਜਾਰੀ ਕੀਤਾ ਸੀ ਅਤੇ ਇਕ ਡਰਾਉਣਾ ਸੱਚ ਸਾਹਮਣੇ ਆਇਆ ਕਿ ਗਿਆਰਾਂ ਖ਼ਤਰਨਾਕ ਗੈਂਗਸਟਰਾਂ ਵਿਚੋਂ 9 ਪੰਜਾਬੀ ਮੂਲ ਦੇ ਹਨ ਜੋ 28 ਤੋਂ 40 ਸਾਲਾਂ ਦੇ ਨੌਜਵਾਨ ਹਨ। ਤਿੰਨ ਜਨਵਰੀ 2023 ਨੂੰ ਕੈਨੇਡਾ ਪੁਲਿਸ ਨੇ ਦੋ ਖ਼ਤਰਨਾਕ ਗੈਂਗਸਟਰਾਂ ਦਾ ਪੋਸਟਰ ਜਾਰੀ ਕੀਤਾ ਹੈ। ਉਹ ਦੋਵੇਂ ਪੰਜਾਬੀ ਮੂਲ ਦੇ ਹਨ। ਪੰਜਾਬੀ ਮੂਲ ਦੇ ਨੌਜਵਾਨਾਂ ਦਾ ਗੈਂਗਸਟਰ ਅਪਰਾਧਕ ਗਤੀਵਿਧੀਆਂ ਦਾ ਨੈੱਟਵਰਕ ਬੀਸੀ ਤੋਂ ਇਲਾਵਾ ਅਲਬਰਟਾ, ਸਸਕੈਚਵਨ, ਮੈਨੀਟੋਬਾ, ਓਂਟਾਰੀਓ, ਕਿਊਬਿਕ, ਬਰੈਂਪਟਨ ਸਮੇਤ ਸਮੁੱਚੇ ਕੈਨੇਡਾ ਵਿਚ ਫੈਲਿਆ ਹੋਇਆ ਹੈ। ਕੁਝ ਗੈਂਗਸਟਰ ਉਹ ਵੀ ਹਨ ਜੋ ਕੈਨੇਡਾ ਤੋਂ ਇਲਾਵਾ ਪੰਜਾਬ ਵਿਚ ਆਪਣਾ ਨੈੱਟਵਰਕ ਚਲਾ ਰਹੇ ਹਨ ਜਿਵੇਂ ਗੋਲਡੀ ਬਰਾੜ, ਲਖਵੀਰ ਲੰਡਾ, ਅਰਸ਼ ਡਾਲਾ, ਰਮਨਾ ਜੱਜ, ਰਿੰਕੂ ਰੰਧਾਵਾ, ਬਾਬਾ ਡੱਲਾ ਅਤੇ ਸੁੱਖਾ ਦੋਨਕੇ ਸ਼ਾਮਲ ਹਨ। ਕੈਨੇਡਾ ਸਰਕਾਰ ਦੀ ਇਕ ਰਿਪੋਰਟ ਅਨੁਸਾਰ ਪਿਛਲੇ 10 ਸਾਲਾਂ ਤੋਂ ਪੰਜਾਬੀ ਮੂਲ ਦੇ ਗੈਂਗਸਟਰਾਂ ਦਾ ਇੰਨਾ ਪ੍ਰਭਾਵ ਵਧ ਗਿਆ ਹੈ ਕਿ ਪੰਜਾਬੀ ਗੈਂਗਸਟਰਾਂ ਨੇ ਕੈਨੇਡਾ ਵਿਚ ਚੱਲ ਰਹੇ ਡਰੱਗ ਕਾਰਟੈਲ 'ਤੇ ਮੁਕੰਮਲ ਕਬਜ਼ਾ ਕਰ ਲਿਆ ਹੈ। ਦੁਖਦਾਈ ਖ਼ਬਰ ਇਹ ਸਾਹਮਣੇ ਆ ਰਹੀ ਹੈ ਕਿ ਸਟੱਡੀ ਵੀਜ਼ੇ ਵਾਲੇ ਜ਼ਿਆਦਾਤਰ ਲੋਕ, ਵਰਕ ਪਰਮਿਟ ਵਾਲੇ ਅਤੇ ਟਰੱਕ ਡਰਾਈਵਰ ਜਲਦੀ ਅਮੀਰ ਹੋਣ ਦੀ ਚਾਹਤ ਵਿਚ ਗੈਂਗਸਟਰਾਂ ਅਤੇ ਡਰੱਗ ਮਾਫ਼ੀਆ ਵੱਲ ਖਿੱਚੇ ਜਾ ਰਹੇ ਹਨ। ਦੂਜੇ ਪਾਸੇ ਪੰਜਾਬੀ ਮੂਲ ਦੇ ਨੌਜਵਾਨਾ ਦੇ ਨਾਮ ਡਰੱਗ ਤਸਕਰੀ ਵਿਚ ਵੀ ਵੱਡੇ ਪੱਧਰ 'ਤੇ ਸਾਹਮਣੇ ਆ ਰਹੇ ਹਨ। ਕੈਲਗਰੀ ਦੇ ਇਕ ਟਰੱਕ ਡਰਾਈਵਰ ਸੰਧੂ ਕੋਲੋਂ 28.5 ਮਿਲੀਅਨ ਡਾਲਰ ਦੀ 288.14 ਕਿੱਲੋ ਮੈਥਾਮਫੇਟਾਮਾਈਨ ਪਕੜੀ ਗਈ। ਮਿਸੀਗਾਸਾ ਪੁਲਿਸ ਨੇ 2.5 ਲੱਖ ਡਾਲਰ ਦੀ ਨਸ਼ੀਲੇ ਪਦਾਰਥਾਂ ਦੀ ਫੜੀ ਖੇਪ ਨਾਲ 5 ਤਸਕਰ ਫੜੇ ਜਿਨ੍ਹਾਂ ਵਿੱਚੋਂ ਤਿੰਨ ਪੰਜਾਬੀ ਮੂਲ ਦੇ ਤਸਕਰ ਪਾਏ ਗਏ। ਬਰੈਂਪਟਨ ਦੇ 46 ਸਾਲਾ ਮਾਂਗਟ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਗ੍ਰਿਫ਼ਤਾਰ ਕੀਤਾ ਗਿਆ। ਕਿਊਬਕ ਦੇ ਰਹਿਣ ਵਾਲੇ ਪਰਦੀਪ ਸਿੰਘ ਕੋਲੋਂ 112.50 ਕਿੱਲੋ ਕੋਕੀਨ ਫੜੀ ਗਈ। ਬੀਤੇ ਸਾਲ ਜੂਨ ਵਿਚ ਟੋਰਾਂਟੋ ਤੋਂ 9 ਪੰਜਾਬੀ ਮੂਲ ਦੇ ਨੌਜਵਾਨ ਗ੍ਰਿਫ਼ਤਾਰ ਕੀਤੇ ਗਏ। ਉਨ੍ਹਾਂ ਕੋਲੋਂ 61 ਮਿਲੀਅਨ ਡਾਲਰ ਤੋਂ ਵੱਧ ਕੀਮਤ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ। ਬਰੈਂਪਟਨ ਪੁਲਿਸ ਅਨੁਸਾਰ ਅਪ੍ਰੈਲ ਵਿਚ 25 ਪੰਜਾਬੀ ਮੂਲ ਦੇ ਲੋਕ ਡਰੱਗ ਗਿਰੋਹ ਦੇ ਹਿੱਸੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਜੋ ਕੈਨੇਡਾ ਵਿਚ ਆਪਣੇ ਭੂਮੀਗਤ ਨੈੱਟਵਰਕ ਰਾਹੀਂ ਪੂਰੇ ਕੈਨੇਡਾ ਵਿਚ ਕੋਕੀਨ ਦੀ ਤਸਕਰੀ ਦਾ ਕਾਰੋਬਾਰ ਕਰ ਰਹੇ ਸਨ। ਬਰੈਂਪਟਨ ਤੋਂ 25 ਸਾਲਾ ਦਰਨਪ੍ਰੀਤ ਸਿੰਘ ਕੋਕੀਨ ਦੀਆਂ 84 ਇੱਟਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਸੰਨ 2021 ਦੇ ਪੂਰੇ ਸਾਲ ਕੈਨੇਡੀਅਨ ਪੁਲਿਸ ਨੇ ਨਸ਼ੀਲੇ ਪਦਾਰਥਾਂ ਖ਼ਿਲਾਫ਼ ਇਕ ਆਪ੍ਰੇਸ਼ਨ ਚਲਾਇਆ ਜਿਸ ਤਹਿਤ 31 ਨਸ਼ਾ ਤਸਕਰ ਕਾਬੂ ਕੀਤੇ ਗਏ ਜਿਨ੍ਹਾਂ ਵਿਚ 25 ਪੰਜਾਬੀ ਮੂਲ ਦੇ ਸਨ। ਉਨ੍ਹਾਂ ਕੋਲੋਂ 444 ਕਿੱਲੋ ਕੋਕੀਨ, 182 ਕਿੱਲੋ ਕ੍ਰਿਸਟਲਮੇਥ, 427 ਕਿੱਲੋ ਭੰਗ, 300 ਆਕਸੀਕੋਡੋਨ ਗੋਲ਼ੀਆਂ, 996020 ਡਾਲਰ ਤਸਕਰੀ ਦੀ ਕਮਾਈ ਦੀ ਨਕਦੀ ਜ਼ਬਤ ਕੀਤੀ ਗਈ। ਉਨ੍ਹਾਂ ਕੋਲ 61 ਮਿਲੀਅਨ ਡਾਲਰ ਤੋਂ ਵੱਧ ਹੋਣ ਦਾ ਅਨੁਮਾਨ ਹੈ। ਸਤਾਈ ਸਤੰਬਰ ਨੂੰ ਕੈਨੇਡਾ ਪੁਲਿਸ ਨੇ ਢਾਈ ਕੁਇੰਟਲ ਅਫੀਮ ਪੰਜਾਬੀ ਮੂਲ ਦੇ ਤਸਕਰਾਂ ਕੋਲੋਂ ਬਰਾਮਦ ਕੀਤੀ ਸੀ। ਬ੍ਰਿਸ਼ ਕੋਲੰਬੀਆ ਦੇ ਸਰਵੇ ਅਨੁਸਾਰ ਇਸ ਸੂਬੇ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਅਫੀਮ ਦੇ ਆਦੀ ਹਨ। ਕੈਨੇਡਾ ਵਿਚ ਆਬਾਦੀ ਦਾ 2.6% ਹਿੱਸਾ ਪੰਜਾਬੀ ਆਬਾਦੀ ਬਣਦੀ ਹੈ। ਜੇ ਕੁੱਲ ਆਬਾਦੀ ਦਾ 26% ਹਿੱਸਾ ਗੈਂਗਸਟਰ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਵਿਚ ਮੋਹਰੀ ਰੋਲ ਅਦਾ ਕਰਦਾ ਸਾਹਮਣੇ ਆਵੇ ਤਾਂ ਇਹ

(ਬਾਕੀ ਸਫ਼ਾ 30 'ਤੇ)

# ਸੋਲੇਡਰ ਸ਼ਹਿਰ ’ਤੇ ਹੋਇਆ ਰੂਸ ਦਾ ਕਬਜ਼ਾ

➢ ਰੂਸ ਦਾ ਦਾਅਵਾ ਕਿ ਅਸੀਂ 500 ਯੂਕਰੇਨੀ ਫੌਜੀਆਂ ਨੂੰ ਮਾਰਿਆ, ਯੂਕਰੇਨ ਨੇ ਦਾਅਵਿਆਂ ਨੂੰ ਕੀਤਾ ਖਾਰਜ ➢ ਸੰਯੁਕਤ ਰਾਸ਼ਟਰ ਜਾਣਾ ਚਾਹੁੰਦੇ ਨੇ ਜ਼ੇਲੈਂਸਕੀ ➢ ਅਮਰੀਕਾ ਤੇ ਰੂਸ ਦੀ ਸਹਿਮਤੀ ਬਿਨਾਂ ਰੂਸ ਤੇ ਯੂਕਰੇਨ ਦੀ ਜੰਗ ਨਹੀਂ ਠਲੇਗੀ ➢ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੇ ਖ਼ਿੱਤੇ ਵਿਚ ਸ਼ਾਂਤੀ ਕਾਇਮ ਕਰਨ ਲਈ ਭਾਰਤ ਦੀ ਹਮਾਇਤ ਮੰਗੀ ➢ ਯੂਕਰੇਨ ਤੇ ਰੂਸ ਜੰਗ ਕਾਰਨ ਵਿਸ਼ਵ ਵਿਚ ਮਹਿੰਗਾਈ ਵਧੀ, ਭੁੱਖਮਰੀ ਫੈਲਣ ਦੇ ਆਸਾਰ ➢ ਯੂਕਰੇਨ ਦਾ ਲਗਭਗ ਵੀਹ ਫ਼ੀਸਦੀ ਖੇਤਰ ਰੂਸ ਦੇ ਅਧੀਨ



ਪ੍ਰੋ. ਬਲਵਿੰਦਰ ਪਾਲ ਸਿੰਘ
9815700916

**ਰੂਸ-ਯੂਕਰੇਨ ਜੰਗ ਦਾ ਅਗਾਂਹ ਕੀ ਹੋਵੇਗਾ ? ਕੀ ਕੋਈ ਹੱਲ ਸੰਭਵ ਹੈ ? ਜਾਂ ਫਿਰ ਇਹ ਇਕ ਵਾਰੀ ਫਿਰ ਤੋਂ ਸਮੁੱਚੇ ਯੂਰਪ ਤੇ ਬਾਕੀ ਸੰਸਾਰ ਨੂੰ ਇਕ ਹੋਰ ਆਲਮੀ ਜੰਗ ਵਿਚ ਖਿੱਚ ਲਵੇਗਾ ? ਯੂਰੋਪ ਦੁਖੀ ਹੈ ਕਿਉਂਕਿ ਜੰਗ ਦੇ ਥਕੇਵੇਂ ਅਤੇ ਮਾਲੀ ਮੰਦਵਾੜੇ ਨੇ ਪਹਿਲਾਂ ਹੀ ਇਕ ਤਰ੍ਹਾਂ ਇਸ ਦੇ ਕੋਨੇ ਕੋਨੇ ਨੂੰ ਬੁਰੀ ਤਰ੍ਹਾਂ ਜਕੜ ਲਿਆ ਹੈ। ਇਸ ਲਈ ਜਰਮਨੀ ਦੇ ਡਿਊਸ਼ ਬੈਂਕ ਨੇ ਅਮਰੀਕੀ ਬੈਂਕਾਂ ਤੋਂ ਕਰਜ਼ ਲੈਣ ਵਿਚਲੇ ਜੋਖ਼ਮਾਂ ਸਬੰਧੀ ਖ਼ਬਰਦਾਰ ਕੀਤਾ ਹੈ ਅਤੇ ਜਰਮਨੀ ਦੀ ਸਾਬਕਾ ਚਾਂਸਲਰ ਐਂਜਲਾ ਮਾਰਕਲ ਨੇ ਮੰਨਿਆ ਹੈ ਕਿ ਠੰਢੀ ਜੰਗ ਕਦੇ ਖ਼ਤਮ ਨਹੀਂ ਹੋਈ। ਕੁੱਲ ਮਿਲਾ ਕੇ ਰੂਸ-ਯੂਕਰੇਨ ਜੰਗ ਦਾ ਪੱਧਰ ਉੱਚਾ ਉਠਾਏ ਜਾਣ ਨਾਲ ਸਿਰਫ਼ ਮੁਨਾਫ਼ਾਖ਼ੋਰ ਬ੍ਰਿਗੇਡ ਲਈ ਜੰਗੀ ਸਾਜ਼ੋ-ਸਾਮਾਨ ਤੇ ਹਥਿਆਰਾਂ ਦੀ ਵਿਕਰੀ ਰਾਹੀਂ ਭਾਰੀ ਰਕਮਾਂ ਕਮਾਉਣ ਦਾ ਰਾਹ ਹੀ ਪੱਧਰਾ ਹੋਵੇਗਾ।**



ਯੂਕਰੇਨ ਦੇ ਪੱਛਮੀ ਹਿੱਸੇ ਵਿੱਚ ਸੋਲੇਡਰ ਇੱਕ ਛੋਟਾ ਜਿਹਾ ਸ਼ਹਿਰ ਹੈ। ਰੂਸ ਦੇ ਨਿੱਜੀ ਫੌਜੀ ਵੈਗਨਰ ਗਰੁੱਪ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਕਸਬੇ ’ਤੇ ਕਬਜ਼ਾ ਕਰ ਲਿਆ ਹੈ। ਵੈਗਨਰ ਗਰੁੱਪ ਦਾ ਮੁਖੀ ਯੇਵਗੇਨੀ ਪ੍ਰਿਗੋਗਿਨ ਨੇ ਦਾਅਵਾ ਕੀਤਾ ਕਿ ਉਸਦੇ ਲੜਾਕਿਆਂ ਨੇ 500 ਯੂਕਰੇਨੀ ਸੈਨਿਕਾਂ ਨੂੰ ਮਾਰਨ ਤੋਂ ਬਾਅਦ ਸ਼ਹਿਰ ’ਤੇ ਕਬਜ਼ਾ ਕਰ ਲਿਆ ਸੀ।

ਇਸ ਦੇ ਨਾਲ ਹੀ ਯੂਕਰੇਨ ਨੇ ਵੈਗਨਰ ਦੇ ਇਸ ਦਾਅਵੇ ਨੂੰ ਚੁਣੌਤੀ ਦਿੱਤੀ ਹੈ। ਰਾਸ਼ਟਰਪਤੀ ਵੋਲਡੋਮੀਰ ਜ਼ੈਲੇਂਸਕੀ ਨੇ ਕਿਹਾ ਹੈ ਕਿ ਲੜਾਈ ਅਜੇ ਖਤਮ ਨਹੀਂ ਹੋਈ ਹੈ। ਯੂਕਰੇਨ ਦੇ ਸੈਨਿਕ ਦ੍ਰਿੜਤਾ ਨਾਲ ਦੁਸ਼ਮਣਾਂ ਦਾ ਸਾਹਮਣਾ ਕਰ ਰਹੇ ਹਨ। ਯੂਕਰੇਨ ਨੇ ਸੋਲੇਡਰ ਵਿੱਚ 100 ਰੂਸੀ ਸੈਨਿਕਾਂ ਨੂੰ ਮਾਰਨ ਦਾ ਦਾਅਵਾ ਕੀਤਾ ਹੈ।ਸੋਲੇਡਾਰ ਦਾ ਅਰਥ ਹੈ ਨਮਕ ਦਾ ਤੋਹਫ਼ਾ। ਯੁੱਧ ਤੋਂ ਪਹਿਲਾਂ ਯੂਕਰੇਨ ਦਾ 90 ਫੀਸਦੀ ਲੂਣ ਇੱਥੋਂ ਆਉਂਦਾ ਸੀ।

ਹੁਣੇ ਜਿਹੇ ਰੂਸ ਨੇ ਕੀਵ ਦੇ ਅਹਿਮ ਬੁਨਿਆਦੀ ਢਾਂਚੇ ’ਤੇ ਉਪਰ ਮਿਜ਼ਾਇਲਾਂ ਨਾਲ ਹਮਲਾ ਕੀਤਾ ਸੀ।ਕੀਵ ਸ਼ਹਿਰ ਦੇ ਫੌਜੀ ਪ੍ਰਸ਼ਾਸਨ ਨੇ ਕਿਹਾ ਕਿ ਸ਼ਹਿਰ ਦੀ ਬਹੁਤ ਮਹੱਤਵਪੂਰਨ ਇਮਾਰਤ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਹੰਗਾਮੀ ਸੇਵਾਵਾਂ ਨਾਲ ਸਬੰਧਤ ਮੁਲਾਜ਼ਮ ਹਮਲੇ ਵਾਲੀ ਥਾਂ ’ਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰੂਸ ਵੱਲੋਂ ਦਾਗੀਆਂ ਗਈਆਂ ਮਿਜ਼ਾਇਲਾਂ ਹੋਲੋਸਿਵਸਕੀ ਜ਼ਿਲ੍ਹੇ ਦੇ ਗ਼ੈਰ-ਰਿਹਾਇਸ਼ੀ ਇਲਾਕੇ ਵਿਚ ਡਿੱਗੀਆਂ ਹਨ ਤੇ ਇੱਕ ਇਮਾਰਤ ਨੂੰ ਅੱਗ ਲੱਗ ਗਈ। ਕਿਸੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਮਿਲੀ ਹੈ। ਇਸੇ ਦੌਰਾਨ ਬਰਤਾਨੀਆ ਨੇ ਯੂਕਰੇਨ ਨੂੰ ਦੋ ਟੈਂਕ ਤੇ ਹੋਰ ਫੌਜੀ ਹਥਿਆਰ ਦੇਣ ਦਾ ਐਲਾਨ ਕੀਤਾ ਹੈ।

ਸੰਯੁਕਤ ਰਾਸ਼ਟਰ: ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ 24 ਫਰਵਰੀ ਨੂੰ ਯੂਕਰੇਨ ’ਤੇ ਰੂਸੀ ਹਮਲੇ ਨੂੰ ਇੱਕ ਸਾਲ ਪੂਰਾ ਹੋਣ ਮੌਕੇ ਸੰਯੁਕਤ ਰਾਸ਼ਟਰ ਵਿਚ ਇੱਕ ਉੱਚ ਪੱਧਰੀ ਮੀਟਿੰਗ ਨੂੰ ਸੰਬੋਧਨ ਕਰਨ ਲਈ ਜਾਣਾ ਚਾਹੁੰਦੇ ਹਨ। ਯੂਕਰੇਨ ਦੇ ਉੱਪ ਵਿਦੇਸ਼ ਮੰਤਰੀ ਐਮੀਨ ਜ਼ਾਪਾਰੋਪਾ ਨੇ ਕਿਹਾ, ਸਾਡੇ ਰਾਸ਼ਟਰਪਤੀ ਸੰਯੁਕਤ ਰਾਸ਼ਟਰ ਜਾਣਾ ਚਾਹੁੰਦੇ ਹਨ। ਜੇਕਰ ਉਨ੍ਹਾਂ ਦੀ ਸੁਰੱਖਿਆ ਨੂੰ ਕੋਈ ਖਤਰਾ ਨਾ ਹੋਇਆ ਤਾਂ ਉਨ੍ਹਾਂ ਨੂੰ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਇਥੇ ਜ਼ਿਕਰਯੋਗ ਹੈ ਕਿ ਰੂਸ ਅਤੇ ਯੂਕਰੇਨ ਦੀ ਜੰਗ ਚਲਦਿਆਂ 11 ਮਹੀਨੇ ਹੋ ਗਏ ਹਨ। ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫੋਨ ’ਤੇ ਗੱਲ ਕਰਦਿਆਂ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੇ ਖ਼ਿੱਤੇ ਵਿਚ ਸ਼ਾਂਤੀ ਕਾਇਮ ਕਰਨ ਲਈ ਭਾਰਤ ਦੀ ਹਮਾਇਤ ਮੰਗੀ ਸੀ। ਸਪੱਸ਼ਟ ਹੈ ਕਿ ਜੀ-20 ਗਰੁੱਪ ਮੁਲਕਾਂ ਦਾ ਨਵਾਂ ਮੁਖੀ ਭਾਰਤ, ਜ਼ੈਲੇਂਸਕੀ ਨੂੰ ਪ੍ਰਭਾਵਸ਼ਾਲੀ ਸਾਲਸ ਜਾਪਦਾ ਹੈ। ਭਾਰਤ ਇਸ ਲੰਮੀ ਖਿੱਚ ਗਈ ਜੰਗ ਨੂੰ ਗੱਲਬਾਤ ਅਤੇ ਕੂਟਨੀਤੀ ਜ਼ਰੀਏ ਖ਼ਤਮ ਕਰਨ ਦੀ ਲੋੜ ’ਤੇ ਜ਼ੋਰ ਦਿੰਦਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕੁਝ ਦਿਨ ਪਹਿਲਾਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਵੀ ਫੋਨ ’ਤੇ ਜੰਗਬੰਦੀ ਬਾਰੇ ਗੱਲਬਾਤ ਕੀਤੀ ਸੀ। ਪਰ ਭਾਰਤ ਦੀਆਂ ਅਪੀਲਾਂ ਦੇ ਬਾਵਜੂਦ ਰੂਸ ਤੇ ਯੂਕਰੇਨ ਵਿਚਾਲੇ ਜੰਗ ਵਧ ਰਹੀ ਹੈ।

ਅਮਰੀਕਾ ਅਤੇ ਹੋਰ ਪੱਛਮੀ ਮੁਲਕਾਂ ਦੇ ਦਬਾਅ ਦਾ ਸਾਹਮਣਾ ਕਰਦਿਆਂ ਭਾਰਤ ਨੇ ਆਪਣੇ ਜਾਂਚੇ-ਪਰਖੇ ਮਿੱਤਰ ਦੇਸ਼ ਰੂਸ ਨਾਲ ਨਜ਼ਦੀਕੀ ਸਬੰਧੀ ਬਣਾਈ ਰੱਖੇ ਹਨ। ਆਪਣੇ ਹਿੱਤਾਂ ਅਤੇ ਲੋੜਾਂ ਨੂੰ ਤਰਜੀਹ ਦਿੰਦਿਆਂ ਭਾਰਤ ਰਿਆਇਤੀ ਦਰਾਂ ’ਤੇ ਰੂਸੀ ਤੇਲ ਖਰੀਦਦਾ ਰਿਹਾ ਹੈ। ਭਾਰਤ ਨੇ ਖੁੱਲ੍ਹੇ ਤੌਰ ’ਤੇ ਰੂਸ ਦਾ ਵਿਰੋਧ ਵੀ ਨਹੀਂ ਕੀਤਾ। ਨਿਰਪੱਖ ਸੂਤਰਾਂ ਦਾ ਮੰਨਣਾ ਹੈ ਕਿ ਹਾਲੇ ਤਕ ਭਾਰਤ ਵਲੋਂ ਵਿਚੋਲਗੀ ਦੀ ਸੰਭਾਵਨਾ ਨਹੀਂ ਦਿਖਾਈ ਦੇ ਰਹੀ, ਕਿਉਂਕਿ ਰੂਸ ਕਿਸੇ ਦੇਸ਼ ਦੀ ਪ੍ਰਵਾਹ ਨਹੀਂ ਕਰ ਰਿਹਾ।ਕੂਟਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਇਹ ਕੰਮ ਇਕੱਲਿਆਂ ਨਹੀਂ ਕਰ ਸਕਦਾ। ਇਸ ਵਿਚ ਅਮਰੀਕਾ ਤੇ ਚੀਨ ਦੇ ਸਹਿਯੋਗ ਦੀ ਲੋੜ ਹੈ। ਅਮਰੀਕਾ ਵਲੋਂ ਯੂਕਰੇਨ ਨੂੰ ਲਗਾਤਾਰ ਹਥਿਆਰ ਅਤੇ ਫ਼ੌਜੀ ਸਹਾਇਤਾ ਦੇਣ ਦਾ ਮਤਲਬ ਹੈ ਜੰਗ ਨੂੰ ਹੋਰ ਤੇਜ਼ ਕਰਨਾ। ਇਸ ਤੋਂ ਜਾਪਦਾ ਹੈ ਕਿ ਅਮਰੀਕਾ ਤੇ ਰੂਸ ਦੀ ਸਹਿਮਤੀ ਬਿਨਾਂ ਜੰਗ ਦਾ ਰੁਕਣਾ ਔਖਾ ਹੈ।

ਇਸ ਜੰਗ ਕਾਰਨ ਅਰਥਚਾਰਿਆਂ ਦਾ ਤ੍ਰਾਹ ਨਿਕਲ ਗਿਆ ਹੈ, ਆਲਮੀ ਊਰਜਾ ਤੇ ਜਿਣਸ ਮੰਡੀਆਂ ਵਿਚ ਉਥਲ-ਪੁਥਲ ਮੱਚ ਗਈ ਹੈ ਜਿਸ ਕਰ ਕੇ ਮਹਿੰਗਾਈ ਦਰਾਂ ਨੂੰ ਅੱਗ ਲੱਗ ਗਈ ਹੈ। ਯੂਕਰੇਨ ਜੰਗ ਦਾ ਸੇਕ ਯੂਰੋਪੀਅਨ ਦੇਸ਼ਾਂ ਦੀਆਂ ਬਰੂਹਾਂ ਟੱਪ ਕੇ ਦੁਨੀਆ ਭਰ ਵਿਚ ਫੈਲ ਰਿਹਾ ਹੈ। ਇਸ ਜੰਗ ਨੇ ਆਲਮੀ ਪੱਧਰ ’ਤੇ ਗੈਸ, ਤੇਲ ਤੇ ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿਚ ਵੱਡਾ ਉਛਾਲ ਪੈਦਾ ਕੀਤਾ ਹੈ। ਕੋਰੋਨਾ ਵਾਇਰਸ ਦੇ ਸਦਮੇ ਤੋਂ (ਬਾਕੀ ਸਫ਼ਾ 30 ’ਤੇ)

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਸੁਪਰਬੱਗ, ਕਰੋਨਾ, ਮੰਦੀ, ਗਲੋਬਲ ਵਾਰਮਿੰਗ ਤੇ ਰੂਸ-ਅਮਰੀਕਾ ਦੀ ਸੰਭਾਵੀ ਜੰਗ ਸੰਸਾਰ ਲਈ ਸੰਕਟ ਸਿਰਜੇਗੀ

## ਇੰਗਲੈਂਡ ਵਿੱਚ ਕੋਵਿਡ ਦੇ ਮਰੀਜ਼ਾਂ ਵਿੱਚ ਖ਼ੂਨ ਦੇ ਜੰਮਣ ਦੇ ਮਾਮਲੇ 27 ਗੁਣਾ, ਦਿਲ ਦੇ ਫ਼ੇਲ੍ਹ ਹੋਣ ਦੇ ਮਾਮਲੇ 21 ਗੁਣਾ ਅਤੇ ਸਟ੍ਰੋਕ ਦੇ ਮਾਮਲੇ 17 ਗੁਣਾ ਵਧੇ

2020 ਵਿੱਚ ਜਦੋਂ ਕਰੋਨਾ ਵਾਇਰਸ ਸੰਕਟ ਆਇਆ ਸੀ ਤਾਂ ਉਸ ਕਾਰਨ ਸਭ ਇੱਕ ਸਾਲ ਲਈ ਆਪਣੇ ਘਰਾਂ ਵਿੱਚ ਕੈਦ ਹੋ ਗਏ ਸਨ । ਜਦੋਂ 2021 ਆਇਆ, ਅਜਿਹਾ ਲਗਦਾ ਸੀ ਕਿ ਸਭ ਸੁਧਰ ਜਾਵੇਗਾ, ਪਰ ਕਰੋਨਾ ਕਾਰਨ ਸਿਹਤ ਤੇ ਆਰਥਿਕਤਾ ਵਿਚ ਬਹੁਤ ਵੱਡੇ ਵਿਗਾੜ ਆਏ। 2022 ਤੋਂ ਬਹੁਤ ਸਾਰੀਆਂ ਉਮੀਦਾਂ ਸਨ, ਪਰ ਰੂਸ ਤੇ ਯੂਕਰੇਨ ਵਿਚਾਲੇ ਜੰਗ ਛਿੜਨ ਕਾਰਣ ਪੂਰੀ ਦੁਨੀਆ ਪ੍ਰਭਾਵਿਤ ਹੋਈ।2023 ਆ ਗਿਆ ਹੈ। 2023 ਇਸ ਸਦੀ ਦਾ ਸਭ ਤੋਂ ਖਰਾਬ ਸਾਲ ਹੋ ਸਕਦਾ ਹੈ।

2023 ਵਿੱਚ ਦਿਲ ਦੀ ਬਿਮਾਰੀ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਅਚਾਨਕ ਕਈ ਗੁਣਾ ਵਾਧਾ ਹੋਣ ਦੀ ਸੰਭਾਵਨਾ ਹੈ। ਪਿਛਲੇ ਸਾਲ ਬੈਠੇ, ਨੱਚਦੇ, ਕਸਰਤ ਕਰਦੇ ਸਮੇਂ ਅਚਾਨਕ ਮੌਤ ਦੇ ਸੈਂਕੜੇ ਵੀਡੀਓ ਸਾਹਮਣੇ ਆਏ ਸਨ। ਅਜਿਹਾ ਸਿਰਫ਼ ਭਾਰਤ ਵਿੱਚ ਹੀ ਨਹੀਂ ਹੋ ਰਿਹਾ। ਪੂਰੀ ਦੁਨੀਆ ਵਿੱਚ ਅਜਿਹੀਆਂ ਲੱਖਾਂ ਮੌਤਾਂ ਹੋਈਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਅਚਾਨਕ ਮੌਤ ਦੇ ਜ਼ਿਆਦਾਤਰ ਮਾਮਲੇ ਦਿਲ ਦੀਆਂ ਬਿਮਾਰੀਆਂ ਨਾਲ ਸਬੰਧਿਤ ਹਨ। 2020-21 ਵਿੱਚ ਕੋਰੋਨਾ ਦੌਰਾਨ ਵੱਡੀ ਗਿਣਤੀ ਵਿੱਚ ਬਜ਼ੁਰਗ ਅਤੇ ਬਿਮਾਰ ਲੋਕਾਂ ਦੀ ਮੌਤ ਹੋਈ ਸੀ। ਇਸ ਦੇ ਬਾਵਜੂਦ, 2022 ਵਿੱਚ ਵਾਧੂ ਮੌਤਾਂ ਨੇ ਹੈਰਾਨ ਕਰ ਦਿੱਤਾ। ਮਾਹਿਰਾਂ ਦਾ ਮੰਨਣਾ ਹੈ ਕਿ ਅਚਾਨਕ ਮੌਤ ਦੇ ਜ਼ਿਆਦਾਤਰ ਮਾਮਲੇ ਦਿਲ ਦੀਆਂ ਬਿਮਾਰੀਆਂ ਨਾਲ ਸਬੰਧਿਤ ਹਨ।

ਲੰਡਨ ਦੀ ਕੁਈਨਜ਼ ਮੈਰੀ ਯੂਨੀਵਰਸਿਟੀ ਦੇ ਅਧਿਐਨ ਅਨੁਸਾਰ, ਇੰਗਲੈਂਡ ਵਿੱਚ ਕੋਵਿਡ ਦੇ ਮਰੀਜ਼ਾਂ ਵਿੱਚ ਖ਼ੂਨ ਦੇ ਜੰਮਣ ਦੇ ਮਾਮਲੇ 27 ਗੁਣਾ, ਦਿਲ ਦੇ ਫੇਲ ਹੋਣ ਦੇ ਮਾਮਲੇ 21 ਗੁਣਾ ਅਤੇ ਸਟ੍ਰੋਕ ਦੇ ਮਾਮਲੇ 17 ਗੁਣਾ ਵੱਧ ਗਏ ਹਨ। ਇੰਗਲੈਂਡ ਵਿਚ ਕੋਰੋਨਾ ਤੋਂ ਪਹਿਲਾਂ ਕਿਸੇ ਵੀ ਮਰੀਜ਼ ਨੂੰ ਦਿਲ ਦੇ ਇਲਾਜ ਲਈ 1 ਸਾਲ ਤੋਂ ਵੱਧ ਇੰਤਜ਼ਾਰ ਨਹੀਂ ਕਰਨਾ ਪੈਂਦਾ ਸੀ। ਅਗਸਤ 2022 ਵਿੱਚ 7 ਹਜ਼ਾਰ ਲੋਕ ਦਿਲ ਦੇ ਇਲਾਜ ਲਈ ਇੱਕ ਸਾਲ ਤੋਂ ਉਡੀਕ ਕਰ ਰਹੇ ਹਨ।

ਨਿਊਯਾਰਕ ਪੋਸਟ ਅਨੁਸਾਰ ਕੋਵਿਡ ਤੋਂ ਪਹਿਲਾਂ ਅਮਰੀਕਾ ਵਿੱਚ ਹਰ ਸਾਲ ਲਗਭਗ 1.43 ਲੱਖ ਦਿਲ ਦੇ ਦੌਰੇ ਦੀ ਰਿਪੋਰਟ ਕੀਤੀ ਜਾ ਰਹੀ ਸੀ, ਪਰ ਕੋਵਿਡ ਦੀ ਪਹਿਲੀ ਲਹਿਰ ਤੋਂ ਬਾਅਦ ਇਹ ਅੰਕੜੇ 14% ਵਧ ਗਏ ਹਨ। ਦੂਜੀ ਲਹਿਰ ਤੋਂ ਬਾਅਦ, 25-44 ਸਾਲ ਦੀ ਉਮਰ ਦੇ ਲੋਕਾਂ ਵਿੱਚ ਦਿਲ ਦੇ ਦੌਰੇ ਨਾਲ ਹੋਣ ਵਾਲੀਆਂ ਮੌਤਾਂ ਵਿੱਚ 30% ਦਾ ਵਾਧਾ ਹੋਇਆ ਹੈ

ਆਕਸਫੋਰਡ ਦੇ ਇੱਕ ਅਧਿਐਨ ਦੇ ਅਨੁਸਾਰ, ਗੰਭੀਰ ਕੋਵਿਡ ਤੋਂ ਠੀਕ ਹੋਣ ਵਾਲੇ 10 ਵਿੱਚੋਂ 5 ਲੋਕਾਂ ਨੂੰ ਦਿਲ ਦਾ ਦੌਰਾ ਪੈਣ ਦੀ ਉੱਚ ਸੰਭਾਵਨਾ ਹੁੰਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਕੋਵਿਡ ਮਹਾਂਮਾਰੀ ਦਾ ਅਸਿੱਧਾ ਪ੍ਰਭਾਵ ਕੋਵਿਡ ਤੋਂ ਵੀ ਵੱਡਾ ਹੋ ਸਕਦਾ ਹੈ।

> ➢ ਅਮਰੀਕਾ ਵਿਚ ਦਿਲ ਦੇ ਦੌਰੇ ਨਾਲ ਹੋਣ ਵਾਲੀਆਂ ਮੌਤਾਂ ਵਿੱਚ 30% ਵਾਧਾ
> ➢ ਰੂਸ-ਯੂਕਰੇਨ ਦੀ ਲੜਾਈ ਪ੍ਰਮਾਣੂ ਜੰਗ ਵਿੱਚ ਬਦਲਣ ਦੀ ਸੰਭਾਵਨਾ



ਯਾਦ ਰਹੇ ਕਿ 1918 ਦੇ ਸਪੈਨਿਸ਼ ਫਲੂ ਤੋਂ ਬਾਅਦ ਦਿਮਾਗੀ ਧੁੰਦ ਅਤੇ ਲਗਾਤਾਰ ਥਕਾਵਟ ਦੇ ਮਾਮਲੇ ਸਾਹਮਣੇ ਆਏ ਸਨ। ਦਿਮਾਗੀ ਧੁੰਦ ਦਾ ਅਰਥ ਹੈ ਸੋਚਣ, ਯਾਦ ਰੱਖਣ ਅਤੇ ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ।ਸਪੈਨਿਸ਼ ਫਲੂ ਤੋਂ ਬਾਅਦ1940 ਤੋਂ 1959 ਦੌਰਾਨ ਅਕਸਰ ਦਿਲ ਦੇ ਦੌਰੇ ਦੇ ਮਾਮਲੇ ਵੀ ਦੇਖੇ ਗਏ ਸਨ। ਇਸ ਲਈ ਸਪੈਨਿਸ਼ ਫਲੂ ਮਹਾਂਮਾਰੀ ਜ਼ਿੰਮੇਵਾਰ ਸੀ।

ਯੂਐਸਏ ਡਾਟ ਕਾਮ ਦੱਖਣੀ ਕੈਲੀਫੋਰਨੀਆ ਯੂਨੀਵਰਸਿਟੀ ਦੀ ਖੋਜ ਦਾ ਹਵਾਲਾ ਦਿੰਦਾ ਆਖਦਾ ਹੈ ਕਿ ਕੋਵਿਡ ਦੇ ਮਾੜੇ ਪ੍ਰਭਾਵਾਂ ਦੀ ਲਹਿਰ ਸਪੈਨਿਸ਼ ਫਲੂ ਤੋਂ ਵੀ ਖਤਰਨਾਕ ਹੋ ਸਕਦੀ ਹੈ।

24 ਫਰਵਰੀ 2022 ਦੌਰਾਨ ਰੂਸ ਨੇ ਯੂਕਰੇਨ 'ਤੇ ਇੱਕ ਵਿਸ਼ੇਸ਼ ਫੌਜੀ ਕਾਰਵਾਈ ਸ਼ੁਰੂ ਕੀਤੀ ਸੀ। ਇਹ ਜੰਗ ਪਿਛਲੇ 10 ਮਹੀਨਿਆਂ ਤੋਂ ਚੱਲ ਰਹੀ ਹੈ। ਅਮਰੀਕਾ ਅਤੇ ਯੂ.ਕੇ. ਵਰਗੇ ਦੇਸ਼ਾਂ ਨੇ ਯੂਕਰੇਨ ਨੂੰ ਅਰਬਾਂ ਡਾਲਰ ਦੇ ਹਥਿਆਰ ਭੇਜੇ ਹਨ ਅਤੇ 2023 ਵਿੱਚ ਮਦਦ ਜਾਰੀ ਰੱਖਣ ਦਾ ਵਾਅਦਾ ਕਰ ਰਹੇ ਹਨ। ਇਸ ਨਾਲ ਪ੍ਰਮਾਣੂ ਯੁੱਧ ਹੋ ਸਕਦਾ ਹੈ, ਜਿਸ ਨਾਲ ਲੱਖਾਂ ਲੋਕ ਮਾਰੇ ਜਾਣਗੇ ਅਤੇ ਸੰਸਾਰ ਹਮੇਸ਼ਾ ਲਈ ਬਦਲ ਜਾਵੇਗਾ।

ਦਾ ਡੇਲੀ ਸਟਾਰ ਡਾਟ ਨੈਟ ਅਨੁਸਾਰ ਪੁਲਿਤਜ਼ਰ ਪੁਰਸਕਾਰ ਜੇਤੂ ਪੱਤਰਕਾਰ ਕ੍ਰਿਸ ਹੇਜੇਸ ਨੇ ਇਸ ਜੰਗ ਲਈ ਨਾਟੋ ਅਤੇ ਅਮਰੀਕਾ ਦੀ ਵਿਦੇਸ਼ ਨੀਤੀ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਮੁਤਾਬਕ ਜੇਕਰ ਇਹ ਜੰਗ ਲੰਬੇ ਸਮੇਂ ਤੱਕ ਜਾਰੀ ਰਹੀ ਤਾਂ ਰੂਸ ਅਤੇ ਅਮਰੀਕਾ ਦੀ ਪ੍ਰੌਕਸੀ ਜੰਗ ਸਿੱਧੀ ਲੜਾਈ ਵਿੱਚ ਬਦਲ ਸਕਦੀ ਹੈ। ਜਿਸ ਕਾਰਨ ਪ੍ਰਮਾਣੂ ਯੁੱਧ ਦੀ ਪੂਰੀ ਸੰਭਾਵਨਾ ਹੈ।

ਵਿਦੇਸ਼ੀ ਸਬੰਧਾਂ ਬਾਰੇ ਯੂਰਪੀਅਨ ਕੌਂਸਲ ਦੇ ਡਾਇਰੈਕਟਰ ਜੇਰੇਮੀ ਸ਼ਾਪੀਰੋ ਦਾ ਕਹਿਣਾ ਹੈ ਕਿ ਮੌਜੂਦਾ ਰੁਝਾਨ ਅਮਰੀਕਾ ਤੇ ਰੂਸ ਨੂੰ ਪ੍ਰਮਾਣੂ ਯੁੱਧ ਵੱਲ ਲੈ ਜਾ ਰਿਹਾ ਹੈ। ਜਿਸ ਵਿੱਚ ਲੱਖਾਂ ਲੋਕ ਮਾਰੇ ਜਾਣਗੇ।ਸ਼ਾਪੀਰੋ ਦਾ ਕਹਿਣਾ ਹੈ- ਜੇਕਰ ਰੂਸ ਬੁਰੀ ਤਰ੍ਹਾਂ ਹਾਰਨ ਲੱਗਾ ਤਾਂ ਉਹ ਪ੍ਰਮਾਣੂ ਬੰਬਾਂ ਦੀ ਵਰਤੋਂ ਕਰੇਗਾ, ਜਿਸ 'ਤੇ ਨਾਟੋ ਜਵਾਬੀ ਕਾਰਵਾਈ ਕਰੇਗਾ। ਇਹ ਸਭ ਕੁਝ ਮਿੰਟਾਂ ਵਿੱਚ ਹੋ ਸਕਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਯੂਕਰੇਨ ਦੇ ਸਫਲ ਹੋਣ ਦੀ ਜਿੰਨੀ ਜ਼ਿਆਦਾ ਸੰਭਾਵਨਾ ਹੋਵੇਗੀ, ਰੂਸੀ ਪ੍ਰਮਾਣੂ ਹਮਲੇ ਦਾ ਖ਼ਤਰਾ ਓਨਾ ਹੀ ਜ਼ਿਆਦਾ ਹੋਵੇਗਾ।

ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਨੇ ਕਿਹਾ ਕਿ ਰੂਸੀ ਅਧਿਕਾਰੀਆਂ ਨੇ ਆਪਣੇ ਸਮਾਜ ਨੂੰ ਸੰਭਾਵਿਤ ਪਰਮਾਣੂ ਵਰਤੋਂ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਦੌਰਾਨ ਨਿਊਯਾਰਕ ਟਾਈਮਜ ਨੇ ਲਿਖਿਆ ਕਿ ਯੂਕਰੇਨ ਦੇ ਲੋਕ ਰੂਸੀ ਪਰਮਾਣੂ ਹਮਲੇ ਲਈ ਤਿਆਰ ਹੋ ਰਹੇ ਹਨ।ਜੇਕਰ ਅਜਿਹਾ ਹੁੰਦਾ ਹੈ ਤਾਂ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪਹਿਲੀ ਵਾਰ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਜੰਗ ਵਿੱਚ ਕੀਤੀ ਜਾਵੇਗੀ। ਪਿਛਲੀ ਵਾਰ ਅਮਰੀਕਾ ਨੇ ਜਾਪਾਨ ਦੇ ਨਾਗਾਸਾਕੀ ਅਤੇ ਹੀਰੋਸ਼ੀਮਾ ਸ਼ਹਿਰਾਂ 'ਤੇ ਪ੍ਰਮਾਣੂ ਬੰਬ ਸੁੱਟੇ ਸਨ। ਇਸ ਵਿਚ ਕਰੀਬ 2 ਲੱਖ ਲੋਕ ਮਾਰੇ ਗਏ ਸਨ। ਜੋ ਬਚ ਗਏ ਉਹ ਅੰਗਹੀਣ ਹੋ ਗਏ। ਸ਼ਹਿਰ ਤਬਾਹ ਹੋ ਗਏ। ਇਸ ਦਾ ਪ੍ਰਭਾਵ ਕਈ ਪੀੜ੍ਹੀਆਂ ਤੱਕ ਜਾਰੀ ਹੈ।

ਵਰਲਡ ਇਕਨਾਮਿਕ ਲੀਗ ਟੇਬਲ 2023 ਦੇ ਬਿਆਨ ਅਨੁਸਾਰ.2022 ਵਿਚ ਭਾਵੇਂ ਵਿਸ਼ਵ ਅਰਥਚਾਰੇ ਨੇ 100 ਟ੍ਰਿਲੀਅਨ ਡਾਲਰ ਦਾ ਅੰਕੜਾ ਪਾਰ ਕਰ ਲਿਆ ਹੋਵੇ ਪਰ 2023 'ਚ ਜੇਕਰ ਮਹਿੰਗਾਈ ਨਾਲ ਲੜਨ ਲਈ ਵਿਆਜ ਦਰਾਂ ਵਧਦੀਆਂ ਰਹੀਆਂ ਤਾਂ ਦੇਸ਼ ਵਿਚ 2023 ਦੌਰਾਨ ਮੰਦੀ ਆਵੇਗੀ। ਸੈਂਟਰ ਫਾਰ ਇਕਨਾਮਿਕ ਐਂਡ ਬਿਜ਼ਨਸ ਰਿਸਰਚ ਮੁਤਾਬਕ ਕਈ ਦੇਸ਼ 2023 ਵਿਚ ਵੀ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਬੈਂਕ ਵਿਆਜ ਦਰਾਂ ਵਧਾਉਣ ਦਾ ਫਾਰਮੂਲਾ ਜਾਰੀ ਰੱਖਣਗੇ। ਜਦੋਂ ਬੈਂਕ ਵਿਆਜ ਦਰ ਵਧਾਉਂਦੇ ਹਨ ਤਾਂ ਲੋਕ ਉਧਾਰ ਘੱਟ ਕਰਕੇ ਬੱਚਤ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਨਾਲ ਬਾਜ਼ਾਰ ਵਿਚ ਉਤਪਾਦਾਂ ਦੀ ਮੰਗ ਘੱਟ ਜਾਂਦੀ ਹੈ। ਮਹਿੰਗਾਈ ਨੂੰ ਘੱਟ ਕਰਨ ਲਈ ਜੇਕਰ ਲੰਬੇ ਸਮੇਂ ਤੱਕ ਬੈਂਕ ਜ਼ਿਆਦਾ ਵਿਆਜ ਵਾਲੇ ਫਾਰਮੂਲੇ 'ਤੇ ਚੱਲਣਗੇ ਤਾਂ ਕਰਜ਼ਾ ਲੈਣਾ ਵਪਾਰੀਆਂ ਅਤੇ ਖਪਤਕਾਰਾਂ ਦੋਵਾਂ ਲਈ ਮਹਿੰਗਾ ਹੋ ਜਾਵੇਗਾ। ਇਸ ਕਾਰਨ ਵਪਾਰੀ ਤੋਂ ਲੈ ਕੇ ਆਮ ਲੋਕ ਖਰਚ ਕਰਨ ਤੋਂ ਬਚਣਗੇ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਅਸਰ ਦੇਸ਼ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) 'ਤੇ ਪਵੇਗਾ।ਅੰਤਰਰਾਸ਼ਟਰੀ ਮੁਦਰਾ ਫੰਡ (ਆਈਐਮਐਫ) ਦੀ ਵਿਸ਼ਵ ਆਰਥਿਕ ਆਉਟਲੁੱਕ ਰਿਪੋਰਟ ਦੇ ਅਨੁਸਾਰ, ਗਲੋਬਲ ਮਹਿੰਗਾਈ ਦਰ, ਜੋ ਕਿ 2022 ਵਿੱਚ 8.8% ਸੀ, ਇਸ ਸਾਲ ਘੱਟ ਕੇ 6.5% ਅਤੇ 2024 ਤੱਕ 4.1% ਰਹਿ ਜਾਵੇਗੀ। ਇਸ ਸਭ ਦੇ ਵਿਚਾਲੇ, ਦੁਨੀਆ ਭਰ ਦੇ ਦੇਸ਼ਾਂ ਦੀ ਜੀਡੀਪੀ ਵਿਕਾਸ ਦਰ ਵਿੱਚ ਗਿਰਾਵਟ ਆਵੇਗੀ, ਜੋ ਆਰਥਿਕ ਮੰਦੀ ਨੂੰ ਦਰਸਾਉਂਦੀ ਹੈ।ਅਜਿਹੇ ਵਿੱਚ ਲੋਕਾਂ ਦੀਆਂ ਨੌਕਰੀਆਂ ਲਾਲ ਦਾਇਰੇ ਵਿੱਚ ਆ ਜਾਣਗੀਆਂ ਅਤੇ ਬੇਰੁਜ਼ਗਾਰੀ ਵਧੇਗੀ। ਅੰਤਰਰਾਸ਼ਟਰੀ ਬਾਜ਼ਾਰ ਵਿਚ ਵੀ ਕੱਚੇ ਤੇਲ ਦੀਆਂ ਕੀਮਤਾਂ ਵਧਣਗੀਆਂ। ਜੇਕਰ ਇਹ ਸਥਿਤੀ ਲੰਬੇ ਸਮੇਂ ਤੱਕ ਜਾਰੀ ਰਹੀ ਤਾਂ ਆਖ਼ਰਕਾਰ ਮਹਿੰਗਾਈ ਵਧੇਗੀ।

ਮੈਡੀਕਲ ਸਾਇੰਸ ਲਈ ਸੁਪਰ ਬੱਗ ਪਿਛਲੇ ਕੁਝ ਸਾਲਾਂ ਵਿੱਚ ਇੱਕ ਵੱਡੀ ਚੁਣੌਤੀ ਬਣ ਕੇ ਉਭਰਿਆ ਹੈ। ਕੋਰੋਨਾ ਵਾਇਰਸ ਕਾਰਨ ਪੈਦਾ ਹੋਈ ਸਥਿਤੀ ਨੇ ਇਸ ਨੂੰ ਹੋਰ ਖਤਰਨਾਕ ਬਣਾ ਦਿੱਤਾ ਹੈ। ਮੈਡੀਕਲ ਜਰਨਲ ਲੈਸੈਂਟ ਦੀ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਜੇਕਰ ਸਥਿਤੀ ਵਿੱਚ ਸੁਧਾਰ ਨਾ ਹੋਇਆ ਤਾਂ ਸੁਪਰਬੱਗ ਹਰ ਸਾਲ 10 ਮਿਲੀਅਨ ਲੋਕਾਂ ਦੀ ਜਾਨ ਲੈ ਸਕਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ 31 ਦਸੰਬਰ 2022 ਤੱਕ ਕੋਰੋਨਾ ਨਾਲ ਕਰੀਬ 60 ਲੱਖ ਮੌਤਾਂ ਹੋ ਚੁੱਕੀਆਂ ਹਨ।

ਅਸਲ ਵਿੱਚ, ਸੁਪਰਬੱਗ ਕਿਸੇ ਵੀ ਬੈਕਟੀਰੀਆ, ਵਾਇਰਸ ਅਤੇ ਪਰਜੀਵੀ ਦਾ ਇੱਕ ਸਟਰੇਨ ਹੈ। ਮੰਨ ਲਓ ਕਿ ਤੁਸੀਂ ਕੋਵਿਡ-19 ਤੋਂ ਬਚਣ ਲਈ ਟੀਕਾ ਲਗਾਇਆ ਹੈ। ਵੈਕਸੀਨ ਦਾ ਉਦੇਸ਼ ਕੋਵਿਡ ਨਾਲ ਲੜਨ ਦੀ ਸਮਰੱਥਾ ਪੈਦਾ ਕਰਨਾ ਹੈ, ਪਰ ਜਦੋਂ ਕੋਰੋਨਾ ਵਾਇਰਸ ਦਾ ਅਜਿਹਾ ਸਟਰੇਨ ਆਉਂਦਾ ਹੈ, ਜਿਸ 'ਤੇ ਟੀਕਾ ਅਸਰ ਨਾ ਕਰੇ। ਯਾਨੀ ਜੇਕਰ ਵਾਇਰਸ ਵੈਕਸੀਨ ਦੇ ਵਿਰੁੱਧ ਐਂਟੀਬਾਡੀਜ਼ ਵਿਕਸਿਤ ਕਰ ਲਵੇ ਤਾਂ ਕੋਵਿਡ ਵਾਇਰਸ ਦੇ ਇਸ ਸਟਰੇਨ ਨੂੰ ਇਸਦਾ ਸੁਪਰਬੱਗ ਸੰਸਕਰਣ ਕਿਹਾ ਜਾਵੇਗਾ।

ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਦੀ ਖੋਜ ਅਨੁਸਾਰ, ਭਾਰਤ ਵਿੱਚ ਨਮੂਨੀਆ ਅਤੇ ਸੈਪਟੀਸੀਮੀਆ (ਖ਼ੂਨ ਦੀ ਲਾਗ) ਦੇ ਇਲਾਜ ਲਈ ਵਰਤੀਆਂ ਜਾਂਦੀਆਂ ਦਵਾਈਆਂ, ਕਾਰਬਾਪੇਨੇਮ ਦਵਾਈ ਹੁਣ ਬੈਕਟੀਰੀਆ 'ਤੇ ਬੇਅਸਰ ਹੋ ਗਈ ਹੈ। ਇਸ ਤੋਂ ਬਾਅਦ ਇਨ੍ਹਾਂ ਦਵਾਈਆਂ ਦੇ ਉਤਪਾਦਨ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ।

ਸਕਾਲਰ ਅਕਾਦਮਿਕ ਜਰਨਲ ਆਫ਼ ਫਾਰਮੇਸੀ ਦੀ ਰਿਪੋਰਟ ਅਨੁਸਾਰ ਪਿਛਲੇ 15 ਸਾਲਾਂ ਵਿੱਚ ਐਂਟੀਬਾਇਓਟਿਕਸ ਦੀ ਖਪਤ ਵਿੱਚ 65% ਦਾ ਵਾਧਾ ਹੋਇਆ ਹੈ। ਆਮ ਜ਼ੁਕਾਮ ਅਤੇ ਖੰਘ ਲਈ ਵੀ ਲੋਕ ਐਂਟੀਬਾਇਓਟਿਕਸ ਦੀ ਵਰਤੋਂ ਕਰ ਰਹੇ ਹਨ। ਸੁਪਰ ਬੱਗ ਕਾਰਨ ਅਮਰੀਕਾ ਨੂੰ 5 ਬਿਲੀਅਨ ਡਾਲਰ ਦਾ ਨੁਕਸਾਨ ਹੋ ਰਿਹਾ ਹੈ, ਜੋ ਭਾਰਤ ਦੇ ਕੁੱਲ ਸਿਹਤ ਬਜਟ ਦਾ ਅੱਧਾ ਹੈ। ਅਮਰੀਕਾ ਦੀ ਐਮੋਰੀ ਯੂਨੀਵਰਸਿਟੀ ਦੇ ਵਿਗਿਆਨੀ ਡਾ: ਡੇਵਿਡ ਵਾਈਜ਼ ਮੁਤਾਬਕ ਜੇਕਰ ਐਂਟੀਬਾਇਓਟਿਕਸ ਦੀ ਵਰਤੋਂ ਇਸੇ ਤਰ੍ਹਾਂ ਵਧਦੀ ਰਹੀ ਤਾਂ ਮੈਡੀਕਲ ਸਾਇੰਸ ਦੀ ਸਾਰੀ ਤਰੱਕੀ ਬੇਕਾਰ ਹੋ ਜਾਵੇਗੀ। ਅਸੀਂ ਉਸ ਸਮੇਂ ਪਹੁੰਚ ਜਾਵਾਂਗੇ, ਜਿੱਥੇ ਮਾਮੂਲੀ ਸੱਟ ਵੀ ਘਾਤਕ ਸਾਬਤ ਹੋਵੇਗੀ। ਕੋਵਿਡ ਦੌਰਾਨ ਪਿਛਲੇ ਦੋ ਸਾਲਾਂ ਵਿੱਚ ਐਂਟੀਬਾਇਓਟਿਕਸ ਦੀ ਅੰਨ੍ਹੇਵਾਹ ਵਰਤੋਂ ਕੀਤੀ ਗਈ ਸੀ।

ਬੈਕਟੀਰੀਆ ਨੇ ਪਿਛਲੇ ਤਿੰਨ ਸਾਲਾਂ ਵਿੱਚ ਕਈ ਐਂਟੀਬਾਇਓਟਿਕਸ ਦੇ ਵਿਰੁੱਧ ਪ੍ਰਤੀਰੋਧਕ ਸ਼ਕਤੀ ਹਾਸਲ ਕਰ ਲਈ ਹੈ।ਸੈਂਟਰ ਫਾਰ ਡਿਜ਼ੀਜ਼ ਕੰਟ੍ਰੋਲ ਐਂਡ ਪ੍ਰੀਵੈਂਸ਼ਨ (ਸੀਡੀਸੀ) ਦੁਆਰਾ ਕੀਤੀ ਗਈ ਖੋਜ ਵਿੱਚ ਕਿਹਾ ਗਿਆ ਹੈ ਕਿ ਕੋਵਿਡ ਨੇ ਸੁਪਰ ਬੱਗ ਦੇ ਜੋਖਮ ਨੂੰ ਵਧਾ ਦਿੱਤਾ ਹੈ। ਇਸ ਦਾ ਪ੍ਰਭਾਵ ਸਾਲ 2023 ਵਿਚ ਵੱਡੀ ਅਬਾਦੀ 'ਤੇ ਦੇਖਣ ਨੂੰ ਮਿਲੇਗਾ। ਮਾਹਿਰ ਅਜੇ ਇਹ ਦੱਸਣ ਦੀ ਸਥਿਤੀ ਵਿੱਚ ਨਹੀਂ ਹਨ ਕਿ ਸੁਪਰ ਬੱਗ ਕਾਰਣ (ਬਾਕੀ ਸ.ਫਾ 31 'ਤੇ)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਈਵਿੰਗ ਲਾਈਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

18 ਜਨਵਰੀ ਤੋਂ 24 ਜਨਵਰੀ, 2023

## ਮਨੁੱਖ ਦੀ ਕੁਦਰਤ ਵਿਰੁੱਧ ਜੰਗ 'ਚੋਂ ਵਾਪਰ ਰਹੀਆਂ ਜੋਸ਼ੀਮੱਠ ਵਰਗੀਆਂ ਆਪਦਾਵਾਂ, ਕੀ ਪੰਜਾਬ ਦੀ ਵਾਰੀ ਵੀ ਨੇੜੇ ਹੈ?

ਪਿਛਲੇ ਦਿਨਾਂ ਵਿੱਚ ਉਤਰਾਖੰਡ ਦੇ ਸ਼ਹਿਰ ਜੋਸ਼ੀਮੱਠ ਵਿਚਲੀਆਂ ਘਟਨਾਵਾਂ ਸਾਡੇ ਸਭ ਦੇ ਸਾਹਮਣੇ ਆਈਆਂ ਹਨ ਅਤੇ ਨਾਲ ਹੀ ਪੰਜਾਬ ਦੀਆਂ ਨਹਿਰਾਂ ਦੇ ਪੱਕਿਆਂ ਕਰਨ ਦੀਆਂ ਖ਼ਬਰਾਂ ਮਿਲਦੀਆਂ ਰਹੀਆਂ ਹਨ। ਇੱਕ ਖਬਰ ਵਿੱਚ ਜਿਥੇ ਮਨੁੱਖ ਨੇ ਕੁਦਰਤ ਨਾਲ ਟੱਕਰ ਆਰੰਭੀ ਹੋਈ ਹੈ, ਦੂਸਰੀ ਖਬਰ ਅਨੁਸਾਰ ਟੱਕਰ ਲੈਣ ਦੀ ਤਿਆਰੀ ਹੈ।

ਦੁਨੀਆਂ ਨੂੰ ਵਿਗਿਆਨ ਦੇ ਰੂਪ ਵਿੱਚ ਨਵੀਂ ਗਿਆਨ ਵਿਧੀ ਰਾਹੀਂ ਮਨੁੱਖ ਨੇ ਇਹ ਸਮਝਣਾ ਅਤੇ ਆਖਣਾ ਸ਼ੁਰੂ ਕੀਤਾ ਹੋਇਆ ਹੈ ਕਿ 'ਕੁਦਰਤ ਬੰਦੇ ਦੀ ਸੇਵਾ ਲਈ ਹੈ'। ਇਸੇ ਸੇਵਾ ਲੈਣ ਦੀ ਸੋਚ ਅਧੀਨ ਹੀ ਲਗਾਤਾਰ ਦੋ ਸੌ ਸਾਲਾਂ ਤੋਂ ਆਪਣੀ ਸੁਖ ਸਹੂਲਤ ਲਈ ਬੰਦੇ ਨੇ ਕੁਦਰਤ ਨੂੰ ਉਜਾੜਨਾ ਅਤੇ ਵਰਤਣਾ ਸ਼ੁਰੂ ਕੀਤਾ ਹੈ। ਪਹਿਲਾਂ ਜਿਸ ਧਰਤੀ ਨੂੰ ਮਾਂ ਸਮਝਿਆ ਜਾਂਦਾ ਸੀ, ਪਾਣੀ ਨੂੰ ਪਿਤਾ ਅਤੇ ਕੁਦਰਤ ਨੂੰ ਮਨੁੱਖ ਦਾ ਸਹਾਈ ਸਮਝਿਆ ਜਾਂਦਾ ਸੀ। ਅਜਿਹੀ ਸੋਚ ਨੂੰ ਵਿਗਿਆਨ ਦੇ ਨਾਮ ਉਤੇ ਭੰਡਿਆ ਗਿਆ ਅਤੇ ਕੁਦਰਤ ਨੂੰ ਮਨੁੱਖ ਦੀ ਦਾਸੀ ਬਣਾਇਆ ਗਿਆ। ਵਿਕਾਸ ਅਤੇ ਪੂੰਜੀ ਦੇ ਨਾਮ ਉਤੇ ਮਨੁੱਖ ਨੂੰ ਕੁਦਰਤ ਨਾਲੋਂ ਤੋੜ ਕੇ ਵਿਨਾਸ਼ ਵੱਲ ਲਿਜਾਇਆ ਜਾ ਰਿਹਾ ਹੈ। ਵਿਕਾਸ ਰਾਹੀਂ ਹੁੰਦੀ ਕੁਦਰਤ ਅਤੇ ਫੇਰ ਮਨੁੱਖਤਾ ਦੀ ਤਬਾਹੀ ਦਾ ਅਟਲ ਸੱਚ ਹੁਣ ਦੁਨੀਆਂ ਜੋਸ਼ੀਮੱਠ ਦੀ ਹਾਲਤ ਰਾਹੀਂ ਦੇਖ ਰਹੀ ਹੈ।

ਜੋਸ਼ੀਮੱਠ ਉੱਤਰਾਖੰਡ ਦਾ ਮਸ਼ਹੂਰ ਸ਼ਹਿਰ ਹੈ, ਜੋ ਕਿ ਪਹਾੜ ਦੀ ਢਲਾਣ ਉਪਰ ਵੱਸਿਆ ਹੋਇਆ ਹੈ। ਇਹ ਸ਼ਹਿਰ ਚੀਨ ਨੇੜਲੀ ਸਰਹੱਦ ਦੇ ਨਜਦੀਕ ਹੀ ਜਾ ਪੈਂਦਾ ਹੈ। ਇਸੇ ਸ਼ਹਿਰ ਤੋਂ ਹੋਰ ਉਚੇ ਪਹਾੜਾਂ ਵੱਲ ਨੂੰ ਰਸਤੇ ਖੁੱਲ੍ਹਦੇ ਹਨ, ਦੋ ਨਦੀਆਂ ਅਲਕਨੰਦਾ ਅਤੇ ਧੌਲੀਗੰਗਾ ਇਸ ਦੇ ਕੋਲ ਦੀ ਗੁਜ਼ਰਦੀਆਂ ਹਨ ਅਤੇ ਅੱਗੇ ਜਾ ਕੇ ਗੰਗਾ ਨਦੀ ਵਿੱਚ ਇਕੱਠੀਆਂ ਹੋ ਜਾਂਦੀਆਂ ਹਨ। ਹਿਮਾਲਿਆ ਦੇ ਪਹਾੜਾਂ ਵਿੱਚ ਵਸਿਆ ਹੋਇਆ ਇਹ ਸ਼ਹਿਰ ਹੁਣ ਮਨੁੱਖਾਂ ਦੁਆਰਾ ਬਣਾਏ ਬੰਨ੍ਹ ਦੀ ਵਜ੍ਹਾ ਕਰਕੇ ਤਬਾਹੀ ਦਾ ਸ਼ਿਕਾਰ ਹੋ ਰਿਹਾ ਹੈ। ਥੋੜ੍ਹੇ ਦਿਨ ਪਹਿਲਾਂ ਦੀਆਂ ਖ਼ਬਰਾਂ ਵਿੱਚ ਇਸ ਸ਼ਹਿਰ ਦੇ ਹੇਠਲੀ ਜਮੀਨ ਲਗਾਤਾਰ ਗਰਕ ਰਹੀ ਹੈ। ਜਿਸ ਦੇ ਨਤੀਜੇ ਵਜੋਂ ਲੋਕਾਂ ਦੇ ਘਰ, ਦੁਕਾਨਾਂ, ਸੜਕਾਂ ਅਤੇ ਵੱਡੀਆਂ ਇਮਾਰਤਾਂ ਹੁਣ ਰਹਿਣਯੋਗ ਨਹੀਂ ਰਹੀਆਂ। ਤਰੇੜਾਂ ਵਧਣ ਕਰਕੇ ਲੋਕਾਂ ਨੂੰ ਘਰ ਛੱਡਕੇ ਬਾਹਰ ਰਹਿਣਾ ਪੈ ਰਿਹਾ ਹੈ ਅਤੇ ਹਰ ਸੁਰੱਖਿਅਤ ਟਿਕਾਣੇ ਵੱਲ ਕੂਚ ਕਰਨਾ ਪੈ ਰਿਹਾ ਹੈ।

ਇਸ ਤਰ੍ਹਾਂ ਦੀ ਤਬਾਹੀ ਦੀ ਵਜ੍ਹਾ ਅਲਕਨੰਦਾ ਅਤੇ ਧੌਲੀਗੰਗਾ ਨਦੀਆਂ ਉਪਰ ਜਗ੍ਹਾ ਜਗ੍ਹਾ ਬਣੇ ਹੋਏ ਬੰਨ੍ਹ ਹਨ। ਇਨ੍ਹਾਂ ਦੀ ਮੌਜੂਦਾ ਗਿਣਤੀ ਹੁਣ ਤਕਰੀਬਨ ਪੰਜਾਹ ਤੋਂ ਵੱਧ ਹੈ, ਜੋ ਕਿ ਸਾਰੇ ਉਤਰਾਖੰਡ ਵਿੱਚ ਫੈਲੇ ਹੋਏ ਹਨ। ਇਨ੍ਹਾਂ ਬੰਨ੍ਹਾਂ ਕਰਕੇ ਪਹਾੜਾਂ ਦੇ ਪੈਰਾਂ ਹੇਠਲੀ ਮਿੱਟੀ ਬਹੁਤ ਤੇਜ਼ੀ ਨਾਲ ਖੁਰ ਰਹੀ ਹੈ। ਅਜੇ ਉਤਰਾਖੰਡ ਸਰਕਾਰ ਵੱਲੋਂ ਹੋਰ 50 ਦੇ ਕਰੀਬ ਬੰਨ੍ਹ ਬਣ ਰਹੇ ਹਨ। ਬੰਨ੍ਹਾਂ ਦੀ ਉਸਾਰੀ ਲਈ ਸੁਰੰਗਾਂ ਦੀ ਉਸਾਰੀ ਨਾਲ ਪਹਾੜ ਵੀ ਖੋਖਲੇ ਹੋ ਰਹੇ ਹਨ। ਵਾਰ-ਵਾਰ ਪਾਣੀ ਇਕੱਠਾ ਹੋਣ ਦੇ ਕਰਕੇ ਪਹਾੜਾਂ ਦੀ ਪਾਣੀ ਰੋਕਣ ਦੀ ਸਮਰਥਾ ਵੀ ਘੱਟ ਰਹੀ ਹੈ। ਕਈ ਵਾਰ ਹੜ੍ਹ ਆਉਣ ਨਾਲ ਹੇਠਲੇ ਇਲਾਕਿਆਂ ਦੇ ਲੋਕਾਂ ਨੂੰ ਜਾਨੀ ਮਾਲੀ ਨੁਕਸਾਨ ਝਲਣਾ ਪੈ ਰਿਹਾ ਹੈ। ਜੋਸ਼ੀਮੱਠ ਵਰਗੇ ਸ਼ਹਿਰਾਂ ਸਣੇ 500 ਦੇ ਕਰੀਬ ਪਿੰਡ ਖਤਰੇ ਹੇਠ ਹਨ। ਪਹਾੜਾਂ ਵਿੱਚ ਤਕਰੀਬਨ ਹਰ ਸ਼ਹਿਰ ਪਿੰਡ ਕਿਸੇ ਨਾ ਕਿਸੇ ਨਦੀ ਦੇ ਕੰਡਿਆਂ ਉਪਰ ਹੀ ਪਹਾੜ ਦੀਆਂ ਢਲਾਣਾ 'ਤੇ ਵਸੇ ਹੁੰਦੇ ਹਨ। ਪੈਰਾਂ ਹੇਠਲੀ ਮਿੱਟੀ ਖੁਰਨ ਨਾਲ, ਦੂਸਰਾ ਹਿਮਾਲਾ ਦੀਆਂ ਪਹਾੜੀਆਂ ਬਹੁਤੀਆਂ ਸਖਤ ਪੱਥਰ ਵਾਲੀਆਂ ਨਹੀਂ ਹਨ।

ਹੁਣ ਜੋਸ਼ੀਮੱਠ ਬਾਰੇ ਕੁਦਰਤੀ ਆਪਦਾ ਤੋਂ ਬਾਅਦ ਸਰਕਾਰ ਥੋੜ੍ਹਾ ਹਰਕਤ ਵਿੱਚ ਆਈ ਹੈ। ਲੋਕਾਂ ਨੂੰ ਨਵੇਂ ਥਾਂ 'ਤੇ ਵਸਾਉਣ ਅਤੇ ਚੱਲ ਰਹੇ ਉਸਾਰੀ ਦੇ ਕਾਰਜ ਰੋਕ ਦਿੱਤੇ ਗਏ ਹਨ। ਕੇਂਦਰੀ ਮੰਤਰੀ ਸੁਸ਼ਮਾ ਸਵਰਾਜ ਨੇ ਗੰਗਾ ਨਦੀ ਦੀ ਦੁਹਾਈ ਦੇ ਕੇ ਬੰਨ੍ਹਾਂ ਦੀ ਉਸਾਰੀ ਰੁਕਵਾਉਣ ਲਈ ਕਿਹਾ ਹੈ। ਬਹੁਤ ਸਾਰੇ ਲੋਕਾਂ ਦਾ ਸਮਰਥਨ ਹਾਸਲ ਹੋਣਾ ਚੰਗੀ ਗੱਲ ਹੈ ਪਰ ਕੇਂਦਰ ਦੀ ਪੰਜਾਬ ਦੇ ਦਰਿਆਵਾਂ ਪ੍ਰਤੀ ਬੇਰੁਖੀ ਲਗਾਤਾਰ ਵੱਧ ਰਹੀ ਹੈ। ਪੰਜਾਬ ਦੇ ਪਾਣੀਆਂ ਨੂੰ ਲੁੱਟਣ ਲਈ ਨਿੱਤ ਨਵੇਂ ਪੈਂਤੜੇ ਸਰਕਾਰ ਵਲੋਂ ਅਪਣਾਏ ਜਾਂਦੇ ਹਨ। ਹਰੀਕੇ ਪੱਤਣ ਤੋਂ ਦੋ ਜੁੜਵੀਆਂ ਨਹਿਰਾਂ ਨੂੰ ਪੱਕਾ ਕਰਨ ਲਈ ਸਰਕਾਰ ਨੇ ਕਾਫ਼ੀ ਸਮੇਂ ਤੋਂ ਨੋਟੀਫ਼ਿਕੇਸ਼ਨ ਜਾਰੀ ਕੀਤਾ ਹੋਇਆ ਹੈ। ਇਹ ਫੈਸਲਾ ਵੀ ਕੁਦਰਤ ਵਿਰੋਧੀ ਤਾਂ ਹੈ ਹੀ, ਨਾਲ ਹੀ ਪੰਜਾਬ ਦੇ ਵੱਡੇ ਇਲਾਕੇ ਦੇ ਲੋਕਾਂ ਲਈ ਪਾਣੀ ਦੀ ਸਮਸਿਆ ਦਾ ਵੀ ਹੈ।

ਇੰਦਰਾ ਗਾਂਧੀ/ਰਾਜਸਥਾਨ ਨਹਿਰ ਅਤੇ ਸਰਹੰਦ ਫੀਡਰ ਨਹਿਰ ਦੀ ਰਾਜਸਥਨ ਵਿੱਚ ਪਾਣੀ ਲਿਜਾਣ ਲਈ ਕੇਵਲ 8.5 ਹਜ਼ਾਰ ਕਿਊਸਕ ਫੁੱਟ ਸੀ, ਪਰ ਇਹ ਨਹਿਰਾਂ ਪਹਿਲਾਂ ਹੀ ਜ਼ਰੂਰਤ ਤੋਂ ਜਿਆਦਾ 13 ਹਜ਼ਾਰ ਕਿਊਸਕ ਪਾਣੀ ਪੰਜਾਬ ਤੋਂ ਬਾਹਰ ਲੈ ਕੇ ਜਾ ਰਹੀਆਂ ਹਨ। ਹਾਲਾਂਕਿ ਇਹ ਸਾਰਾ ਪਾਣੀ ਹੀ ਗੈਰ ਜਰੂਰੀ ਰਾਜਸਥਾਨ ਨੂੰ ਜਾ ਰਿਹਾ ਹੈ ਜਿਸ ਦਾ ਹੱਲ ਕੀਤਾ ਜਾਣਾ ਚਾਹੀਦਾ ਹੈ ਪਰ ਹੁਣ ਪੰਜਾਬ ਸਰਕਾਰ ਦੇ ਨਵੇਂ ਫੈਸਲੇ ਨਾਲ ਜਿਥੇ ਪੰਜਾਬ ਦੇ ਪਾਣੀਆਂ ਦੀ ਲੁੱਟ ਵਧਣੀ ਹੈ ਉਥੇ ਨਹਿਰਾਂ ਦੇ ਪੱਕਾ ਹੋਣ ਨਾਲ ਧਰਤੀ ਹੇਠ ਪਾਣੀ ਜਾਣਾ ਬਿਲਕੁਲ ਬੰਦ ਹੋ ਜਾਣਾ ਹੈ।

ਇੰਦਰਾ ਗਾਂਧੀ ਨਹਿਰ ਅਤੇ ਸਰਹਿੰਦ ਫੀਡਰ ਨਹਿਰਾਂ ਹਰੀਕੇ ਪੱਤਣ ਤੋਂ ਪੰਜਾਬ ਦੇ ਜਿਸ ਇਲਾਕੇ ਵਿਚੋਂ ਲੰਘ ਰਹੀਆਂ ਹਨ ਉਸ ਇਲਾਕੇ ਦੇ ਲੋਕਾਂ ਨੂੰ ਪਾਣੀ ਵਰਤਣ ਦੀ ਆਗਿਆ ਨਹੀਂ ਹੈ, ਪਰ ਨਹਿਰਾਂ ਦੀ ਸੇਮ ਨਾਲ ਹੁਣ ਪਾਣੀ ਮਿੱਠਾ ਅਤੇ ਵਰਤਨਯੋਗ ਹੋਇਆ ਹੈ ਜਿਥੇ ਪਹਿਲਾਂ ਪਾਣੀ ਖਾਰਾ ਸੀ। ਨਹਿਰਾਂ ਦੇ ਕਿਨਾਰੇ ਪਹਿਲਾਂ ਹੀ ਪੱਕੇ ਹਨ, ਹੁਣ ਫਰਸ਼ ਨੂੰ ਪੱਕਿਆ ਕਰਨ ਨਾਲ ਪਾਣੀ ਰਿਸਣਾ ਬੰਦ ਹੋ ਜਾਣਾ ਹੈ। ਪੰਜਾਬ ਦਾ ਧਰਤੀ ਹੇਠਲਾ ਪਾਣੀ ਜੋ ਕਿ ਪਹਿਲਾਂ ਹੀ ਹੇਠਾਂ ਜਾ ਰਿਹਾ ਹੈ, ਨਹਿਰ ਵਿੱਚ ਤਰਪਾਲ ਅਤੇ ਕੰਕਰੀਟ ਪਾਉਣ ਨਾਲ ਧਰਤੀ ਹੇਠਲੇ ਪਾਣੀ ਦਾ ਹੋਰ ਹੇਠਾਂ ਜਾਣ ਸੁਭਾਵਿਕ ਹੈ। ਫਰੀਦਕੋਟ ਦੇ ਇਲਾਕੇ ਵਿੱਚ ਆਉਣ ਵਾਲੀ ਇਸ ਬਰਬਾਦੀ ਅਤੇ ਕੁਦਰਤ ਨਾਲ ਲਈ ਜਾ ਰਹੀ ਇਸ ਟੱਕਰ ਨੂੰ ਰੋਕਣ ਲਈ ਸਭ ਲੋਕਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ।

-ਸੰਪਾਦਕ

ਪੰਥਕ ਰਾਜਨੀਤੀ

# ਮੁੱਦਾ ਕੌਮੀ ਇਨਸਾਫ਼ ਮੋਰਚਾ ਅਤੇ ਪੰਥਕ ਰਾਜਨੀਤਕ ਲਹਿਰ ਦੀ ਮਜ਼ਬੂਤੀ ਦਾ



ਭਾਈ ਹਰਿਸਿਮਰਨ ਸਿੰਘ
ਮੋ. 9872591713

ਪਿਛਲੇ 15 ਸਾਲਾਂ ਦੇ ਸਮੇਂ ਦੌਰਾਨ ਜਿਨ੍ਹਾਂ ਵੀ ਪੰਥਕ ਜਾਂ ਆਰਥਿਕ ਮੁੱਦਿਆਂ ਉੱਤੇ ਸਿੱਖ ਪੰਥ ਇਕ ਜਾਂ ਦੂਜੇ ਰੂਪ ਵਿਚ ਪੰਜਾਬ ਅਤੇ ਕੇਂਦਰ ਸਰਕਾਰਾਂ ਵਿਰੁਧ ਕਈ ਤਰ੍ਹਾਂ ਨਾਲ ਸੰਘਰਸ਼ ਲੜਦਾ ਆ ਰਿਹਾ ਹੈ, ਉਸ ਦੀ ਵਰਤਮਾਨ ਲੜੀ ਵਿਚ ਚੰਡੀਗੜ੍ਹ ਦੀਆਂ ਬਰੂਹਾਂ 'ਤੇ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਵੱਲੋਂ ਇਕ ਹੋਰ ਮੋਰਚਾ ਲਗਾ ਦਿੱਤਾ ਗਿਆ ਹੈ। ਮੋਰਚੇ ਦੇ ਮੁਤਾਲਬੇ ਉਹੀ ਹਨ, ਸਗੋਂ ਇਨ੍ਹਾਂ ਵਿਚ 328 ਸਰੂਪਾਂ ਦਾ ਮਸਲਾ ਜੁੜਨ ਨਾਲ ਹੋਰ ਕੁਝ ਹੋਰ ਵਾਧਾ ਹੋ ਗਿਆ ਹੈ, ਕੇਵਲ ਮਾਤਰ ਪਾਤਰ ਹੀ ਬਦਲੇ ਹਨ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੋਈਆਂ ਬੇਅਦਬੀਆਂ ਦੇ ਮੂਲ ਦੋਸ਼ੀਆਂ ਨੂੰ ਪਕੜਨਾ, ਬੰਦੀ ਸਿੱਖਾਂ ਦੀ ਰਿਹਾਈ, ਬਹਿਬਲ ਕਲਾਂ ਤੇ ਕੋਟਕਪੂਰਾ ਦੇ ਗੋਲੀਕਾਂਡਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਆਦਿ ਮੁੱਖ ਮੁੱਦੇ ਇਸ ਮੋਰਚੇ ਦੇ ਉਦੇਸ਼ ਹਨ, ਪਰ ਇਸ ਮੋਰਚੇ ਨੂੰ ਸਿੱਖ ਪੰਥ ਵੱਲੋਂ 1947 ਤੋਂ ਬਾਅਦ ਲੜੇ ਗਏ ਅਨੇਕਾਂ ਮੋਰਚਿਆਂ ਵਿਚ ਕੌਮ ਦੇ ਸਮੇਂ ਤੇ ਊਰਜਾ ਦੇ ਲੱਗਣ ਅਤੇ ਹੋਈਆਂ ਅਨੇਕਾਂ ਸ਼ਹੀਦੀਆਂ ਅਤੇ ਹੋਰ ਕੁਰਬਾਨੀਆਂ ਦੀ ਲੜੀ ਵਿਚ ਵੇਖਿਆਂ ਸਾਡੇ ਹਿਰਦੇ ਵਿਚੋਂ ਇਕ ਦਰਦ ਭਰੀ ਚੀਸ ਜ਼ਰੂਰ ਨਿਕਲਦੀ ਹੈ ਕਿ ਆਖਿਰ ਕੌਮ ਵੱਲੋਂ ਇੰਨਾ ਜ਼ੋਰ ਲਗਾਉਣ ਦੇ ਬਾਵਜੂਦ ਕੌਮ ਦੀ ਸਮੁੱਚੀ ਸਥਿਤੀ ਉਥੇ ਹੀ ਖੜ੍ਹੀ ਹੈ। ਇਸ ਮੋਰਚੇ ਦੀ ਸਫ਼ਲਤਾ ਲਈ ਪ੍ਰਬੰਧਕਾਂ ਵੱਲੋਂ ਇਕ ਵਾਰ ਫਿਰ ਕੌਮ ਦੇ ਨੌਜਵਾਨਾਂ ਅਤੇ ਹਰ ਵਰਗ ਨੂੰ ਕਿਸਾਨੀ ਅਤੇ ਬਰਗਾੜੀ ਮੋਰਚੇ ਵਾਂਗ ਸ਼ਾਮਲ ਹੋਣ ਦੀ ਵੰਗਾਰ ਪਾਈ ਜਾ ਰਹੀ ਹੈ। ਆਪਣੇ ਜਜ਼ਬਾਤੀ ਕੌਮੀ ਸੁਭਾਅ ਅਨੁਸਾਰ ਸੰਗਤਾਂ ਇਕ ਵਾਰ ਫਿਰ ਵੱਧ ਚੜ੍ਹਕੇ ਹਰ ਤਰ੍ਹਾਂ ਦਾ ਸਹਿਯੋਗ ਤਾਂ ਦੇਣਗੀਆਂ ਅਤੇ ਟੈਸਟ ਵਿਚੋਂ ਪਾਸ ਹੋਣਗੀਆਂ, ਇਸ ਦਾ ਮੈਨੂੰ ਯਕੀਨ ਹੈ। ਪਰ ਮੁੱਦਾ ਤਾਂ ਇਸ ਮੋਰਚੇ ਦੇ ਆਗੂਆਂ ਦੀ ਸੁਯੋਗ ਅਗਵਾਈ, ਕੂਟਨੀਤਿਕ-ਕਾਨੂੰਨੀ ਸਮਝ ਬੂਝ ਅਤੇ ਕੌਮੀ ਪ੍ਰਾਪਤੀਆਂ ਕਰਨ ਦੀ ਸਫ਼ਲਤਾ ਨਾਲ ਜੁੜਿਆ ਹੋਇਆ ਟੈਸਟ ਹੈ, ਜਿਸ ਲਈ ਉਹ ਵੀ ਅਜਿਹੀ 'ਸਲੀਬ' ਉੱਤੇ ਆ ਚੜ੍ਹੇ ਹਨ।

ਇਸ ਮੋਰਚੇ ਦੇ ਪਿਛਲੇਰੇ ਅਤੇ ਵਰਤਮਾਨ ਸੰਦਰਭਾਂ ਵਿਚ ਸਿੱਖ ਪੰਥ, ਵਿਸ਼ੇਸ਼ ਕਰਕੇ ਸਿੱਖ ਸੰਘਰਸ਼ਸ਼ੀਲ ਸਿੱਖਾਂ ਸਾਹਮਣੇ ਚੁਣੌਤੀਆਂ ਭਰਪੂਰ ਕੁਝ ਮੂਲ ਪ੍ਰਸ਼ਨ ਉੱਠ ਖੜ੍ਹੇ ਹੋਏ ਹਨ। ਇਹ ਠੀਕ ਹੈ ਕਿ ਸਮੇਂ ਦੀਆਂ ਕੇਂਦਰ ਸਰਕਾਰਾਂ ਨੇ ਪੰਜਾਬ ਸਰਕਾਰਾਂ ਦੀ ਮਿਲੀਭੁਗਤ ਨਾਲ ਸਿੱਖਾਂ ਨੂੰ ਕਮਜ਼ੋਰ ਕਰਨ, ਉਨ੍ਹਾਂ ਨੂੰ ਹਮੇਸ਼ਾਂ ਭੰਬਲਭੂਸੇ ਵਿਚ ਪਾ ਕੇ ਰੱਖਣ ਅਤੇ ਸਿੱਖ ਮੁਤਾਲਬੇ ਹੱਲ ਨਾ ਕਰਨ ਦੀ ਢੀਠਤਾਈ ਵਾਲੀਆਂ ਨੀਤੀਆਂ ਅਪਨਾਈਆਂ ਹੋਈਆਂ ਹਨ, ਜਿਨ੍ਹਾਂ ਦਾ ਸਿੱਖ ਪੰਥ ਆਪਣਾ ਵਧੇਰੇ ਨੁਕਸਾਨ ਕਰਾ ਕੇ ਸਫ਼ਲਤਾ ਨਾਲ ਮੁਕਾਬਲਾ ਨਹੀਂ ਕਰ ਸਕਿਆ। ਆਪਣੀਆਂ ਮੰਗਾਂ ਮਨਵਾਉਣ ਲਈ ਸਿੱਖਾਂ ਨੇ 1975 ਤੋਂ ਹਰ ਪ੍ਰਕਾਰ ਦਾ ਸ਼ਾਂਤਮਈ ਅਤੇ ਹਥਿਆਰਬੰਦ ਸੰਘਰਸ਼ ਲੜ ਕੇ ਵੇਖ ਲਏ ਹਨ, ਲਗਭਗ 25 ਸਾਲ ਪੰਜਾਬ ਦੀ ਸੱਤਾ ਵਿਚ ਰਹਿਣ ਦੇ ਬਾਵਜੂਦ ਇਕ ਜਾਂ ਦੂਜੇ ਮੁੱਦੇ ਉੱਤੇ ਅਨੇਕਾਂ ਧਰਨੇ, ਮੁਜ਼ਾਹਰੇ, ਘਿਰਾਓ, ਖਾਲਸਾ ਮਾਰਚ, ਧਰਮ ਯੁੱਧ ਮੋਰਚੇ, ਲਿਖਤ ਅਤੇ ਸਮਾਗਮ ਤਕਨੀਕਾਂ, ਸਰਬੱਤ ਖਾਲਸੇ, ਮੀਡੀਆ ਤੇ ਵਿਸ਼ਵ ਪੱਧਰ 'ਤੇ ਹਰ ਢੰਗ ਤਰੀਕੇ ਵਰਤ ਕੇ ਵੇਖ ਲਏ ਹਨ, ਪਰ ਜਿਹੋ ਜਿਹੀ ਸਥਿਤੀ 1966-67 ਵਿਚ 57 ਸਾਲ ਪਹਿਲਾਂ ਸੀ, ਸਗੋਂ ਇਹ ਪਹਿਲੀ ਸਥਿਤੀ ਤੋਂ ਹੋਰ ਬੱਦਤਰ ਹੋ ਗਈ ਹੈ। ਧਾਰਮਿਕ, ਬੌਧਿਕ, ਸਮਾਜਿਕ ਅਤੇ ਸਿੱਖ ਕਾਮਨਵੈਲਥ ਦਾ ਜੋ ਵੀ ਖਿੰਡਾਓ ਤੇ ਆਪਸੀ ਦੂਰੀਆਂ ਵਾਲਾ ਵਾਤਾਵਰਨ ਬਣਿਆ ਹੋਇਆ ਹੈ, ਉਸ ਦੇ ਭਾਵੇਂ ਕਈ ਹੋਰ ਕਾਰਨ ਹਨ, ਪਰ ਪਿਛਲੇਰੇ ਸੰਘਰਸ਼ਾਂ ਦੀ ਅਸਫ਼ਲਤਾ ਅਤੇ ਸਿੱਖ ਰਾਜਨੀਤੀ ਦੇ ਪੰਥਕ-ਖਾਲਸਾਈ ਸੱਤਾ ਪ੍ਰਸੰਗ ਦੇ ਨਾ ਉਭਰਨ ਦੇ ਵੱਡੇ ਕਾਰਨ ਖੜ੍ਹੇ ਹਨ।

> **ਇਸ ਮੋਰਚੇ ਦੇ ਪਿਛਲੇਰੇ ਅਤੇ ਵਰਤਮਾਨ ਸੰਦਰਭਾਂ ਵਿਚ ਸਿੱਖ ਪੰਥ, ਵਿਸ਼ੇਸ਼ ਕਰਕੇ ਸਿੱਖ ਸੰਘਰਸ਼ਸ਼ੀਲ ਸਿੱਖਾਂ ਸਾਹਮਣੇ ਚੁਣੌਤੀਆਂ ਭਰਪੂਰ ਕੁਝ ਮੂਲ ਪ੍ਰਸ਼ਨ ਉੱਠ ਖੜ੍ਹੇ ਹੋਏ ਹਨ। ਇਹ ਠੀਕ ਹੈ ਕਿ ਸਮੇਂ ਦੀਆਂ ਕੇਂਦਰ ਸਰਕਾਰਾਂ ਨੇ ਪੰਜਾਬ ਸਰਕਾਰਾਂ ਦੀ ਮਿਲੀਭੁਗਤ ਨਾਲ ਸਿੱਖਾਂ ਨੂੰ ਕਮਜ਼ੋਰ ਕਰਨ, ਉਨ੍ਹਾਂ ਨੂੰ ਹਮੇਸ਼ਾਂ ਭੰਬਲਭੂਸੇ ਵਿਚ ਪਾ ਕੇ ਰੱਖਣ ਅਤੇ ਸਿੱਖ ਮੁਤਾਲਬੇ ਹੱਲ ਨਾ ਕਰਨ ਦੀ ਢੀਠਤਾਈ ਵਾਲੀਆਂ ਨੀਤੀਆਂ ਅਪਨਾਈਆਂ ਹੋਈਆਂ ਹਨ, ਜਿਨ੍ਹਾਂ ਦਾ ਸਿੱਖ ਪੰਥ ਆਪਣਾ ਵਧੇਰੇ ਨੁਕਸਾਨ ਕਰਾ ਕੇ ਸਫ਼ਲਤਾ ਨਾਲ ਮੁਕਾਬਲਾ ਨਹੀਂ ਕਰ ਸਕਿਆ। ਆਪਣੀਆਂ ਮੰਗਾਂ ਮਨਵਾਉਣ ਲਈ ਸਿੱਖਾਂ ਨੇ 1975 ਤੋਂ ਹਰ ਪ੍ਰਕਾਰ ਦਾ ਸ਼ਾਂਤਮਈ ਅਤੇ ਹਥਿਆਰਬੰਦ ਸੰਘਰਸ਼ ਲੜ ਕੇ ਵੇਖ ਲਏ ਹਨ, ਲਗਭਗ 25 ਸਾਲ ਪੰਜਾਬ ਦੀ ਸੱਤਾ ਵਿਚ ਰਹਿਣ ਦੇ ਬਾਵਜੂਦ ਇਕ ਜਾਂ ਦੂਜੇ ਮੁੱਦੇ ਉੱਤੇ ਅਨੇਕਾਂ ਧਰਨੇ, ਮੁਜ਼ਾਹਰੇ, ਘਿਰਾਓ, ਖਾਲਸਾ ਮਾਰਚ, ਧਰਮ ਯੁੱਧ ਮੋਰਚੇ, ਲਿਖਤ ਅਤੇ ਸਮਾਗਮ ਤਕਨੀਕਾਂ, ਸਰਬੱਤ ਖਾਲਸੇ, ਮੀਡੀਆ ਤੇ ਵਿਸ਼ਵ ਪੱਧਰ 'ਤੇ ਹਰ ਢੰਗ ਤਰੀਕੇ ਵਰਤ ਕੇ ਵੇਖ ਲਏ ਹਨ, ਪਰ ਜਿਹੋ ਜਿਹੀ ਸਥਿਤੀ 1966-67 ਵਿਚ 57 ਸਾਲ ਪਹਿਲਾਂ ਸੀ, ਸਗੋਂ ਇਹ ਪਹਿਲੀ ਸਥਿਤੀ ਤੋਂ ਹੋਰ ਬੱਦਤਰ ਹੋ ਗਈ ਹੈ।**

ਕਿਸਾਨੀ ਮੋਰਚੇ ਦੀ ਅਰਧ ਪ੍ਰਾਪਤੀ ਨੂੰ ਹੀ ਜੇਕਰ ਮੰਨ ਲਿਆ ਜਾਵੇ ਤਾਂ ਸਵਾਲ ਉਤਪੰਨ ਹੁੰਦਾ ਹੈ ਕਿ ਆਖਿਰ ਢੀਠ ਸਰਕਾਰਾਂ ਵਿਰੁੱਧ ਸਿੱਖ ਕਿਹੋ ਕਿਹਾ ਸੰਘਰਸ਼ ਲੜਨ ਕਿ ਪ੍ਰਾਪਤੀਆਂ ਯਕੀਨੀ ਬਣ ਸਕਣ। ਇਸ ਉਲਝਣਾਂ ਵਾਲੀ ਸਥਿਤੀ ਵਿਚ ਇਕ ਹੱਲ ਇਹ ਦਸਿਆ ਜਾ ਰਿਹਾ ਹੈ ਕਿ ਹੁਣ ਸਮਾਂ ਹੋਰ ਸਿਰ ਦੇ ਕੇ ਕੌਮੀ ਪ੍ਰਾਪਤੀਆਂ ਕਰਨ ਦਾ ਨਹੀਂ, ਸਗੋਂ ਬਦਲਦੇ ਸਮਿਆਂ ਵਿਚ ਰਾਜਨੀਤਿਕ ਜੰਗਾਂ ਮਨੋਵਿਗਿਆਨਿਕ ਤੇ ਮੀਡੀਆ ਦੀਆਂ ਜੰਗਾਂ ਲੜਨ ਦਾ ਹੈ। ਅਜਿਹੀਆਂ ਜੰਗਾਂ ਲੜਨ ਲਈ ਤਾਂ ਇਕ ਵੱਡੇ ਚੌੜੇ ਬੌਧਿਕ ਆਧਾਰ ਦੀ ਮੰਗ ਦੀ ਲੋੜ ਹੁੰਦੀ ਹੈ। ਪਰ ਕੀ ਸਿੱਖ ਪੰਥ ਕੋਲ ਇਕ ਪਿੰਡ ਦੀ ਜੂਹ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਅਜਿਹਾ ਬੌਧਿਕ ਆਧਾਰ ਮੌਜੂਦ ਹੈ? ਜਾਂ ਕੀ ਵਰਤਮਾਨ ਤੇ ਭਵਿੱਖ ਦਾ ਸੰਘਰਸ਼ਸ਼ੀਲ ਸਿੱਖ ਅਜਿਹੀ ਪ੍ਰਤਿੱਭਾ ਦੀ ਜੰਗ ਲੜਨ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ। ਮੂਲ ਮੁੱਦਾ ਪੰਥਕ ਰਾਜਨੀਤੀ-ਸੱਤਾ ਰਣਨੀਤੀ ਅਤੇ ਵੱਡੀਆਂ ਪ੍ਰਾਪਤੀਆਂ ਕਰਨ ਲਈ ਸੰਘਰਸ਼ ਦੇ ਬਦਲਵੇਂ ਢੰਗ ਤਰੀਕੇ ਤਲਾਸ਼ਣ ਦਾ ਹੈ, ਜਿਸ ਨਾਲ ਸਪੱਸ਼ਟ ਪੰਥਕ ਏਜੰਡੇ ਦੀ ਪ੍ਰਾਪਤੀ ਕੀਤੀ ਜਾ ਸਕੇ। ਸਵਾਲ ਉਠਾਇਆ ਜਾ ਸਕਦਾ ਹੈ ਕਿ ਚੰਡੀਗੜ੍ਹ ਦੀਆਂ ਬਰੂਹਾਂ ਉੱਤੇ ਲਗਾਇਆ ਗਿਆ ਇਨਸਾਫ਼ ਮੋਰਚਾ ਪਿਛਲੇਰੇ ਮੁੱਦਿਆਂ ਤੋਂ ਕਿਵੇਂ ਅਲੱਗ ਹੈ? ਕੀ ਇਹ ਮੋਰਚਾ ਮਹਿਜ਼ ਉਪਰ ਬਿਆਨ ਕੀਤੀਆਂ ਗਈਆਂ ਮੰਗਾਂ ਤੱਕ ਹੀ ਸੀਮਿਤ ਹੈ? ਜਾਂ ਇਸ ਵਿਚੋਂ ਭਵਿੱਖ ਦਾ ਸਿੱਖ ਪੰਥ ਪੰਥਕ ਰਾਜਨੀਤੀ ਦੀ ਮਜਬੂਤੀ ਅਤੇ ਇਕ ਬਦਲਵੀਂ ਖਾਲਸਾ ਰਾਜਨੀਤੀ ਦਾ ਨਵਾਂ ਸੱਭਿਆਚਾਰ ਸਿਰਜਣ ਦਾ ਕੋਈ ਆਧਾਰ ਤਿਆਰ ਕਰ ਸਕੇਗਾ। ਸਿੱਖ ਸੰਗਤਾਂ ਤਾਂ ਆਪਣੇ ਇਤਿਹਾਸਿਕ ਸੁਭਾਅ ਮੁਤਾਬਕ ਇਸ ਮੋਰਚੇ ਨੂੰ ਜ਼ਮੀਨੀ ਪੱਧਰ 'ਤੇ ਕਾਮਯਾਬ ਕਰ ਦੇਣਗੀਆਂ, ਪਰ ਪੰਥ ਇਸ ਤੋਂ ਅਗਲੇਰੇ ਪੰਥਕ ਸਫ਼ਰ ਲਰਨ ਲਈ ਕਿਸ ਏਜੰਡੇ, ਜਥੇਬੰਦੀ, ਆਗੂਆਂ ਅਤੇ ਦੂਰ-ਦ੍ਰਿਸ਼ਟੀ ਦਾ ਲੜ ਫੜੇਗਾ, ਇਹ ਇਕ ਚੁਣੌਤੀ ਭਰਿਆ ਕਾਰਜ ਹੈ।

2011 ਤੋਂ 2022 ਤੱਕ ਕੌਮ ਨੇ ਅਜਿਹੇ ਮੋਰਚਿਆਂ ਵਿਚੋਂ ਬੜੇ ਧੋਖੇ ਖਾਧੇ ਹਨ। ਇਸ ਹਮਾਮ ਵਿਚ ਅਕਾਲੀ, ਕਾਂਗਰਸ, ਆਮ ਆਦਮੀ ਪਾਰਟੀ, ਕੇਂਦਰ-ਪੰਜਾਬ ਸਰਕਾਰਾਂ ਅਤੇ ਕੁਝ ਆਪਣੇ ਵੀ ਨੰਗੇ ਹਨ। ਕੀ ਇਸ ਇਨਸਾਫ਼ ਮੋਰਚਾ ਕੌਮ ਲਈ 'ਇਕ ਲੰਮੀ ਨਦਰਿ ਵਾਲਾ ਪੰਥਕ ਮਾਰਗ' ਤਿਆਰ ਕਰੇਗਾ? ਹੁਣ ਜਦੋਂ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਦੂਸਰੀਆਂ ਸਾਰੀਆਂ ਪੰਥਕ ਤੇ ਰਾਜਨੀਤਿਕ ਧਿਰਾਂ ਦਰਸ਼ਕ ਗੈਲਰੀ ਵਿਚ ਬੈਠੀਆਂ ਹੋਈਆਂ ਹਨ, ਤਾਂ ਯਕੀਨਨ ਇਸ ਮੋਰਚੇ ਦੇ ਆਗੂਆਂ ਨੂੰ ਹੁਣ ਖੁਦ ਹੀ ਆਪਣੀ ਵਰਤਮਾਨ ਸਥਿਤੀ ਤੋਂ ਉੱਪਰ ਉਠਣਾ ਪਵੇਗਾ। ਆਸ ਰੱਖੀ ਜਾ ਸਕਦੀ ਹੈ ਕਿ ਬਿਹਤਰ ਦਿਮਾਗ ਅਤੇ ਮਿਆਰੀ ਕੂਟਨੀਤਿਕ ਸੂਝ-ਬੂਝ ਵਰਤ ਕੇ ਪੇਚੀਦਾ ਬਣਾ ਦਿੱਤੇ ਗਏ ਮੁੱਦਿਆਂ ਨੂੰ ਹੱਲ ਕਰਵਾ ਕੇ ਇਸ ਮੋਰਚੇ ਦੇ ਆਗੂ ਵੱਡੀ ਪ੍ਰਾਪਤੀ ਕਰ ਸਕਦੇ ਹਨ, ਪਰ ਹੋਰ ਵਧੇਰੇ ਸਿਆਣੀ ਨੀਤੀ-ਰਣਨੀਤੀ ਨਾਲ ਬਦਲਵੀਂ ਮਜਬੂਤ ਪੰਥਕ ਰਾਜਨੀਤੀ ਵੀ ਮਜਬੂਤ ਹੋਣੀ ਜ਼ਰੂਰੀ ਹੈ।



# ਸਿੱਖਾਂ ਦੀਆਂ ਪ੍ਰਸ਼ੰਸਕ ਨੇ ਅਮਰੀਕਾ, ਅਸਟ੍ਰੇਲੀਆ, ਕੈਨੇਡਾ, ਯੂਰਪ, ਇੰਗਲੈਂਡ ਦੀਆਂ ਸਰਕਾਰਾਂ

## ਮਨੁੱਖੀ ਸੇਵਾ ਨਾਲ ਸਿੱਖ ਪੰਥ ਦਾ ਵਿਸ਼ਵਵਿਆਪੀ ਅਕਸ ਉੱਭਰਿਆ

### ਬੇਰੁਜ਼ਗਾਰੀ, ਕ੍ਰਾਈਮ ਤੇ ਭ੍ਰਿਸ਼ਟਾਚਾਰ ਕਾਰਨ ਹਰ ਸਾਲ ਲਗਭਗ 1.80 ਲੱਖ ਭਾਰਤੀ ਆਪਣੀ ਨਾਗਰਿਕਤਾ ਛੱਡ ਕੇ ਬਣ ਰਹੇ ਨੇ ਵਿਦੇਸ਼ੀ





ਪੂਰੇ ਵਿਸ਼ਵ ਵਿਚ ਮਨੁੱਖੀ ਸੇਵਾ ਦੇ ਮਾਮਲੇ ਵਿਚ ਸਿੱਖ ਪੰਥ ਨੇ ਸਮਾਜ ਭਲਾਈ ਤੇ ਸੇਵਾ ਦੇ ਕੰਮ ਕਰਕੇ ਆਪਣੇ ਆਪ ਨੂੰ ਵਿਸ਼ਵ ਪੱਧਰ ਉਪਰ ਰੋਸ਼ਨ ਕੀਤਾ ਹੈ। ਉਦਾਹਰਣ ਵਜੋਂ ਵਿਦੇਸ਼ਾਂ ਵਿਚ ਖਾਲਸਾ ਫੂਡ ਪੈਂਟਰੀ ਅਤੇ ਖਾਲਸਾ ਪੀਸ ਕੋਰ, ਖਾਲਸਾ ਏਡ, ਯੂਨਾਈਟਿਡ ਸਿੱਖਸ, ਬ੍ਰਿਟਿਸ਼ ਸਿੱਖ ਕੌਂਸਲ ਆਦਿ ਵਰਗੀਆਂ ਅਨੇਕਾਂ ਸੰਸਥਾਵਾਂ ਸਰਗਰਮ ਹਨ। ਇਸ ਮਨੁੱਖੀ ਸੇਵਾ ਨਾਲ ਸਿੱਖ ਪੰਥ ਦਾ ਵਿਸ਼ਵਵਿਆਪੀ ਅਕਸ ਬਹੁਤ ਉਭਰਿਆ ਹੈ। ਇਸ ਵਿੱਚ ਪ੍ਰਵਾਸੀ ਸਿੱਖਾਂ ਤੇ ਗੁਰਦੁਆਰਿਆਂ ਦਾ ਅਹਿਮ ਯੋਗਦਾਨ ਹੈ। ਕਿਸੇ ਵੀ ਕੁਦਰਤੀ ਆਫ਼ਤ ਜਾਂ ਤਬਾਹੀ ਵਾਲੀ ਜਗ੍ਹਾ ਬਾਰੇ ਸੋਚੋ ਅਤੇ ਤੁਹਾਨੂੰ ਸਿੱਖ ਉੱਥੇ ਸੇਵਾ ਕਰਦੇ ਮਿਲ ਜਾਣਗੇ। ਭਾਵੇਂ ਉਹ ਦੰਗਾ ਪੀੜਿਤਾਂ ਦੀ ਮਦਦ ਹੋਵੇ, ਭੁਚਾਲ ਤੋਂ ਬਾਅਦ ਟੁੱਟੇ ਘਰਾਂ ਨੂੰ ਮੁੜ ਬਣਾਉਣਾ ਹੋਵੇ ਜਾਂ ਪਰਵਾਸੀਆਂ ਲਈ ਖਾਣ ਪੀਣ ਦੀ ਸਹੂਲਤ ਮੁਹੱਈਆ ਕਰਵਾਉਣੀ ਹੋਵੇ, ਸਿੱਖ ਤੁਹਾਨੂੰ ਮਦਦ ਲਈ ਅੱਗੇ ਆਉਂਦੇ ਨਜ਼ਰ ਆਉਣਗੇ।

ਮੌਜੂਦਾ ਕੋਰੋਨਾ ਕਾਲ ਦੌਰਾਨ ਭਾਰਤ ਹੀ ਨਹੀਂ ਦੁਨੀਆਂ ਦੇ ਕਈ ਹਿੱਸਿਆਂ ਵਿਚ ਸਿੱਖਾਂ ਵਲੋਂ ਸੇਵਾ ਤੇ ਲੋਕਾਂ ਦੀ ਮਦਦ ਕਰਨ ਸੰਬੰਧੀ ਤਸਵੀਰਾਂ ਆਮ ਵਾਇਰਲ ਹੋਈਆਂ ਹਨ। ਮਿਆਂਮਾਰ ਵਿੱਚ ਰੋਹਿੰਗਿਆ ਦੀ ਮਦਦ ਕਰਨ ਤੋਂ ਲੈ ਕੇ ਪੈਰਿਸ ਵਿੱਚ ਹੋਏ ਅੱਤਵਾਦੀ ਹਮਲੇ, ਭਾਰਤ ਵਿੱਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਤੋਂ ਲੈ ਕੇ ਅਮਰੀਕਾ ਵਿੱਚ ਜਾਰਜ ਫਲਾਇਡ ਦੇ ਕਤਲ ਖ਼ਿਲਾਫ਼ ਪ੍ਰਦਰਸ਼ਨ ਹੋਵੇ, ਦੁਨੀਆਂ ਭਰ ਵਿੱਚ ਕੁੱਲ ਤਿੰਨ ਕਰੋੜ ਦੀ ਆਬਾਦੀ ਵਾਲੇ ਸਿੱਖ ਧਰਮ ਦੇ ਨੁਮਾਇੰਦੇ ਹਰ ਜਗ੍ਹਾ ਮਦਦ ਲਈ ਮੌਜੂਦ ਹੁੰਦੇ ਹਨ। ਦੁਖਾਂਤਕ ਹਾਲਾਤ ਵਿੱਚ ਉਹ ਅਜਨਬੀ ਲੋਕਾਂ ਦੀ ਮਦਦ ਤੋਂ ਪਿੱਛੇ ਨਹੀਂ ਹਟਦੇ। ਜ਼ਾਹਿਰ ਹੈ ਕਿ ਅਮਰੀਕਾ, ਆਸਟ੍ਰੇਲੀਆ, ਕੈਨੇਡਾ, ਯੂਰਪ, ਇੰਗਲੈਂਡ ਦੀਆਂ ਸਰਕਾਰਾਂ ਸਿਖਾਂ ਦੀਆਂ ਇਨ੍ਹਾਂ ਮਨੁੱਖੀ ਗੁਣਾਂ ਕਰਕੇ ਪ੍ਰਸੰਸਾ ਕਰ ਰਹੀਆਂ ਹਨ। ਅੱਜ ਸਿੱਖਾਂ ਦੀ ਸੰਗਤੀ ਤਾਕਤ ਅਮਰੀਕਾ ਅਤੇ ਯੂਰਪ ਤੋਂ ਲੈ ਕੇ ਖਾੜੀ ਦੇਸ਼ਾਂ ਤੱਕ ਦੇਖੀ ਜਾ ਸਕਦੀ ਹੈ। ਪਰ ਭਾਰਤ ਵਿਚ ਸਿੱਖ ਪੰਥ ਨਾਲ ਵਿਤਕਰੇ ਜਾਰੀ ਹਨ। ਭਾਰਤ ਵਿਚ ਹੁਣ ਵੀ ਵਿਦੇਸ਼ ਬੈਠੇ ਸਿੱਖਾਂ ਦੀਆਂ ਬਲੈਕਲਿਸਟਾਂ ਜਾਰੀ ਹਨ। 1980ਵਿਆਂ ਵਿਚ ਸ਼ੁਰੂ ਹੋਏ ਸਿੱਖ ਸੰਘਰਸ਼ ਦੇ ਦੌਰ ਵੇਲੇ ਵਿਦੇਸ਼ਾਂ ਵਿਚ ਜਾ ਕੇ ਸਿੱਖ ਸੰਘਰਸ਼ ਲਈ ਸਿਆਸੀ ਸਰਗਰਮੀ ਕਰਨ ਵਾਲੇ ਸਿੱਖਾਂ ਨੂੰ ਭਾਰਤ ਸਰਕਾਰ ਨੇ ਚੜ੍ਹਦੇ ਪੰਜਾਬ ਅਤੇ ਭਾਰਤੀ ਉਪ-ਮਹਾਂਦੀਪ ਵਿਚ ਆਉਣ ਤੋਂ ਰੋਕਣ ਲਈ ਉਨ੍ਹਾਂ ਦੀ ਇਕ ਸੂਚੀ ਤਿਆਰ ਕੀਤੀ ਜਿਸ ਨੂੰ 'ਕਾਲੀ ਸੂਚੀ' ਦਾ ਨਾਂ ਦਿੱਤਾ ਗਿਆ। ਮੰਨਿਆ ਜਾਂਦਾ ਹੈ ਕਿ ਵਿਦੇਸ਼ੀਂ ਰਹਿੰਦੇ ਜਿਸ ਸਿੱਖ ਦਾ ਨਾਂ ਇਸ ਸੂਚੀ ਵਿਚ ਸ਼ਾਮਲ ਹੋ ਜਾਵੇ ਭਾਰਤ ਸਰਕਾਰ ਉਸ ਨੂੰ ਚੜ੍ਹਦੇ ਪੰਜਾਬ ਜਾਂ ਭਾਰਤੀ ਉਪ-ਮਹਾਂਦੀਪ ਵਿਚ ਆਉਣ ਦੀ ਇਜਾਜ਼ਤ ਨਹੀਂ (ਭਾਵ ਵੀਜ਼ਾ) ਨਹੀਂ ਦਿੰਦੀ। 1980-90ਵਿਆਂ ਦੌਰਾਨ ਭਾਰਤ ਸਰਕਾਰ ਦੇ ਕਰਿੰਦਿਆਂ ਵੱਲੋਂ ਥੋਕ ਦੇ ਭਾਅ ਹੀ ਸਿੱਖਾਂ ਦੇ ਨਾਂ ਇਸ ਅਖੌਤੀ ਕਾਲੀ ਸੂਚੀ ਵਿਚ ਪਾਏ ਗਏ। ਇਹ ਸੂਚੀ ਹੁਣ ਵੀ ਵਿਕਸਤ ਕੀਤੀ ਜਾਂਦੀ ਹੈ। ਵਿਦੇਸ਼ਾਂ ਵਿਚ ਰਹਿੰਦੇ ਜਿਨ੍ਹਾਂ ਸਿੱਖਾਂ ਵੱਲੋਂ ਭਾਰਤ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦਾ ਵਿਰੋਧ ਕੀਤਾ ਜਾਂਦਾ ਰਿਹਾ ਉਨ੍ਹਾਂ ਦੇ ਨਾਂ ਇਨ੍ਹਾਂ ਕਾਲੀਆਂ ਸੂਚੀਆਂ ਵਿਚ ਪਾ ਦਿੱਤੇ ਜਾਂਦੇ ਹਨ। ਇਸ ਸਭ ਕਾਸੇ ਦਾ ਮਕਸਦ ਸਿੱਖਾਂ ਦੀ ਆਵਾਜ਼ ਨੂੰ ਦਬਾਕੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣਾ ਹੈ। ਬੰਦੀ ਸਿੱਖ ਛੱਡੇ ਨਹੀਂ ਜਾ ਰਹੇ। ਪੰਜਾਬ ਤੇ ਸਿੱਖਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਕੀਤੀਆਂ ਜਾ ਰਹੀਆਂ। ਰਾਜਨੀਤਕ ਤੌਰ ਉਪਰ ਕੈਨੇਡਾ, ਅਮਰੀਕਾ, ਯੂ.ਕੇ. ਵਿਚ ਸਿੱਖ ਪੰਥ ਦਾ ਵੱਡਾ ਉਭਾਰ ਹੋਇਆ ਹੈ। ਹੁਣ ਅਸਟ੍ਰੇਲੀਆ ਵਿਚ ਸਿੱਖ ਸਿਆਸੀ ਪੱਖੋਂ ਉਭਰ ਰਹੇ ਹਨ। ਅੱਜ ਅਮਰੀਕਾ ਕੈਨੇਡਾ, ਆਸਟੇਰੀਆ, ਯੂ.ਕੇ. ਅਤੇ ਯੂਰਪ ਦੇ ਕਈ ਦੇਸ਼ਾਂ ਵਿੱਚ ਪੰਜਾਬੀ, ਵਿੱਚ ਐਫਐਮ ਰੇਡੀਓ ਟੀਵੀ ਸਟੇਸ਼ਨ ਤੇ ਹਫਤਾਵਰੀ ਅਖਬਾਰਾਂ ਹਨ ਜੋ ਸਿੱਖ ਭਾਈਚਾਰੇ ਨੂੰ ਪੰਜਾਬ ਪੰਥ ਪ੍ਰਤੀ ਜੋੜੀ ਰਖਦੀਆਂ ਹਨ ਤੇ ਸਿੱਖ ਪੰਥ ਦੇ ਮਸਲੇ ਉਭਾਰਦੀਆਂ ਹਨ।

**ਭਾਰਤ ਨੂੰ ਛੱਡ ਕੇ ਵਿਦੇਸ਼ਾਂ ਵੱਲ ਕਿਉਂ ਭੱਜ ਰਹੇ ਨੇ ਭਾਰਤੀ ?**

ਅਮਰੀਕਾ ਵਿੱਚ ਵਿਦੇਸ਼ੀ ਭਾਰਤੀ ਸਭ ਤੋਂ ਅਮੀਰ ਹਨ। ਪਰਵਾਸੀਆਂ ਅਤੇ ਭਾਰਤੀ ਮੂਲ ਦੇ ਲੋਕਾਂ ਦੀ ਔਸਤ ਸਾਲਾਨਾ ਆਮਦਨ ਲਗਭਗ 89,000 ਡਾਲਰ ਹੈ। ਅਮਰੀਕੀ ਨਾਗਰਿਕਾਂ ਦੀ ਸਾਲਾਨਾ ਆਮਦਨ ਲਗਭਗ 50 ਹਜ਼ਾਰ ਡਾਲਰ ਸਾਲਾਨਾ ਹੈ। ਇੱਕ ਪਾਸੇ ਜਿੱਥੇ ਭਾਰਤ ਸਰਕਾਰ ਵਿਦੇਸ਼ੀ ਭਾਰਤੀਆਂ ਨੂੰ ਆਪਣੇ ਨਾਲ ਜੋੜਨ ਦੇ ਦਾਅਵੇ ਕਰ ਰਹੀ ਹੈ, ਉੱਥੇ ਹੀ ਦੂਜੇ ਪਾਸੇ ਹਰ ਸਾਲ (ਬਾਕੀ ਸਫ਼ਾ 30 'ਤੇ)

### ਆਸਟ੍ਰੇਲੀਆ ਨੂੰ ਪੰਜਾਬ ਦਾ ਸਾਗ ਅਤੇ ਹੁਨਰ ਦੀ ਲੋੜ

## ਡਾ. ਜਗਵਿੰਦਰ ਸਿੰਘ ਵਿਰਕ ਭਾਰਤ ਅਤੇ ਆਸਟ੍ਰੇਲੀਆ ਦਰਮਿਆਨ ਆਰਥਿਕ ਸਹਿਯੋਗ ਵਧਾਉਣ ਲਈ ਰੁੱਝੇ



ਆਸਟ੍ਰੇਲੀਆ ਵਿਖੇ ਲੱਖਾਂ ਦੀ ਗਿਣਤੀ ਵਿਚ ਪੰਜਾਬੀ ਰਹਿੰਦੇ ਹਨ ਪਰ ਉਨ੍ਹਾਂ ਨੂੰ ਪੰਜਾਬੀ ਸਵਾਦ ਵਾਲੇ ਭੋਜਨ ਪਦਾਰਥ ਨਹੀਂ ਮਿਲਦੇ। ਭਾਰਤੀ ਮਸਾਲੇ ਪਹਿਲਾਂ ਹੀ ਪ੍ਰਸਿੱਧੀ ਹਾਸਲ ਕਰ ਚੁੱਕੇ ਹਨ। ਅਜਿਹੀ ਸਥਿਤੀ ਵਿੱਚ ਪੰਜਾਬ ਨੂੰ ਅੱਗੇ ਆਉਣਾ ਚਾਹੀਦਾ ਹੈ। ਇਹ ਗਲ ਭਾਰਤ-ਆਸਟ੍ਰੇਲੀਆ ਸਟਰੈਟਿਕ ਅਲਾਇੰਸ ਦੇ ਚੇਅਰਮੈਨ ਡਾ. ਜਗਵਿੰਦਰ ਸਿੰਘ ਵਿਰਕ ਨੇ ਕਹੀ ਜੋ ਭਾਰਤ ਅਤੇ ਆਸਟ੍ਰੇਲੀਆ ਦਰਮਿਆਨ ਆਰਥਿਕ ਸਹਿਯੋਗ ਨੂੰ ਵਧਾਉਣ ਲਈ ਲੱਗੇ ਹੋਏ ਹਨ।

ਇਥੇ ਜ਼ਿਕਰਯੋਗ ਹੈ ਕਿ ਗੁਜਰਾਤ, ਚੇਨਈ ਅਤੇ ਬੰਗਲੌਰ ਦੀਆਂ ਕੰਪਨੀਆਂ ਬਹੁਤ ਸਾਰੇ ਉਤਪਾਦ ਅਤੇ ਸੇਵਾਵਾਂ ਆਸਟ੍ਰੇਲੀਆ ਨੂੰ ਨਿਰਯਾਤ ਕਰ ਰਹੀਆਂ ਹਨ ਜਦੋਂ ਕਿ ਪੰਜਾਬ ਤੋਂ ਕੋਈ ਖਾਸ ਨਿਰਯਾਤ ਨਹੀਂ ਹੋ ਰਿਹਾ। ਲੱਕੜ ਅਤੇ ਫਰਨੀਚਰ ਆਦਿ ਗੁਜਰਾਤ ਤੋਂ ਵੱਡੀ ਗਿਣਤੀ ਵਿਚ ਆਸਟ੍ਰੇਲੀਆ ਜਾ ਰਹੇ ਹਨ, ਜਦਕਿ ਮਸਾਲੇ ਆਦਿ ਮਦਰਾਸ ਤੋਂ ਜਾ ਰਹੇ ਹਨ। ਬੈਂਗਲੁਰੂ ਤੋਂ ਕੰਪਿਊਟਰ ਹਾਰਡਵੇਅਰ ਅਤੇ ਸਾਫਟਵੇਅਰ ਦਾ ਨਿਰਯਾਤ ਬਹੁਤ ਵਡੀ ਪੱਧਰ ਉਪਰ ਹੋ ਰਿਹਾ ਹੈ। ਪੰਜਾਬ ਤੋਂ ਲੱਕੜ ਦੇ ਕਈ ਉਤਪਾਦ, ਫਰਨੀਚਰ, ਖੇਡਾਂ ਦਾ ਸਮਾਨ, ਕੱਪੜੇ, ਖਾਣ-ਪੀਣ ਦੀਆਂ ਵਸਤਾਂ ਵੀ ਵੱਡੀ ਗਿਣਤੀ ਵਿੱਚ ਆਸਟ੍ਰੇਲੀਆ ਜਾ ਸਕਦੀਆਂ ਹਨ। ਦੋਵਾਂ ਦੇਸ਼ਾਂ ਦਰਮਿਆਨ ਹਾਲ ਹੀ ਵਿੱਚ ਹੋਏ ਆਰਥਿਕ ਸਹਿਯੋਗ ਅਤੇ ਵਪਾਰਕ ਸਮਝੌਤੇ ਤਹਿਤ ਪੰਜਾਬ ਲਈ ਅਥਾਹ ਮੌਕੇ ਹਨ। ਇਹ ਵਪਾਰਕ ਸਮਝੌਤਾ ਆਸਟ੍ਰੇਲੀਅਨ ਕਾਰੋਬਾਰਾਂ ਅਤੇ ਗਾਹਕਾਂ ਨੂੰ ਮਾਰਕੀਟ ਦੇ ਨਵੇਂ ਮੌਕੇ ਪ੍ਰਦਾਨ ਕਰੇਗਾ।ਡਾ. ਜਗਵਿੰਦਰ ਸਿੰਘ ਵਿਰਕ, ਦਾ ਕਹਿਣਾ ਹੈ ਕਿ ਆਸਟ੍ਰੇਲੀਆ ਦੀ ਆਰਥਿਕਤਾ ਤੇਜ਼ੀ 'ਤੇ ਹੈ।ਬਹੁਤ ਸਾਰਾ ਨਿਰਮਾਣ ਕਾਰਜ ਚੱਲ ਰਿਹਾ ਹੈ। ਹੁਨਰਮੰਦ ਮਜ਼ਦੂਰਾਂ ਦੀ ਵੀ ਬਹੁਤ ਮੰਗ ਹੈ। ਅਜਿਹੀ ਸਥਿਤੀ ਵਿੱਚ ਪੰਜਾਬ ਦੇ ਨੌਜਵਾਨਾਂ ਨੂੰ ਬਹੁਤ ਸਾਰੇ ਮੌਕੇ ਮਿਲ ਸਕਦੇ ਹਨ। ਆਸਟ੍ਰੇਲੀਆ ਵਿੱਚ ਨਰਸਿੰਗ ਅਤੇ ਹੋਰ ਮੈਡੀਕਲ ਸਟਾਫ਼ ਲਈ ਵੀ ਬਹੁਤ ਸਾਰੇ ਮੌਕੇ ਹਨ।

(ਬਾਕੀ ਸਫ਼ਾ 30 'ਤੇ)

# ਬ੍ਰਿਟਿਸ਼ ਸੰਸਦ ਮੈਂਬਰ ਲਾਰਡ ਦਿਲਜੀਤ ਸਿੰਘ ਰਾਣਾ ਜਿਸ ਨੇ ਕੈਫੇ ਨਾਲ ਸ਼ੁਰੂ ਕੀਤਾ ਕਾਰੋਬਾਰ, ਹੁਣ 10 ਅੰਤਰਰਾਸ਼ਟਰੀ ਹੋਟਲਾਂ ਦਾ ਮਾਲਕ



ਐਨਆਰਆਈ ਬ੍ਰਿਟਿਸ਼ ਸੰਸਦ ਮੈਂਬਰ ਲਾਰਡ ਦਿਲਜੀਤ ਸਿੰਘ ਰਾਣਾ ਦੇ ਬਰਤਾਨੀਆ ਪਹੁੰਚਣ ਦੀ ਕਹਾਣੀ ਬੜੀ ਦਿਲਚਸਪ ਹੈ। ਰਾਣਾ ਦਾ ਜਨਮ 1938 ਵਿੱਚ ਚੰਡੀਗੜ੍ਹ ਨੇੜੇ ਸੰਘੋਲ ਵਿਖੇ ਹੋਇਆ ਸੀ। 83 ਸਾਲਾ ਰਾਣਾ ਦਾ ਕਹਿਣਾ ਹੈ ਕਿ ਉਸ ਦੇ ਇਕ ਦੋਸਤ ਨੇ ਮਜ਼ਾਕ ਵਿਚ ਉਸ ਦਾ ਵਰਕ ਪਰਮਿਟ ਬਣਵਾ ਦਿਤਾ। ਰਾਣਾ ਦਾ ਕਹਿਣਾ ਹੈ ਕਿ ਉਹ ਵੀ ਦੁਨੀਆ 'ਤੇ ਰਾਜ ਕਰਨ ਵਾਲੇ ਅੰਗਰੇਜ਼ਾਂ ਨੂੰ ਦੇਖਣ ਅਤੇ ਸਮਝਣ ਲਈ ਇੰਗਲੈਂਡ ਆਇਆ ਸੀ। ਸੋਚਿਆ ਸੀ ਕਿ ਕੁਝ ਦਿਨਾਂ ਬਾਅਦ ਵਾਪਿਸ ਵਤਨਾਂ ਨੂੰ ਚਲਾ ਜਾਵੇਗਾ, ਪਰ ਮਨ ਅਜਿਹਾ ਲਗਿਆ ਕਿ ਉਹ ਮੁੜ ਭਾਰਤ ਨਹੀਂ ਪਰਤ ਸਕਿਆ। ਉਹ 19 ਸਾਲਾਂ ਤੋਂ ਯੂ.ਕੇ. ਹਾਊਸ ਆਫ਼ ਲਾਰਡਜ਼ ਦਾ ਮੈਂਬਰ ਹੈ।

ਰਾਣਾ ਦਾ ਕਹਿਣਾ ਹੈ ਕਿ- ਅਕਤੂਬਰ 1962 ਤੱਕ ਯੂ.ਕੇ. ਵਿੱਚ ਕੋਈ ਇਮੀਗ੍ਰੇਸ਼ਨ ਨੀਤੀ ਨਹੀਂ ਸੀ, ਕੋਈ ਵੀ ਉੱਥੇ ਜਾ ਸਕਦਾ ਸੀ, ਪਰ ਸਾਡੀ ਭਾਰਤ ਸਰਕਾਰ ਨੇ ਪਾਸਪੋਰਟ ਜਾਰੀ ਨਹੀਂ ਕੀਤੇ। ਜਦੋਂ ਤੁਸੀਂ ਪਾਸਪੋਰਟ ਲਈ ਅਪਲਾਈ ਕਰਦੇ ਹੋ ਤਾਂ ਉਹ ਪੁੱਛਦੇ ਸਨ ਕਿ ਤੁਸੀਂ ਕਿਉਂ ਜਾ ਰਹੇ ਹੋ ? ਹੁਣ ਪਾਸਪੋਰਟ ਉਪਰ ਹਰ ਨਾਗਰਿਕ ਦਾ ਅਧਿਕਾਰ ਹੈ। ਉਨ੍ਹੀਂ ਦਿਨੀਂ ਪਾਸਪੋਰਟ ਸਰਕਾਰ ਦੇ ਅਧਿਕਾਰ 'ਤੇ ਨਿਰਭਰ ਸੀ। ਸਰਕਾਰ ਚਾਹੁੰਦੀ ਤਾਂ ਪਾਸਪੋਰਟ ਦੇ ਸਕਦੀ ਸੀ, ਨਹੀਂ ਤਾਂ ਨਾਂਹ ਕਰ ਦਿੰਦੀ ਸੀ।

ਉਸ ਸਮੇਂ ਰਾਣਾ ਪੰਜਾਬ ਵਿਚ ਪੰਜਾਬ ਸਰਕਾਰ ਦੇ ਮੁੜ ਵਸੇਬਾ ਵਿਭਾਗ ਵਿੱਚ ਕੰਮ ਕਰਦਾ ਸੀ। ਉਸਦੇ ਇੱਕ ਟਰੈਵਲ ਏਜੰਟ ਦੋਸਤ ਨੇ ਮਜ਼ਾਕ ਵਿੱਚ ਉਸਦੀ ਅਰਜ਼ੀ ਦਿੱਲੀ ਵਿੱਚ ਬ੍ਰਿਟਿਸ਼ ਹਾਈ ਕਮਿਸ਼ਨ ਨੂੰ ਭੇਜ ਦਿੱਤੀ। ਉਸ ਸਮੇਂ ਸਿਰਫ਼ ਦਿੱਲੀ ਦਫ਼ਤਰ ਸੀ। 2 ਹਫ਼ਤਿਆਂ ਬਾਅਦ ਉਸਨੂੰ ਵਰਕ ਪਰਮਿਟ ਮਿਲ ਗਿਆ। ਫਿਰ ਉਹ ਸੋਚਣ ਲੱਗਾ ਕਿ ਜਾਵਾਂ ਜਾਂ ਨਹੀਂ। ਫਿਰ ਯੂ.ਕੇ. ਰਹਿਣ ਵਾਲਾ ਉਸਦਾ ਇੱਕ ਦੋਸਤ ਕ੍ਰਿਸਮਿਸ ਦੀ ਛੁੱਟੀ 'ਤੇ ਪੰਜਾਬ ਆਇਆ ਸੀ। ਉਸ ਨੇ ਕਿਹਾ - ਹੁਣ ਆ ਜਾ, ਮਨ ਨਾ ਲਗੇ ਵਾਪਸ ਆ ਜਾਵੀਂ। ਰਾਣਾ ਦਾ ਕਹਿਣਾ ਹੈ ਕਿ ਇੱਕ ਵਾਰ ਗਿਆ ਤਾਂ ਦਿਲ ਲੱਗ ਗਿਆ ਫਿਰ ਵਾਪਸੀ ਨਹੀਂ ਹੋਈ।

ਰਾਣਾ ਦਾ ਕਹਿਣਾ ਹੈ ਕਿ ਸਾਨੂੰ ਸਿਖਾਇਆ ਗਿਆ ਸੀ ਕਿ ਯੂ.ਕੇ. ਇੱਕ ਅਜਿਹਾ ਦੇਸ਼ ਹੈ ਜੋ ਦੁਨੀਆਂ ਉੱਤੇ ਰਾਜ ਕਰਦਾ ਹੈ। ਸਾਰੀ ਪੜ੍ਹਾਈ ਅੰਗਰੇਜ਼ੀ ਵਿੱਚ ਹੀ ਹੁੰਦੀ ਸੀ। ਜਦੋਂ ਵਰਕ ਪਰਮਿਟ ਆ ਗਿਆ ਤਾਂ ਮੇਰੀ ਇੱਛਾ ਵਧ ਗਈ ਅਤੇ ਮੈਂ ਯੂ.ਕੇ ਜਾ ਕੇ ਬਹੁਤ ਨਿਰਾਸ਼ ਹੋਇਆ ਸੀ। ਕਾਲੇ ਅਤੇ ਗੋਰਿਆਂ ਵਿੱਚ ਬਹੁਤ ਵੱਡਾ ਵਿਤਕਰਾ ਸੀ। ਉੱਥੇ ਮੈਂ ਸੋਚਦਾ ਸੀ ਕਿ ਮੈਨੂੰ ਭਾਰਤ ਵਿੱਚ ਜਿਸ ਰੁਤਬੇ ਦੀ ਨੌਕਰੀ ਮਿਲ ਰਹੀ ਹੈ, ਉਸੇ ਤਰ੍ਹਾਂ ਦੀ ਨੌਕਰੀ ਮਿਲਣੀ ਚਾਹੀਦੀ ਹੈ, ਪਰ ਉੱਥੇ ਸਾਡੇ ਲੋਕ ਸਿਰਫ਼ ਬੱਸ ਡਰਾਈਵਰ, ਕੰਡਕਟਰ ਜਾਂ ਫੈਕਟਰੀ ਵਰਕਰ ਸਨ। ਫਿਰ ਮੈਂ ਉੱਤਰੀ ਆਇਰਲੈਂਡ ਚਲਾ ਗਿਆ। ਮੇਰੇ ਦੋਸਤ ਉੱਥੇ ਵਸ ਗਏ ਸਨ। ਵੱਖਰਾ ਮਾਹੌਲ ਸੀ। ਉਥੇ ਭਾਰਤੀ ਲੋਕ ਜ਼ਿਆਦਾ ਅਮੀਰ ਸਨ। ਸਾਰੇ ਸਵੈ-ਰੁਜ਼ਗਾਰ ਕਰਦੇ ਸਨ।ਮੈਂ ਸ਼ਹਿਰ ਦੇ ਕੇਂਦਰ ਵਿੱਚ ਇੱਕ ਕੈਫੇ ਖਰੀਦਿਆ। ਉੱਥੋਂ ਮੇਰਾ ਵਿਕਾਸ ਹੋਇਆ ਚਾਰ-ਪੰਜ ਸਾਲਾਂ ਵਿੱਚ ਮੇਰੇ 4 ਰੈਸਟੋਰੈਂਟ ਬਣ ਗਏ। ਰਾਣਾ ਦਾ ਕਾਰੋਬਾਰ, ਪਰਿਵਾਰ ਸਭ ਕੁਝ ਠੀਕ ਚੱਲ ਰਿਹਾ ਸੀ। ਉਸ ਸਮੇਂ 1960 ਦੌਰਾਨ ਉੱਤਰੀ ਆਇਰਲੈਂਡ ਵਿੱਚ ਯੂਨਾਈਟਿਡ ਕਿੰਗਡਮ ਦਾ ਹਿੱਸਾ ਬਣੇ ਰਹਿਣ ਦੇ ਸੰਬੰਧ ਵਿਚ ਕੈਥੋਲਿਕ ਅਤੇ ਪ੍ਰੋਟੈਸਟੈਂਟ ਈਸਾਈਆਂ ਵਿਚਾਲੇ ਸੰਘਰਸ਼ ਸ਼ੁਰੂ ਹੋ ਗਿਆ। ਦੋਵਾਂ ਧਿਰਾਂ ਵਿਚਾਲੇ ਹਰ ਰੋਜ਼ ਹਿੰਸਕ ਝੜਪਾਂ ਅਤੇ ਸਾੜ ਫੂਕ ਦੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਸਨ। ਸਾਡੇ ਰੈਸਟੋਰੈਂਟ ਦੁਬਾਰਾ ਬੰਦ ਹੋ ਗਏ। ਸਾਡਾ ਆਰਥਿਕ ਤੌਰ ਉਪਰ ਵੱਡਾ ਨੁਕਸਾਨ ਹੋਇਆ। ਇਹ ਸੰਘਰਸ਼ 1998 ਤੱਕ ਚੱਲਿਆ। ਰਾਣਾ ਦੋਹਾਂ ਭਾਈਚਾਰਿਆਂ ਦੇ ਲੀਡਰਾਂ ਨੂੰ ਆਪਣੇ ਘਰ ਬੁਲਾ ਲੈਂਦਾ, ਉਨ੍ਹਾਂ ਦੀਆਂ ਗੱਲਾਂ ਸੁਣਦਾ। ਇਹ ਸਭ ਨਿਰੰਤਰ ਚਲਦਾ ਰਿਹਾ। ਗੁੱਡ ਫਰਾਈਡੇ ਦੌਰਾਨ ਦੋਹਾਂ ਧਿਰਾਂ ਦੇ ਸਮਝੌਤੇ ਤੋਂ ਬਾਅਦ 1998 ਵਿੱਚ ਸੁਲ੍ਹਾ ਹੋ ਗਈ। ਉਸ ਸਮਝੌਤੇ ਵਿੱਚ ਰਾਣਾ ਦੀ ਮੁੱਖ ਭੂਮਿਕਾ ਸੀ। ਇਸ ਤੋਂ (ਬਾਕੀ ਸਫ਼ਾ 30 'ਤੇ)

# ਅਰਾਜਕਤਾ ਵੱਲ ਵਧਦਾ ਜਾ ਰਿਹਾ ਹੈ ਰੰਗਲਾ ਪੰਜਾਬ

ਗੁਰਮੀਤ ਸਿੰਘ ਪਲਾਹੀ
ਮੋ. 9815802070

ਪੰਜਾਬ ਦੀ ਮੌਜੂਦਾ ਸਰਕਾਰ ਚੁਫੇਰਿਓਂ ਘਿਰੀ ਨਜ਼ਰ ਆ ਰਹੀ ਹੈ। ਇਕ ਪਾਸੇ ਸਰਕਾਰ, ਸਰਕਾਰ ਨਾਲ ਭਿੜ ਰਹੀ ਹੈ, ਦੂਜੇ ਪਾਸੇ ਸੜਕਾਂ 'ਤੇ ਬੈਠੇ ਕਰਮਚਾਰੀ, ਬੇਰੁਜ਼ਗਾਰ ਨੌਜਵਾਨ, ਕਿਸਾਨ, ਮਜ਼ਦੂਰ ਸਰਕਾਰ ਨੂੰ ਆਪਣੇ ਵਾਇਦੇ ਯਾਦ ਕਰਾ ਰਹੇ ਹਨ। ਜਨਵਰੀ 2023 ਦੇ ਮਹੀਨੇ ਸ਼ਾਇਦ ਕੋਈ ਵੀ ਦਿਨ 'ਮਾਨ ਸਰਕਾਰ' ਲਈ ਸੁੱਖ ਦਾ ਨਹੀਂ ਚੜ੍ਹਿਆ।

ਇਨ੍ਹਾਂ ਦਿਨਾਂ 'ਚ ਕੇਂਦਰ ਦੀ ਸਰਕਾਰ, ਹਰਿਆਣਾ ਨਾਲ ਰਲਕੇ ਪੰਜਾਬ ਦੇ ਪਾਣੀਆਂ ਉਤੇ ਡਾਕਾ ਮਾਰਨ ਦੇ ਰੌਂਅ ਵਿਚ ਦਿਸੀ। ਵਿਜੀਲੈਂਸ ਪੰਜਾਬ ਦੇ ਛਾਪਿਆਂ ਤੋਂ ਪ੍ਰੇਸ਼ਾਨ ਪੰਜਾਬ ਦੇ ਪੀ.ਸੀ.ਐਸ. ਅਫ਼ਸਰ ਹਫ਼ਤੇ ਦੀ ਛੁੱਟੀ 'ਤੇ ਚਲੇ ਗਏ। ਪੰਜਾਬ ਦੇ ਆਈ.ਏ.ਐਸ. ਅਫ਼ਸਰ ਆਪਣੀ ਇੱਕ ਸਾਥੀ ਉਤੇ ਵਿਜੀਲੈਂਸ ਸ਼ਿਕੰਜੇ ਤੋਂ ਗੁਸਾਏ 'ਆਪ ਸਿਆਸੀ ਸਰਕਾਰ' ਨਾਲ ਟਕਰਾਅ 'ਚ ਆ ਗਏ। ਜ਼ਿਲੇ ਦੇ ਡਿਪਟੀ ਕਮਿਸ਼ਨਰਾਂ ਦਾ ਅਮਲਾ, ਪੀ.ਸੀ.ਐਸ., ਆਈ.ਏ.ਐਸ. ਅਫ਼ਸਰਾਂ ਦੀ ਹਮਾਇਤ 'ਤੇ ਤਾਂ ਆਇਆ ਹੀ, ਸੂਬੇ ਦੇ ਮਾਲ ਅਧਿਕਾਰੀਆਂ ਨੇ ਵੀ ਆਪਣੇ ਉਪਰਲੇ ਅਫ਼ਸਰਾਂ ਦੀ ਹਾਮੀ ਭਰ ਦਿੱਤੀ। ਪੰਜਾਬ ਦੇ ਦਫ਼ਤਰ ਬੰਦ ਹੋ ਗਏ। ਲੋਕ ਪ੍ਰੇਸ਼ਾਨ ਹੋ ਗਏ।

ਆਪ ਸਰਕਾਰ ਵਲੋਂ ਰੇਡੀਓ, ਟੀ.ਵੀ., ਅਖ਼ਬਾਰਾਂ ਵਿਚ ਆਪਣੇ ਵਲੋਂ ਕੀਤੇ ਜਾ ਰਹੇ ਕੰਮਾਂ ਦਾ ਵੇਰਵਾ ਲਗਾਤਾਰ ਪ੍ਰਸਾਰਿਤ ਕਰਵਾਇਆ ਜਾ ਰਿਹਾ ਹੈ। ਸਰਕਾਰ ਅਤੇ ਅਫ਼ਸਰਸ਼ਾਹੀ 'ਚ ਇਹ ਟਕਰਾਅ ਇੰਨਾ ਵੱਧ ਚੁੱਕਾ ਹੈ ਕਿ ਅੱਜ ਸੂਬੇ ਵਿੱਚ ਸਰਕਾਰ ਕੋਲ ਇੱਕ ਵੀ ਡਿਊਟੀ ਮਜਿਸਟ੍ਰੇਟ ਨਹੀਂ ਹੈ ਜੋ ਸੂਬੇ 'ਚ ਅਮਨ, ਕਾਨੂੰਨ ਦੀ ਸਥਿਤੀ ਨਾਲ ਨਿਪਟਣ ਲਈ ਡਿਊਟੀ 'ਤੇ ਰਹੇ ਜਦਕਿ ਪੰਜਾਬ ਵਿਚ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਦੀ ਸ਼ੁਰੂਆਤ ਹੋ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਨੇ 11 ਜਨਵਰੀ 2023 ਨੂੰ 2 ਵਜੇ ਤੱਕ ਛੁੱਟੀ 'ਤੇ ਗਏ ਪੀ.ਸੀ.ਐਸ. ਅਧਿਕਾਰੀਆਂ ਨੂੰ ਵਾਪਿਸ ਡਿਊਟੀ ਸੰਭਾਲਣ ਲਈ ਕਿਹਾ ਹੈ ਅਤੇ ਚਿਤਾਵਨੀ ਦਿੱਤੀ ਕਿ ਜਿਹੜੇ ਡਿਊਟੀ ਨਹੀਂ ਸੰਭਾਲਣਗੇ ਬਰਖ਼ਾਸਤ ਕਰ ਦਿੱਤੇ ਜਾਣਗੇ। ਪੀ.ਸੀ.ਐਸ. ਅਫ਼ਸਰਾਂ ਨੇ ਹੜਤਾਲ ਵਾਪਿਸ ਲੈ ਲਈ।

ਆਖ਼ਰ ਟਕਰਾਅ ਦਾ ਮੁੱਦਾ ਕੀ ਹੈ? ਸਰਕਾਰ ਤੇ ਅਫ਼ਸਰਸ਼ਾਹੀ ਦਰਮਿਆਨ ਵਿਜੀਲੈਂਸ ਕੇਸਾਂ ਨੂੰ ਲੈ ਕੇ ਟਕਰਾਅ ਹੈ। ਪੰਜਾਬ ਵਿੱਚ ਵਿਜੀਲੈਂਸ ਦੀ ਕਾਰਜ਼ਸ਼ੈਲੀ ਨੂੰ ਲੈ ਕੇ ਪੰਜਾਬ ਦੀ ਸਮੁੱਚੀ ਅਫ਼ਸਰਸ਼ਾਹੀ ਪ੍ਰੇਸ਼ਾਨ ਹੈ। ਅਫ਼ਸਰਸ਼ਾਹੀ ਦਾ ਕਹਿਣਾ ਹੈ ਜੇਕਰ ਕਿਸੇ ਅਫ਼ਸਰ ਵਿਰੁੱਧ ਭ੍ਰਿਸ਼ਟਾਚਾਰ ਵਿਰੋਧੀ ਕੋਈ ਕਾਰਵਾਈ ਕਰਨੀ ਹੈ ਤਾਂ ਭ੍ਰਿਸ਼ਟਾਚਾਰ ਵਿਰੋਧੀ ਐਕਟ ਦੀ ਧਾਰਾ-17 ਏ ਅਨੁਸਾਰ ਸਰਕਾਰ ਦੀ ਮਨਜ਼ੂਰੀ ਵਿਜੀਲੈਂਸ ਨੂੰ ਮੁੱਖ ਮੰਤਰੀ ਤੋਂ ਲੈਣੀ ਚਾਹੀਦੀ ਹੈ ਜਦਕਿ ਵਿਜੀਲੈਂਸ ਦਾ ਕਹਿਣਾ ਹੈ ਕਿ ਭ੍ਰਿਸ਼ਾਟਚਾਰ ਅਤੇ ਧੋਖਾਧੜੀ ਦੇ ਮਾਮਲਿਆਂ 'ਚ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ-17 ਏ ਤਹਿਤ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੈ।

ਇਥੇ ਇਹ ਗੱਲ ਦਸਣੀ ਬਣਦੀ ਹੈ ਕਿ ਵਿਜੀਲੈਂਸ ਨੇ ਜੂਨ 20, 2022 ਵਿਚ ਆਈ.ਏ.ਐਸ. ਅਧਿਕਾਰੀ ਸੰਜੇ ਪੋਪਲੀ ਨੂੰ ਗ੍ਰਿਫ਼ਤਾਰ ਕੀਤਾ ਸੀ। ਵਿਜੀਲੈਂਸ ਵਲੋਂ ਪੋਪਲੀ ਦੀ ਗ੍ਰਿਫ਼ਤਾਰੀ ਮੌਕੇ ਵੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ-17 ਏ ਤਹਿਤ ਸੀ.ਐਮ. ਤੋਂ ਮਨਜ਼ੂਰੀ ਨਹੀਂ ਮੰਗੀ ਗਈ ਸੀ ਹਾਲਾਂਕਿ ਸੀ.ਐਮ. ਕੋਲ ਗ੍ਰਹਿ ਵਿਭਾਗ ਹੈ ਅਤੇ ਚੀਫ਼ ਸੈਕਟਰੀ ਵਿਜੀਲੈਂਸ ਦਾ ਮੁਖੀ ਵੀ ਹੈ।




ਮੌਜੂਦਾ ਵਿਜੀਲੈਂਸ ਕੇਸ ਆਈ.ਏ.ਐਸ. ਅਧਿਕਾਰੀ ਨੀਲਿਮਾ ਖਿਲਾਫ਼ ਹੈ, ਜਿਨ੍ਹਾਂ ਦੇ ਪਤੀ ਅਮਿਤ ਕੁਮਾਰ ਵੀ ਆਈ.ਏ.ਐਸ.ਅਫ਼ਸਰ ਹਨ। ਇਹ ਕੇਸ ਸਾਬਕਾ ਕਾਂਗਰਸੀ ਮੰਤਰੀ ਤੇ ਮੌਜੂਦਾ ਭਾਜਪਾ ਨੇਤਾ ਸ਼ਾਮ ਸੁੰਦਰ ਅਰੋੜਾ ਨਾਲ ਸਬੰਧਤ ਹੈ, ਜੋ ਕਿ ਇਸ ਸਮੇਂ ਜੇਲ੍ਹ 'ਚ ਹੈ। ਦੂਜਾ ਕੇਸ ਪੀ.ਸੀ.ਐਸ. ਅਧਿਕਾਰੀ ਨਰਿੰਦਰ ਸਿੰਘ ਧਾਲੀਵਾਲ ਉਤੇ ਹੈ, ਜੋ ਕਿ ਰਿਜ਼ਨਲ ਟਰਾਂਸਪੋਰਟ ਅਧਿਕਾਰੀ ਲੁਧਿਆਣਾ ਹੈ। ਉਨ੍ਹਾਂ ਵਿਰੁੱਧ ਦੋਸ਼ ਹੈ ਕਿ ਉਨ੍ਹਾਂ ਨੇ ਆਮਦਨ ਤੋਂ ਵੱਧ ਵੱਡੀ ਜਾਇਦਾਦ ਬਣਾਈ ਹੋਈ ਹੈ।

ਆਪ ਸਰਕਾਰ ਅਤੇ ਅਫ਼ਸਰਸ਼ਾਹੀ ਦਾ ਆਪਸੀ ਟਕਰਾਅ ਨਵਾਂ ਨਹੀਂ ਹੈ। ਜਦੋਂ ਤੋਂ ਆਪ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਹੀ ਅਫ਼ਸਰਸ਼ਾਹੀ 'ਤੇ ਦੋਸ਼ ਲਗਦੇ ਰਹੇ ਹਨ ਕਿ ਉਹ ਨਵੇਂ ਹਾਕਮਾਂ ਦੀ ਗੱਲ ਨਹੀਂ ਸੁਣਦੇ ਅਤੇ ਆਪਣੇ ਪੁਰਾਣੇ ਆਕਾਵਾਂ ਕਾਂਗਰਸ, ਭਾਜਪਾ, ਅਕਾਲੀ ਦਲ ਵਿਚਲੇ ਸਿਆਸਤਦਾਨਾਂ ਦੀ ਵੱਧ ਮੰਨਦੇ ਹਨ। ਸਰਕਾਰ ਵਲੋਂ ਕੀਤੇ ਗਏ ਕਈ ਫ਼ੈਸਲੇ ਜਿਹੜੇ ਕਿ ਅਫ਼ਸਰਸ਼ਾਹੀ ਵਲੋਂ ਪੁਣ-ਛਾਣ ਕੇ ਕੀਤੇ ਜਾਣੇ ਹੁੰਦੇ ਹਨ ਅਤੇ ਸਮੇਂ ਸਿਰ ਕੀਤੇ ਜਾਣ ਦੀ ਲੋੜ ਹੁੰਦੀ ਹੈ, ਉਸ ਸਬੰਧੀ ਵੀ ਅਫ਼ਸਰਸ਼ਾਹੀ ਵਲੋਂ ਲੇਟ ਲਤੀਫ਼ ਕੀਤੇ ਜਾਣ ਦਾ ਸਰਕਾਰੀ ਧਿਰ ਵਲੋਂ ਦੋਸ਼ ਹੈ। ਪਰ ਦੂਜੇ ਪਾਸੇ ਪੰਜਾਬ ਦੀ ਅਫ਼ਸਰਸ਼ਾਹੀ ਇਹ ਗੱਲ ਲਗਾਤਾਰ ਕਹਿੰਦੀ ਹੈ, ਭਾਵੇਂ ਦੱਬੀ ਘੁੱਟੀ ਜਬਾਨ 'ਚ ਹੀ ਕਿ ਪੰਜਾਬ ਦੀ ਸਰਕਾਰ ਪੰਜਾਬ ਤੋਂ ਨਹੀਂ, ਕਿਧਰੇ ਬਾਹਰੋਂ ਚਲਦੀ ਹੈ ਅਤੇ ਉਹ ਦੋਸ਼ ਲਾਉਂਦੇ ਹਨ ਕਿ ਸਾਨੂੰ ਤਾਂ ਕੀਤੇ ਕਰਾਏ ਫ਼ੈਸਲੇ ਉਪਰੋਂ ਨੋਟੀਫੀਕੇਸ਼ਨ ਕਰਨ ਲਈ ਆਉਂਦੇ ਹਨ ਤੇ ਸਾਨੂੰ ਤਾਂ ਦਸਤਖ਼ਤ ਕਰਨ ਲਈ ਕਿਹਾ ਜਾਂਦਾ ਹੈ, ਜੋ ਜਾਇਜ਼ ਨਹੀਂ ਹੈ।

ਸੂਬੇ ਦੀ ਆਪ ਸਰਕਾਰ ਜਿਹੜੀ ਸਿੱਧੇ ਤੌਰ 'ਤੇ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਦੀ ਵਚਨਬੱਧਤਾ ਨਾਲ ਹੋਂਦ ਵਿੱਚ ਆਈ ਸੀ, ਉਸ ਦੇ ਦੋ ਮੰਤਰੀ ਇਸੇ ਦੋਸ਼ ਵਿਚ ਫਸੇ ਅਤੇ ਵਜ਼ਾਰਤੋਂ ਬਾਹਰ ਕਰਨੇ ਪਏ। ਇਹ ਦੋਵੇਂ ਮੰਤਰੀ ਪੰਜਾਬ ਦੇ ਅਤਿ ਅਹਿਮ ਸਿਹਤ ਮਹਿਕਮੇ ਨਾਲ ਸਬੰਧਤ ਸਨ। ਪਰ ਇਸਦੇ ਨਾਲ ਦੋਸ਼ ਇਹ ਵੀ ਲਗਦਾ ਹੈ ਕਿ 92 ਚੁਣੇ ਹੋਏ ਆਪ ਦੇ ਵਿਧਾਇਕ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਦੂਜੀਆਂ ਪਾਰਟੀਆਂ ਵਿਚੋਂ ਆਮ ਆਦਮੀ ਪਾਰਟੀ 'ਚ ਆਏ ਹਨ, ਬਹੁਤੇ ਇਮਾਨਦਾਰੀ ਦਿੱਖ ਵਾਲੇ ਨਹੀਂ ਹਨ, ਉਨ੍ਹਾਂ 'ਤੇ ਭ੍ਰਿਸ਼ਟਾਚਾਰ ਦੇ ਧੱਬੇ ਹਨ ਅਤੇ ਕਈਆਂ ਉਤੇ ਫੌਜਦਾਰੀ ਮੁਕੱਦਮੇ ਦਰਜ ਹਨ। ਇਹੋ ਜਿਹੇ ਹਾਲਤਾਂ 'ਚ ਅਫ਼ਸਰਸ਼ਾਹੀ ਤੋਂ ਇਮਾਨਦਾਰੀ ਦੀ ਤਵੱਕੋ ਕਿਵੇਂ ਹੋ ਸਕਦੀ ਹੈ? ਉਹ ਪੰਜਾਬ ਦੀ ਅਫ਼ਸਰਸ਼ਾਹੀ ਜਿਹੜੀ ਕਿ ਤੜਕ-ਭੜਕ ਲਈ ਮਸ਼ਹੂਰ ਹੈ, ਜਿਸਦੇ ਕੁਝ ਅਫ਼ਸਰ ਭੂ-ਮਾਫੀਏ ਨਾਲ ਜੁੜੇ ਰਹੇ ਹਨ, ਜਿਹੜੇ ਸਿਆਸਤਦਾਨਾਂ ਦੀ ਭ੍ਰਿਸ਼ਟਾਚਾਰੀ ਤਿਕੜੀ ਦੇ ਮੈਂਬਰ ਰਹੇ ਹਨ, ਕਿਵੇਂ ਉਸੇ ਰਾਹ ਨਹੀਂ ਚੱਲਣਗੇ, ਜਿਹੜੇ ਰਾਹੀਂ ਉਨ੍ਹਾਂ ਦੇ ਆਕਾ ਤੁਰਦੇ ਹਨ ਜਾਂ ਉਨ੍ਹਾਂ ਨੂੰ ਤੁਰਨ ਲਈ ਮਜ਼ਬੂਰ ਕਰਦੇ ਹਨ।

ਇਸ ਵੇਲੇ ਆਪ ਸਰਕਾਰ ਦਾ ਅਕਸ ਦਾਅ 'ਤੇ ਲੱਗਿਆ ਹੈ। ਖ਼ਾਸ ਤੌਰ 'ਤੇ ਉਸ ਵੇਲੇ ਜਦੋਂ ਲੋਕਾਂ 'ਚ ਉਸ ਵਲੋਂ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਉਹ ਕਦਾਚਿੱਤ ਵੀ ਭ੍ਰਿਸ਼ਟਾਚਾਰੀ ਅਫ਼ਸਰਾਂ, ਸਿਆਸਤਦਾਨਾਂ ਨੂੰ ਬਖ਼ਸ਼ਣਗੇ ਨਹੀਂ, ਸਗੋਂ ਲੋਕਾਂ ਦੇ ਗਲਤ ਵਰਤੇ ਪੈਸੇ-ਪੈਸੇ ਦਾ ਹਿਸਾਬ ਲੈਣਗੇ। ਪਰ ਸਵਾਲ ਉਠਾਏ ਜਾ ਰਹੇ ਹਨ ਕਿ ਗੁਜਰਾਤ, ਹਿਮਾਚਲ ਜਾਂ ਦਿੱਲੀ 'ਚ ਪੰਜਾਬ ਦੇ ਲੋਕਾਂ ਦੇ ਟੈਕਸਾਂ ਨਾਲ ਉਗਰਾਹੇ ਗਏ ਪੈਸਿਆਂ ਨਾਲ ਪੰਜਾਬ ਦੇ ਪ੍ਰਾਜੈਕਟਾਂ, ਕੀਤੇ ਕੰਮਾਂ, ਜਿਨ੍ਹਾਂ 'ਚ 25,000 ਨੌਕਰੀਆਂ ਦੇਣਾ, ਮੁਫ਼ਤ ਬਿਜਲੀ ਦੀ ਸਹੂਲਤ ਆਦਿ ਆਦਿ ਸ਼ਾਮਲ ਹਨ, ਦੇ ਇਸ਼ਤਿਹਾਰ ਚੋਣਾਂ ਦੌਰਾਨ ਬਾਹਰਲੇ ਸੂਬਿਆਂ 'ਚ ਕਿਉਂ ਛਪਵਾਏ ਗਏ? ਥੋੜ੍ਹੇ ਜਿਹੇ, ਮਾੜੇ ਮੋਟੇ ਕੀਤੇ ਜਾ ਰਹੇ ਕੰਮਾਂ ਉਦਾਹਰਨ ਵਜੋਂ ਸਕੂਲਾਂ ਵਿਚ ਮਾਪਿਆਂ 'ਤੇ ਟੀਚਰਾ ਦੀ ਮੀਟਿੰਗ ਨੂੰ ਰੇਡੀਓ, ਟੀ.ਵੀ., ਅਖ਼ਬਾਰਾਂ 'ਚ ਇਵੇਂ ਕਿਉਂ ਪ੍ਰਚਾਰਿਆ ਗਿਆ ਜਿਵੇਂ ਇਹ ਇੱਕ ਨਿਵੇਕਲਾ ਕੰਮ ਹੋਵੇ? ਹਰ ਮਹੀਨੇ ਲਗਾਤਾਰ ਸਕੂਲਾਂ ਵਿਚ ਟੀਚਰ ਰਿਟਾਇਰ ਹੋ ਰਹੇ ਹਨ, ਉਨ੍ਹਾਂ ਦੀ ਥਾਂ ਭਰਤੀ ਉਨੀ ਨਹੀਂ ਹੋ ਰਹੀ ਜਿੰਨੇ ਦੀ ਸਕੂਲਾਂ ਵਿਚ ਬੱਚਿਆਂ ਨੂੰ ਲੋੜ ਹੈ। ਮਹਿਕਮਿਆਂ 'ਚ ਕਰਮਚਾਰੀਆਂ ਦੀ ਕਮੀ ਹੈ। ਇਨ੍ਹਾਂ ਕੰਮਾਂ ਵੱਲ ਧਿਆਨ ਨਾ ਦੇ ਕੇ ਨਿਗੁਣੇ ਕੰਮਾਂ ਨੂੰ ਪ੍ਰਚਾਰਨਾ ਕਿਥੋਂ ਤੱਕ ਠੀਕ ਹੈ? ਪੰਚਾਇਤ ਅਤੇ ਪੇਂਡੂ ਵਿਕਾਸ ਮਹਿਕਮਾ ਲਉ, ਜਿਹੜਾ ਪੇਂਡੂ ਵਿਕਾਸ ਲਈ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਸਕੀਮਾਂ ਲਾਗੂ ਕਰਨ ਦਾ ਜੁੰਮੇਵਾਰ ਹੈ, ਵਿੱਚ ਪੰਚਾਇਤ ਸਕੱਤਰਾਂ, ਗ੍ਰਾਮ ਸੇਵਕਾਂ ਦੀ ਕਮੀ ਹੈ, ਇੱਕ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਕਪੂਰਥਲਾ ਜ਼ਿਲੇ 'ਚ ਇਹੋ ਜਿਹਾ ਹੈ, ਜਿਸ ਕੋਲ ਸੁਲਤਾਨਪੁਰ ਲੋਧੀ, ਫਗਵਾੜਾ ਅਤੇ ਜਲੰਧਰ ਜ਼ਿਲੇ ਦੇ ਇੱਕ ਹੋਰ ਬਲਾਕ ਦਾ ਚਾਰਜ ਹੈ ਅਤੇ ਫਗਵਾੜਾ ਜੋ ਮਹੱਤਵਪੂਰਨ ਬਲਾਕ ਹੈ, ਤੇ ਜਿਥੇ 91 ਪੰਚਾਇਤਾਂ ਲਈ ਸਿਰਫ਼ ਤਿੰਨ ਪੰਚਾਇਤ ਸਕੱਤਰ ਕੰਮ ਕਰਦੇ ਹਨ। ਉਹ ਸਰਕਾਰ ਜਿਹੜੀ ਵਿਕਾਸ ਦੀਆਂ ਅਤੇ ਨਵੇਂ ਰੰਗਲੇ ਪੰਜਾਬ ਦੀ ਉਸਾਰੀ ਦੀ ਗੱਲ ਕਰਦੀ ਆਪਣੇ ਟੀਚੇ ਸਿਰਫ਼ ਬੜਕਾਂ ਮਾਰਕੇ ਪੂਰੇ ਕਿਵੇਂ ਕਰੇਗੀ?

ਸਰਕਾਰ ਦੇ ਜੁੰਮੇ ਬਹੁਤ ਵੱਡੇ ਕੰਮ ਸਨ ਜਾਂ ਹਨ। ਇਹਨਾ ਕੰਮਾਂ ਦੀ ਪੂਰਤੀ ਲਈ ਖਾਕਾ ਤਿਆਰ ਕਰਨਾ ਸਮੇਂ ਦੀ ਲੋੜ ਸੀ, ਕਿਉਂਕਿ ਪੰਜਾਬ ਹਰ ਖੇਤਰ 'ਚ ਪਛੜਦਾ ਜਾ ਰਿਹਾ ਹੈ, ਇਸ ਨੂੰ ਥਾਂ ਸਿਰ ਕਰਨ ਲਈ ਅਤੇ ਇਸਦੇ ਵਿੱਤੀ ਹਾਲਾਤ ਸੁਧਾਰਨ ਲਈ ਇੱਕ ਵਿਸ਼ਵਾਸ਼ਯੋਗ ਸ਼ਾਸ਼ਨ ਅਤੇ ਪ੍ਰਸਾਸ਼ਨ ਦੇਣਾ ਸਰਕਾਰ ਦਾ ਫ਼ਰਜ਼ ਸੀ ਤੇ ਹੈ। ਸਾਸ਼ਨ, ਪ੍ਰਸਾਸ਼ਨ ਲਈ ਸੁਯੋਗ ਅਫ਼ਸਰਾਂ ਦੀ ਯੋਗ ਟੀਮ ਦੀ ਚੋਣ ਜ਼ਰੂਰੀ ਹੁੰਦੀ ਹੈ। ਕੰਮਕਾਰ ਚਲਾਉਣ ਲਈ ਇਮਾਨਦਾਰ ਅਫ਼ਸਰੀ ਜੁੱਟ ਹੀ ਕੇਂਦਰ ਨਾਲ ਰਾਬਤਾ ਰੱਖ ਸਕਦਾ ਹੈ, ਨਵੀਆਂ ਸਕੀਮਾਂ ਤੋਂ ਗ੍ਰਾਂਟ ਲਿਆ ਸਕਦਾ ਹੈ, ਚੁਸਤ ਫੁਰਤ ਸਰਕਾਰੀ ਮਸ਼ੀਨਰੀ ਹੀ ਰਾਜ ਪ੍ਰਸਾਸ਼ਨ ਚਲਾ ਸਕਦੀ ਹੈ। ਪਰ ਇਵੇਂ ਲੱਗਦਾ ਹੈ ਕਿ ਸਰਕਾਰ ਉਕਾਈ ਕਰ ਬੈਠੀ, ਰੋਅਬ-ਦਾਅਬ ਨਾਲ ਅਫ਼ਸਰਸ਼ਾਹੀ ਤੋਂ ਕੰਮ ਲੈਣ ਦੇ ਰਾਹ ਤੁਰ ਪਈ ਅਤੇ ਪੰਜਾਬ ਦੀ ਬਹੁਤੀ ਅਫ਼ਸਰਸ਼ਾਹੀ ਨੂੰ ਇਹ ਗਬਾਰਾ ਨਾ ਹੋਇਆ। ਇੱਕ ਸ਼ੰਕਾ ਸਰਕਾਰ 'ਤੇ ਅਫ਼ਸਰਸ਼ਾਹੀ 'ਚ ਪੈਦਾ ਹੋ ਗਿਆ। ਪਾੜਾ ਪੈ ਗਿਆ। ਇਸ ਨਾਲ ਸਮੁੱਚੇ ਤੌਰ 'ਤੇ ਪੰਜਾਬ ਦਾ ਨੁਕਸਾਨ ਹੋਏਗਾ। ਮੌਜੂਦਾ ਸਰਕਾਰ ਘਾਟੇ 'ਚ ਰਹੇਗੀ, ਲੋਕਾਂ ਦਾ ਨੁਕਸਾਨ ਹੋਏਗਾ।

ਹਰ ਪੰਜਾਬੀ ਇਹ ਚਾਹੁੰਦਾ ਹੈ, ਕਿ ਪੰਜਾਬ 'ਚੋਂ ਭ੍ਰਿਸ਼ਟਾਚਾਰ ਦੂਰ ਹੋਵੇ। ਪੰਜਾਬ ਉਤੇ ਲੱਗਾ ਨਸ਼ਿਆਂ ਦਾ ਟਿੱਕਾ ਖ਼ਤਮ ਹੋਵੇ। ਪੰਜਾਬ 'ਚ ਬੇਰੁਜ਼ਗਾਰੀ ਨੂੰ ਨੱਥ ਪਵੇ। ਪਰ ਜੜ੍ਹਾਂ 'ਚ ਬੈਠੀਆਂ ਇਹ ਤਿੰਨੇ ਅਲਾਮਤਾਂ-ਭ੍ਰਿਸ਼ਟਾਚਾਰ, ਨਸ਼ਾ, ਬੇਰੁਜ਼ਗਾਰੀ ਕੀ ਇਕੋ ਦਿਨ ਅਤੇ ਇਕੋ ਤਰੀਕੇ 'ਸਖ਼ਤੀ' ਨਾਲ ਖ਼ਤਮ ਹੋ ਸਕਦੀਆਂ ਹਨ? ਭ੍ਰਿਸ਼ਟਾਚਾਰ ਮੁਕਤੀ ਲਈ ਜਵਾਬਦੇਹੀ, ਸਰਕਾਰ ਦੇ ਥੱਲਿਓ ਉਪਰ ਤੱਕ ਅਤੇ ਸਮਾਜ ਦੇ ਜ਼ਮੀਨੀ ਪੱਧਰ ਤੱਕ ਜ਼ਰੂਰੀ ਹੈ। ਟੈਕਨਾਲੋਜੀ ਦੀ ਵਰਤੋਂ ਅਤੇ ਸਮੇਂ ਸਿਰ ਵਰਤੋਂ ਚੰਗੇ ਨਤੀਜੇ ਦੇ ਸਕਦੀ ਹੈ। ਭ੍ਰਿਸ਼ਟਾਚਾਰ ਮੁਕਤੀ ਦਾ ਖਾਕਾ ਲਾਗੂ ਕਰਨ ਲਈ ਮਹੀਨੇ ਦਾ ਸਮਾਂ ਘੱਟ ਨਹੀਂ ਹੁੰਦਾ। ਪਰ ਸਰਕਾਰ ਨੇ ਸਿਰਫ਼ ਸਖ਼ਤੀ ਦਾ ਰਾਹ ਫੜਿਆ ਹੈ। ਬਿਨ੍ਹਾਂ ਸ਼ੱਕ ਭ੍ਰਿਸ਼ਟਾਚਾਰ ਮੁਕਤੀ ਲਈ ਸਖ਼ਤ ਕਾਨੂੰਨ ਠੀਕ ਹੋ ਸਕਦੇ ਹਨ, ਪਰ ਭ੍ਰਿਸ਼ਟਾਚਾਰ ਦੇ ਕਿੰਨੇ ਕੇਸ ਸਫ਼ਲ ਹੋਣਗੇ? ਕਿੰਨੇ ਕਥਿਤ ਦੋਸ਼ੀ ਸਜ਼ਾ ਪਾਉਣਗੇ? ਕਾਨੂੰਨੀ ਪਚੀਦਗੀਆਂ ਦੋਸ਼ੀਆਂ ਨੂੰ ਮੁਕਤ ਕਰ ਦਿੰਦੀਆਂ ਹਨ। ਉਂਜ ਵੀ ਵਰ੍ਹਿਆਂਬੱਧੀ ਚਲਦੇ ਕੇਸ ਸਮਾਂ ਰਹਿੰਦਿਆਂ ਖ਼ਤਮ ਹੀ ਹੋ ਜਾਂਦੇ ਹਨ, ਗਵਾਹ ਮੁਕਰ ਜਾਂਦੇ ਹਨ। ਨਿਆਪਾਲਿਕਾ ਦਾ ਤਰੀਕ 'ਤੇ ਤਰੀਕ ਪਾਉਣ ਵਾਲਾ ਅਕਸ ਕਿਸੇ ਤੋਂ ਗੁੱਝਾ ਨਹੀਂ।

ਪਿਛਲੇ ਲਗਭਗ 10 ਮਹੀਨਿਆਂ ਦਾ ਸਮਾਂ ਪੰਜਾਬ ਲਈ ਸੁਖਾਵਾਂ ਨਹੀਂ ਗਿਣਿਆ ਜਾ ਸਕਦਾ। ਅਕਾਲੀ-ਭਾਜਪਾ, ਕਾਂਗਰਸ ਦੇ ਭੈੜੇ ਸਾਸ਼ਨ, ਭੈੜੇ ਰਾਜ ਪ੍ਰਬੰਧ ਅਤੇ ਕੁਨਬਾਪਰਵਰੀ ਤੋਂ ਦੁਖੀ ਪੰਜਾਬ ਦੀ ਜਨਤਾ ਨੂੰ ਜੋ ਆਸ ਦੀ ਕਿਰਨ ਦਿਸੀ ਸੀ, ਆਪ ਸਰਕਾਰ ਬਨਣ 'ਤੇ ਉਹ ਫਿੱਕੀ ਪੈਂਦੀ ਜਾਪਦੀ ਹੈ। ਕੁਝ ਕੇਂਦਰੀ ਸਰਕਾਰ ਦੇ ਪੰਜਾਬ ਅਤੇ ਪੰਜਾਬ ਸਰਕਾਰ ਵਿਰੋਧੀ ਰਵੱਈਏ ਨੇ ਆਰਥਿਕ ਤੌਰ 'ਤੇ ਪੰਜਾਬ ਦਾ ਲੱਕ ਤੋੜਨ ਦਾ ਯਤਨ ਕੀਤਾ ਅਤੇ ਸੂਬੇ ਦੇ ਅਧਿਕਾਰ ਹੜੱਪਣ ਲਈ ਸਮੇਂ-ਸਮੇਂ ਗਵਰਨਰ ਪੰਜਾਬ ਰਾਹੀਂ 'ਅਨੋਖੀਆਂ' ਕਾਰਵਾਈਆਂ ਕੀਤੀਆਂ ਅਤੇ ਕੁਝ ਪੰਜਾਬ 'ਚ ਸਿਆਸੀ ਅਸਥਿਰਤਾ ਲਿਆਉਣ ਲਈ ਆਇਆ ਰਾਮ, ਗਿਆ ਰਾਮ ਦੀ ਸਿਆਸਤ ਗਰਮਾਈ।

ਪੰਜਾਬ ਦੀ 'ਆਪ' ਸਰਕਾਰ ਵਲੋਂ ਡੰਗ ਟਪਾਊ ਨੀਤੀਆਂ ਨੇ ਵੀ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ। ਕੀਤੇ ਵਾਇਦਿਆਂ ਨੂੰ ਪੂਰਾ ਕਰਨ ਤੋਂ ਲਟਕਾਇਆ। ਕਿਸਾਨ ਧਰਨੇ 'ਤੇ ਬੈਠੇ, ਜ਼ੀਰਾ ਫੈਕਟਰੀ ਦੀ ਸਮੱਸਿਆ ਨੂੰ ਹੱਲ ਨ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ 'ਤੇ ਕਾਰਵਾਈਆਂ ਲਟਕਾ ਕੇ, ਉਸ ਵਲੋਂ ਵੀ ਲੋਕਾਂ ਪੱਖੋਂ ਮੁੱਖ ਮੋੜ ਲਿਆ 'ਤੇ ਦੂਜੀਆਂ ਸਰਕਾਰਾਂ ਵਰਗਾ ਆਪਣਾ ਅਕਸ ਬਣਾਉਣ ਦੇ ਰਾਹ ਪੈ ਤੁਰੇ।

ਗੈਂਗਸਟਰਾਂ ਨੂੰ ਕਿਸ ਦੀ ਸ਼ਹਿ ਹੈ? ਨਸ਼ਿਆਂ ਦੇ ਵੱਡੇ ਤਸਕਰਾਂ ਨੂੰ ਕੌਣ ਹੱਥ ਨਹੀਂ ਪਾ ਰਿਹਾ? ਸਮੇਂ-ਸਮੇਂ ਸ਼ਰੇਆਮ ਕਤਲ ਦੀਆਂ ਵਾਰਦਾਤਾਂ ਕਿਉਂ ਹੋ ਰਹੀਆਂ ਹਨ? ਉਨ੍ਹਾਂ ਨੂੰ ਠੱਲ੍ਹ ਕਿਉਂ ਨਹੀਂ ਪੈ ਰਹੀ? ਪੰਜਾਬ ਦਾ ਮਾਹੌਲ ਖਰਾਬ ਕਰਨ ਲਈ ਜੋ ਤਾਣਾ-ਬਾਣਾ ਬੁਣਿਆ ਜਾ ਰਿਹਾ ਹੈ, ਕੀ ਇਹ ਪੰਜਾਬ ਨੂੰ ਅਰਾਜਕਤਾ ਵੱਲ ਨਹੀਂ ਲੈ ਕੇ ਜਾਏਗਾ? ਕੀ ਇਕੋ ਸਰਕਾਰ 'ਚ ਦੋ ਸਰਕਾਰਾਂ ਕੰਮ ਕਰ ਸਕਣਗੀਆਂ? ਕੀ ਟਕਰਾਅ ਦੀ ਇਹ ਸਥਿਤੀ ਪੰਜਾਬ ਦਾ ਕੁਝ ਸੁਆਰ ਸਕੇਗੀ?

# ਈਰਾਨ 'ਚ ਵਿਰੋਧ ਪ੍ਰਦਰਸ਼ਨਾਂ ਨੂੰ ਬੇਰਹਿਮੀ ਨਾਲ ਕੁਚਲਿਆ

**➢ ਖਿਡਾਰੀਆਂ, ਡਾਕਟਰਾਂ, ਅਦਾਕਾਰਾਂ ਸਮੇਤ 13 ਲੋਕਾਂ ਨੂੰ ਮੌਤ ਦੀ ਸਜ਼ਾ ➢ਈਰਾਨ ਦੀ ਇਨਕਲਾਬੀ ਅਦਾਲਤ ਵਿੱਚ ਰਾਸ਼ਟਰੀ ਕਰਾਟੇ ➢ਚੈਂਪੀਅਨ ਕਰਾਮੀ ਨੂੰ ਫਾਂਸੀ ਦਿਤੀ ➢ ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਸੁਰੱਖਿਆ ਬਲਾਂ ਨੇ 50 ਬੱਚਿਆਂ ਸਮੇਤ 500 ਲੋਕਾਂ ਨੂੰ ਮਾਰਿਆ ਗਿਆ**





ਈਰਾਨ ਵਿੱਚ, ਧਾਰਮਿਕ ਸਰਕਾਰ ਦੇ ਖਿਲਾਫ ਉਭਰੇ ਜਨਤਕ ਵਿਰੋਧ ਨੂੰ ਦਬਾਉਣ ਲਈ ਹਿੰਸਾ ਦਾ ਸਹਾਰਾ ਲਿਆ ਗਿਆ।ਨਿਊਯਾਰਕ ਟਾਈਮਜ ਦੀ ਰਿਪੋਰਟ ਮੁਤਾਬਕ ਨੈਤਿਕਤਾ ਪੁਲਿਸ ਹਿਰਾਸਤ ਵਿੱਚ 22 ਸਾਲਾ ਮਾਹਸਾ ਅਮੀਨੀ ਦੀ ਮੌਤ ਤੋਂ ਬਾਅਦ ਸਤੰਬਰ ਦੇ ਅੱਧ ਵਿੱਚ ਦੇਸ਼ ਭਰ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ। ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਸੁਰੱਖਿਆ ਬਲਾਂ ਨੇ 50 ਬੱਚਿਆਂ ਸਮੇਤ 500 ਲੋਕਾਂ ਨੂੰ ਮਾਰਿਆ ਗਿਆ ਸੀ।ਸੰਯੁਕਤ ਰਾਸ਼ਟਰ ਮੁਤਾਬਕ ਘੱਟੋ-ਘੱਟ 14,000 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। 13 ਪ੍ਰਦਰਸ਼ਨਕਾਰੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਨ੍ਹਾਂ ਵਿੱਚ ਇੱਕ ਡਾਕਟਰ, ਅਦਾਕਾਰ, ਬਾਡੀ ਬਿਲਡਰ, ਕਰਾਟੇ ਚੈਂਪੀਅਨ ਅਤੇ ਰੈਪਰ ਸ਼ਾਮਲ ਹਨ। ਐਮਨੈਸਟੀ ਇੰਟਰਨੈਸ਼ਨਲ ਦਾ ਕਹਿਣਾ ਹੈ ਕਿ ਜਿਹਨਾਂ ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ ਉਹਨਾਂ ਦੇ ਖਿਲਾਫ ਸਾੜ ਫੂਕ ਤੇ ਸੁਰੱਖਿਆ ਬਲਾਂ ਦੇ ਕਤਲ ਕਰਨ ਦੇ ਦੋਸ਼ ਹਨ। ਇਨ੍ਹਾਂ ਲੋਕਾਂ ਖ਼ਿਲਾਫ਼ ਮੁਕਦਮੇ ਦੀ ਸੁਣਵਾਈ ਜਲਦਬਾਜ਼ੀ ਵਿੱਚ ਕੀਤੀ ਗਈ ਹੈ।ਹੁਣ ਤੱਕ ਕੁੱਲ ਚਾਰ ਲੋਕਾਂ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਦਸੰਬਰ 2022 ਵਿੱਚ ਦੋ ਵਿਅਕਤੀਆਂ ਨੂੰ ਫਾਂਸੀ ਦਿੱਤੀ ਗਈ ਸੀ। ਇਨ੍ਹਾਂ ਵਿੱਚੋਂ ਇੱਕ ਵਿਅਕਤੀ ਨੂੰ ਜਨਤਕ ਤੌਰ 'ਤੇ ਕਰੇਨ 'ਤੇ ਲਟਕਾ ਕੇ ਫਾਹਾ ਦਿਤਾ ਗਿਆ ਸੀ। ਰਾਸ਼ਟਰੀ ਕਰਾਟੇ ਚੈਂਪੀਅਨ ਮੁਹੰਮਦ ਮੇਹਦੀ ਕਰਾਮੀ, 22, ਅਤੇ ਮੁਹੰਮਦ ਹੁਸੈਨੀ, 39, ਇੱਕ ਪੋਲਟਰੀ ਫੈਕਟਰੀ ਵਰਕਰ, ਨੂੰ ਬੀਤੇ ਹਫਤੇ ਦੌਰਾਨ ਸ਼ਨੀਵਾਰ ਨੂੰ ਫਾਂਸੀ ਦਿੱਤੀ ਗਈ ਸੀ। ਈਰਾਨ ਦੀ ਕ੍ਰਾਂਤੀਕਾਰੀ ਅਦਾਲਤ ਵਿੱਚ ਕਰਾਮੀ ਅਤੇ ਹੁਸੈਨੀ ਦੇ ਮੁਕੱਦਮੇ ਦੀ ਸੁਣਵਾਈ ਇੱਕ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਖ਼ਤਮ ਹੋ ਗਈ ਸੀ।

ਬੀਤੇ ਹਫਤੇ ਸਰਕਾਰ ਨੇ ਮੌਤ ਦੀ ਸਜ਼ਾ ਸੁਣਾਏ ਗਏ ਲੋਕਾਂ ਦੇ ਰਿਸ਼ਤੇਦਾਰਾਂ ਦੀ ਇੰਟਰਵਿਊ ਕਰਨ ਵਾਲੇ ਏਤਮਾਦ ਅਖਬਾਰ ਦੇ ਸਿਆਸੀ ਸੰਪਾਦਕ ਮੇਹਦੀ ਬੀਕ ਨੂੰ ਗ੍ਰਿਫਤਾਰ ਕੀਤਾ ਸੀ।

ਓਲੰਪੀਅਨ ਅਤੇ ਈਰਾਨੀ ਔਰਤਾਂ ਦੇ ਕਰਾਟੇ ਟੀਮ ਦੀ ਕਪਤਾਨ ਹਮੀਦੇਹ ਅੱਬਾਸਾਲੀ ਨੇ ਇੰਸਟਾਗ੍ਰਾਮ 'ਤੇ ਕਰਾਮੀ ਬਾਰੇ ਲਿਖਿਆ ਕਿ ਬੱਚੇ ਦੇ ਜੀਵਨ ਦੇ ਅਧਿਕਾਰ ਨੂੰ ਖੋਹਿਆ ਨਹੀਂ ਜਾਣਾ ਚਾਹੀਦਾ। ਬੇਇਨਸਾਫ਼ੀ ਸਦਾ ਲਈ ਨਹੀਂ ਚਲੇਗੀ।ਮਨੁੱਖੀ ਅਧਿਕਾਰ ਸੰਗਠਨਾਂ ਨੇ ਦੱਸਿਆ ਕਿ 15 ਹੋਰਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਉਨ੍ਹਾਂ ਦੇ ਖਿਲਾਫ ਦੋਸ਼ਾਂ ਵਿੱਚ ਮੌਤ ਦੀ ਸਜ਼ਾ ਦੀ ਵਿਵਸਥਾ ਹੈ।

ਮੌਤ ਦੀ ਸਜ਼ਾ ਸੁਣਾਏ ਗਏ ਜ਼ਿਆਦਾਤਰ ਲੋਕਾਂ 'ਤੇ ਮੋਹਰੇਬੇ ਦੇ ਦੋਸ਼ ਹਨ। ਇਸਦਾ ਅਰਥ ਹੈ ਅੱਲ੍ਹਾ ਦੇ ਵਿਰੁੱਧ ਯੁੱਧ ਕਰਨਾ। ਇਸ ਦੋਸ਼ ਵਿੱਚ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਕ੍ਰਾਂਤੀਕਾਰੀ ਅਦਾਲਤ ਵਿੱਚ ਸਾਰੇ ਲੋਕਾਂ ਉਪਰ ਬੰਦ ਕਮਰੇ ਵਿਚ ਮੁਕਦਮੇ ਚਲਾਏ ਗਏ ਸਨ। ਇਨ੍ਹਾਂ ਵਿੱਚ ਸਰਕਾਰੀ ਵਕੀਲ ਮੁਲਜ਼ਮਾਂ ਦੀ ਨੁਮਾਇੰਦਗੀ ਕਰਦੇ ਹਨ। ਅਕਸਰ ਜਾਅਲੀ ਸਬੂਤ ਪੇਸ਼ ਕੀਤੇ ਜਾਂਦੇ ਹਨ।ਦੋਸ਼ੀ ਠਹਿਰਾਉਣ ਲਈ ਜ਼ਬਰਦਸਤੀ ਇਕਬਾਲੀਆ ਬਿਆਨ ਅਤੇ ਧੁੰਦਲੇ, ਅਸਪਸ਼ਟ ਵੀਡੀਓਜ਼ ਨੂੰ ਸਬੂਤ ਵਜੋਂ ਵਰਤਿਆ ਗਿਆ ਸੀ।

ਮੌਤ ਦੀ ਸਜ਼ਾ ਸੁਣਾਏ ਗਏ ਕੁਝ ਵਿਅਕਤੀਆਂ ਦੇ ਵੇਰਵੇ ਇਸ ਪ੍ਰਕਾਰ ਹਨ

ਨਿਊਯਾਰਕ ਟਾਈਮਜ਼ ਨੇ ਮੌਤ ਦੀ ਸਜ਼ਾ ਸੁਣਾਏ ਗਏ ਲੋਕਾਂ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ, ਕਾਰਕੁਨਾਂ ਦੇ ਸੋਸ਼ਲ ਮੀਡੀਆ ਖਾਤਿਆਂ, ਐਮਨੈਸਟੀ ਇੰਟਰਨੈਸ਼ਨਲ ਅਤੇ ਹੋਰ ਮਨੁੱਖੀ ਅਧਿਕਾਰ ਸੰਗਠਨਾਂ ਨਾਲ ਗੱਲਬਾਤ ਦੇ ਆਧਾਰ 'ਤੇਤੇ ਗ੍ਰਿਫਤਾਰੀਆਂ ਅਤੇ ਮੁਕੱਦਮਿਆਂ ਬਾਰੇ ਜਾਣਕਾਰੀ ਇਕੱਠੀ ਕੀਤੀ ਸੀ।

ਸਾਹੰਦ ਨੂਰ ਮੁਹੰਮਦ ਜ਼ਾਦੇਹ ਬੀਤੇ ਸਾਲ ਦਾ ਬਾਡੀ ਬਿਲਡਿੰਗ ਚੈਂਪੀਅਨ ਹੈ। ਉਸ ਨੂੰ 23 ਸਤੰਬਰ ਨੂੰ ਤਹਿਰਾਨ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ 'ਤੇਤੇ ਹਾਈਵੇਅ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਗਿਆ ਸੀ।

ਸਾਲ ਦੇ ਮਹਾਨ ਸਦਰਤ ਮਰਾਨੀ 'ਤੇਤੇ ਹਥਿਆਰਬੰਦ ਬਲਾਂ ਦੇ ਸਿਪਾਹੀ 'ਤੇਤੇ ਚਾਕੂ ਨਾਲ ਹਮਲਾ ਕਰਨ ਦਾ ਦੋਸ਼ ਹੈ। ਅਦਾਲਤ ਵਿਚ ਵਿਰੋਧ ਦੇ ਕਾਰਨ ਸਜ਼ਾ ਮੁਅੱਤਲ ਹੈ।

ਰੈਪ ਗਾਇਕ ਮੋਹੰਮਦ ਬੋਰੋਗਨੀ ਉਪਰ ਇਕ ਪੁਲਿਸ ਅਧਿਕਾਰੀ ਨੂੰ ਚਾਕੂ ਮਾਰਕੇ ਘਾਇਲ ਕਰਨ ਦਾ ਦੋਸ਼ ਹੈ।ਈਰਾਨੀ ਸੁਪਰੀਮ ਕੋਰਟ ਨੇ ਉਸ ਦੀ ਸਜ਼ਾ ਦੀ ਪੁਸ਼ਟੀ ਕਰ ਦਿੱਤੀ ਹੈ।

.ਬਾਰਬਰ ਮੁਹੰਮਦ ਘੋਬਾਦਲਾਉ ਦਾ ਤੇਹਰਾਨ ਵਿਚ ਸੈਲੂਨ ਹੈ।ਉਸਨੇ ਆਪਣੇ ਇੰਸਟਾਗ੍ਰਾਮ ਵੀਡੀਓ ਵਿੱਚ ਅਮੀਰ ਰਾਜਨੇਤਾਵਾਂ ਦੇ ਬੇਟਿਆਂ ਦਾ ਮਜ਼ਾਕ ਉਡਾਇਆ ਸੀ ,ਜਿਸ ਕਰਕੇ ਸੁਪਰੀਮ ਕੋਰਟ ਨੇ ਉਸ ਨੂੰ ਸਜ਼ਾ ਦਿਤੀ ।

. ਰੈਪਰ ਅਤੇ ਗ੍ਰਾਫਿਕ ਆਰਟਿਸਟ ਸਮਨ ਸੇਯਦੀ ਕੁਰਦ ਘਟ ਗਿਣਤੀ ਭਾਈਚਾਰੇ ਵਿਚੋਂ ਹਨ। ਉਸ 'ਤੇਤੇ ਪਿਸਤੌਲ ਰੱਖਣ ਅਤੇ ਹਵਾ 'ਤੇਵਿਚ ਤਿੰਨ ਗੋਲੀਆਂ ਚਲਾਉਣ ਦਾ ਦੋਸ਼ ਹੈ।

, ਰੇਡੀਓਲੋਜਿਸਟ ਹਾਮਿਦ ਗਰੇ ਹਸਨਲਾਓ ਨੂੰ 4 ਨਵੰਬਰ 2022 ਨੂੰ ਤਹਿਰਾਨ ਦੇ ਬਾਹਰ ਕਾਰਜ ਵਿੱਚ ਪਤਨੀ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਉਸ 'ਤੇਤੇ ਵਿਰੋਧ ਪ੍ਰਦਰਸ਼ਨ ਦੌਰਾਨ ਇਕ ਸੁਰੱਖਿਆ ਕਰਮਚਾਰੀ ਦੀ ਹੱਤਿਆ ਕਰਨ ਦਾ ਦੋਸ਼ ਹੈ। ਉਸ ਨੂੰ 25 ਸਾਲ ਦੀ ਸਜ਼ਾ ਸੁਣਾਈ ਗਈ ਸੀ। ਈਰਾਨ ਦੇ ਡਾਕਟਰੀ ਭਾਈਚਾਰੇ ਨੇ ਡਾਕਟਰ ਹਸਨਲਾਓ ਦੀ ਫਾਂਸੀ ਨੂੰ ਰੋਕਣ ਲਈ ਵਿਸ਼ਵਵਿਆਪੀ ਮੁਹਿੰਮ ਚਲਾਈ ਹੈ। ਡਾ: ਹਸਨਲਓ ਗਰੀਬ ਇਲਾਕਿਆਂ ਵਿੱਚ ਲੋਕਾਂ ਦੀ ਸੇਵਾ ਕਰਦਾ ਸੀ।

# ਸਿੱਖ ਫੌਜੀਆਂ ਲਈ ਬਣਾਏ ਜਾ ਰਹੇ ਹੈਲਮੈਟ ਬਾਰੇ ਖਾਲਸਾ ਪੰਥ ਦੇ ਪ੍ਰਤੀਕਰਮ ਬਾਰੇ ਭਾਰਤ ਸਰਕਾਰ ਨੇ ਧਾਰੀ ਚੁੱਪੀ

**ਅਕਾਲ ਤਖ਼ਤ ਦੇ ਜਥੇਦਾਰ ਨੇ ਕਿਹਾ ਕਿ ਦਸਤਾਰ ਉੱਤੇ ਕਿਸੇ ਕਿਸਮ ਦਾ ਟੋਪ ਪਾਉਣਾ, ਸਾਡੀ ਪਹਿਚਾਣ ਨੂੰ ਖ਼ਤਮ ਕਰਨ ਦੇ ਯਤਨ ਵਜੋਂ ਦੇਖਿਆ ਜਾਵੇਗਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਇਤਰਾਜ਼ ਪ੍ਰਗਟ ਕਰਦਿਆਂ ਭਾਰਤ ਦੇ ਰੱਖਿਆ ਮੰਤਰੀ ਨੂੰ ਪੱਤਰ ਲਿਖ ਕੇ ਇਹ ਫੈਸਲਾ ਵਾਪਸ ਲੈਣ ਦੀ ਮੰਗ ਕੀਤੀ**

ਰਜਿੰਦਰ ਸਿੰਘ ਪੁਰੇਵਾਲ

## ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ ਹੈਲਮੇਟ ਦੇ ਹੱਕ ਵਿਚ







ਬੀਤੇ ਦਿਨੀਂ ਭਾਰਤ ਸਰਕਾਰ ਵੱਲੋਂ ਸਿੱਖ ਫੌਜੀਆਂ ਲਈ ਬਣਵਾਏ ਜਾ ਰਹੇ ਖ਼ਾਸ ਹੈਲਮੇਟਾਂ ਨੂੰ ਲੈ ਕੇ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਤੇ ਹੋਰਨਾਂ ਸਿਖ ਆਗੂਆਂ ਨੇ ਇਤਰਾਜ਼ ਪ੍ਰਗਟਾਇਆ ਸੀ। ਪਰ ਭਾਰਤ ਸਰਕਾਰ ਦੀ ਚੁੱਪੀ ਦਰਸਾ ਰਹੀ ਹੈ ਕਿ ਉਹ ਫੈਸਲਾ ਸਿੱਖਾਂ ਦੀ ਸਹਿਮਤੀ ਤੋਂ ਬਿਨਾਂ ਕਰਨਾ ਚਾਹੁੰਦੀ ਹੈ। ਇਸ ਸਬੰਧੀ ਇੱਕ ਵੀਡੀਓ ਸੰਦੇਸ਼ ਜਾਰੀ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸੀ ਕਿ ਸਾਡੀ ਪਹਿਚਾਣ ਦੀ ਪ੍ਰਤੀਕ ਦਸਤਾਰ ਉੱਤੇ ਕਿਸੇ ਕਿਸਮ ਦਾ ਟੋਪ ਪਾਉਣਾ, ਇਹ ਸਾਡੀ ਪਹਿਚਾਣ ਨੂੰ ਖ਼ਤਮ ਕਰਨ ਦੇ ਯਤਨ ਵਜੋਂ ਦੇਖਿਆ ਜਾਵੇਗਾ ਤੇ ਨਾ ਹੀ ਪੰਥ ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਕਰੇਗਾ।ਉਨ੍ਹਾਂ ਕਿਹਾ ਕਿ ਦੂਜੇ ਵਿਸ਼ਵ ਯੁੱਧ ਦੌਰਾਨ ਅਜਿਹੇ ਯਤਨ ਅੰਗਰੇਜ਼ ਸਰਕਾਰ ਨੇ ਵੀ ਸਿੱਖ ਫੌਜੀਆਂ ਲਈ ਕੀਤੇ ਸਨ। ਉਸ ਸਮੇਂ ਸਿੱਖ ਫੌਜੀਆਂ ਨੇ ਅੰਗਰੇਜ਼ ਹਕੂਮਤ ਦੇ ਇਸ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।ਦੂਜੇ ਵਿਸ਼ਵ ਯੁੱਧ ਦੌਰਾਨ ਸਿੱਖਾਂ ਨੇ ਦਸਤਾਰਾਂ ਸਜਾ ਕੇ ਆਪਣੀ ਬਹਾਦੁਰੀ ਦਿਖਾਈ। 1965, 1962 ਤੇ 71 ਦੀਆਂ ਜੰਗਾਂ ਵਿਚ ਵੀ ਸਿੱਖ ਸਿਪਾਹੀਆਂ ਨੇ ਦਸਤਾਰਾਂ ਸਜਾ ਕੇ ਵੈਰੀਆਂ ਨੂੰ ਜਵਾਬ ਦਿੱਤਾ, ਪਰ ਲੋਹ ਟੋਪ ਜਾਂ ਹੈਲਮੇਟ ਬਿਲਕੁਲ ਨਹੀਂ ਪਹਿਨਿਆ।ਉਨ੍ਹਾਂ ਕਿਹਾ ਕਿ ਇਹ ਵੀ ਬਹੁਤ ਮੰਦਭਾਗੀ ਗੱਲ ਹੈ ਕਿ ਕੁਝ ਸੰਸਥਾਵਾਂ ਵੀ ਹੈਲਮੇਟ ਪਹਿਨਣ ਨੂੰ ਪ੍ਰਮੋਟ ਕਰ ਰਹੀਆਂ ਹਨ।ਉਨ੍ਹਾਂ ਆਖਿਆ ਕਿ ਇਸ ਬਾਰੇ ਇੱਕ ਵੈੱਬਸਾਈਟ ਬਣਾ ਦਿੱਤੀ ਗਈ ਹੈ ਜੋ ਕਿ ਸਿੱਖਾਂ ਵਿਚਕਾਰ ਹੈਲਮੈਟ ਨੂੰ ਪ੍ਰਮੋਟ ਕਰਨ ਦਾ ਯਤਨ ਕਰ ਰਹੀ ਹੈ ਤੇ ਇਹ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਅਕਾਲ ਤਖ਼ਤ ਜਥੇਦਾਰ ਨੇ ਕਿਹਾ ਸੀ ਕਿ ਭਾਰਤ ਸਰਕਾਰ ਤੇ ਭਾਰਤੀ ਫੌਜ ਦੇ ਅਫ਼ਸਰਾਂ ਨੂੰ ਇਸ ਮਸਲੇ 'ਤੇ ਗੌਰ ਕਰਨਾ ਚਾਹੀਦਾ ਹੈ।

ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਪੱਤਰ ਲਿਖ ਕੇ ਇਹ ਫੈਸਲਾ ਵਾਪਸ ਲੈਣ ਦੀ ਮੰਗ ਕੀਤੀ ਸੀ । ਉਨ੍ਹਾਂ ਕਿਹਾ ਸੀ ਕਿ ਸਿੱਖ ਫ਼ੌਜੀਆਂ ਨੂੰ ਲੋਹ ਟੋਪ ਪਾਉਣ ਵਾਲਾ ਫੈਸਲਾ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ 'ਤੇ ਵੱਡੀ ਸੱਟ ਹੈ, ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ । ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਵੱਖ ਵੱਖ ਬਿਆਨਾਂ ਰਾਹੀਂ ਭਾਰਤੀ ਫੌਜ ਵਿਚ ਸ਼ਾਮਿਲ ਸਿੱਖ ਰੈਜਮੈਂਟਾਂ ਨੂੰ ਹੈਲਮੈਟ ਪਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਨਿੰਦਾ ਕੀਤੀ ਸੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਸੀ ਕਿ ਉਹ ਮਾਮਲੇ ਵਿਚ ਆਪ ਦਖਲ ਦੇ ਕੇ ਇਹ ਫੈਸਲਾ ਵਾਪਸ ਕਰਵਾਉਣ।

ਭਾਰਤੀ ਫੌਜ ਵਿੱਚ ਸੇਵਾਵਾਂ ਨਿਭਾਅ ਰਹੇ ਸਿੱਖ ਫੌਜੀਆਂ ਨੂੰ ਲੋਹ-ਟੋਪ ਪਹਿਨਾਉਣ ਦੀ ਯੋਜਨਾ ਨਾਲ ਵੱਡੀ ਗਿਣਤੀ ਵਰਗ ਸਹਿਮਤ ਨਹੀਂ ਹਨ। ਇਸ ਯੋਜਨਾ ਖ਼ਿਲਾਫ਼ ਹੁਣ ਸਾਬਕਾ ਫੌਜੀ ਵੀ ਨਿੱਤਰ ਆਏ ਹਨ। ਸੇਵਾਮੁਕਤ ਕਰਨਲ ਦਰਸ਼ਨ ਸਿੰਘ ਬਾਵਾ (ਪਿੰਗਲਵਾੜੇ ਦੇ ਪ੍ਰਸ਼ਾਸਕ) ਨੇ ਕਿਹਾ ਕਿ ਗੁਰੂਕਾਲ ਤੋਂ ਹੀ ਸਿੱਖ ਫੌਜੀ ਦਸਤਾਰਾਂ ਪਹਿਨ ਕੇ ਜੰਗ ਲੜਦੇ ਆਏ ਹਨ। ਮੁਗਲ ਕਾਲ ਤੋਂ ਅੰਗਰੇਜ਼ਾਂ ਦੇ ਰਾਜ ਤਕ, ਵਿਸ਼ਵ ਜੰਗ ਤੇ ਫਿਰ ਦੇਸ਼ ਦੀ ਅਜ਼ਾਦੀ ਤੋਂ ਬਾਅਦ ਹੋਈਆਂ ਜੰਗਾਂ ਵਿੱਚ ਵੀ ਸਿੱਖ ਫੌਜੀਆਂ ਨੇ ਦਸਤਾਰਾਂ ਬੰਨ੍ਹ ਕੇ ਹੀ ਲੜਾਈਆਂ ਲੜੀਆਂ ਹਨ। ਇਹ ਸਮਝ ਤੋਂ ਬਾਹਰ ਹੈ ਕਿ ਇਸ ਯੋਜਨਾ ਪਿੱਛੇ ਕਿਸ ਦਾ ਹੱਥ ਹੈ। ਉਨ੍ਹਾਂ ਦੱਸਿਆ ਕਿ ਕਿਸੇ ਵੀ ਸਿੱਖ ਰੈਜੀਮੈਂਟ ਵੱਲੋਂ ਇਸ ਸਬੰਧੀ ਮੰਗ ਨਹੀਂ ਕੀਤੀ ਗਈ। ਸੇਵਾਮੁਕਤ ਕਰਨਲ ਐਚ ਪੀ ਸਿੰਘ ਨੇ ਕਿਹਾ ਕਿ ਹੈਲਮੇਟ ਸਿਰਫ ਜੰਗ ਦੇ ਮੈਦਾਨ ਵਿੱਚ ਲੜਨ ਵਾਲੇ ਫੌਜੀਆਂ ਲਈ ਹੋਣਾ ਚਾਹੀਦਾ ਹੈ। ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਦਸਤਾਰ ਨਾਲੋਂ ਹੈਲਮੇਟ ਵਧੇਰੇ ਸੁਰੱਖਿਆ ਪ੍ਰਦਾਨ ਕਰ ਸਕਦਾ ਹੈ। ਇਹ ਸਿੱਖ ਫੌਜੀਆਂ ਦੀ ਵਰਦੀ ਦਾ ਹਿੱਸਾ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਸ਼ਾਂਤੀ ਵਾਲੇ ਇਲਾਕਿਆਂ ਵਿੱਚ ਡਿਊਟੀ ਨਿਭਾ ਰਹੇ ਫੌਜੀਆਂ ਲਈ ਲਾਜ਼ਮੀ ਹੋਣਾ ਚਾਹੀਦਾ ਹੈ। ਜਥੇਬੰਦੀ ਯੂਨਾਈਟਿਡ ਸਿੱਖ ਇੰਡੀਆ ਦੇ ਡਾਇਰੈਕਟਰ ਅਤੇ ਗਲੋਬਲ ਸਿੱਖ ਕੌਂਸਲ ਦੇ ਨੁਮਾਇੰਦੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣਾ ਚਾਹੀਦਾ ਹੈ। ਸਰਕਾਰ ਸਿੱਖ ਫੌਜੀਆਂ ਨੂੰ ਭਰੋਸੇ ਵਿੱਚ ਲਏ ਬਿਨਾਂ ਅਜਿਹਾ ਫੈਸਲਾ ਕਿਵੇਂ ਲੈ ਸਕਦੀ ਹੈ।

(ਬਾਕੀ ਸਫ਼ਾ 31 'ਤੇ)

# ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਸੁਲਝਾਵੇ ਮੋਦੀ ਸਰਕਾਰ



ਪ੍ਰੋ. ਸਰਚਾਂਦ ਸਿੰਘ ਖਿਆਲਾ
97813-55522




ਬੇਅਦਬੀ ਤੇ ਬੰਦੀ ਸਿੰਘਾਂ ਦੀ ਰਿਹਾਈ ਦਾ ਭਖਦਾ ਮਾਮਲਾ ਪੰਜਾਬ ਅਤੇ ਸਿੱਖ ਰਾਜਨੀਤੀ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਜਿੱਥੇ ਇਕ ਪੇਚੀਦਾ ਕਾਨੂੰਨੀ ਮਾਮਲਾ ਹੈ ਉੱਥੇ ਹੀ ਸਿੱਖ ਕੌਮ ਲਈ ਭਾਵਨਾਤਮਕ ਵੀ ਹੈ। ਬੰਦੀ ਸਿੰਘ ਜਾਂ ਸਿੱਖ ਸਿਆਸੀ ਕੈਦੀਆਂ ਤੋਂ ਮੁਰਾਦ ਉਨ੍ਹਾਂ ਸਿੱਖ ਕੈਦੀਆਂ ਤੋਂ ਹੈ ਜੋ '80 ਦੇ ਦਹਾਕੇ ਨਾਲ ਸਬੰਧਤ ਸਿੱਖ ਸੰਘਰਸ਼/ਵੱਖਵਾਦੀ ਲਹਿਰ ਦੇ ਅਸਰ ਹੇਠ ਵੱਖ-ਵੱਖ ਅਪਰਾਧਾਂ ਵਿਚ ਜੇਲ੍ਹਾਂ ਵਿਚ ਬੰਦ ਹਨ। ਇਹ ਉਹ ਆਮ ਘਰਾਂ ਦੇ ਸਿੱਖ ਨੌਜਵਾਨ ਹਨ ਜੋ ਉਸ ਦੌਰ ਵਿਚ ਕਾਂਗਰਸ ਸਰਕਾਰਾਂ ਦੇ ਸਿਆਸੀ ਵਿਤਕਰਿਆਂ ਤੇ ਉਨ੍ਹਾਂ ਵੱਲੋਂ ਪੈਦਾ ਕੀਤੇ ਗਏ ਨਾਖ਼ੁਸ਼ਗਵਾਰ ਹਾਲਾਤ ਦੇ ਸ਼ਿਕਾਰ ਹੋਏ ਤੇ ਹਿੰਸਕ ਰਾਹ 'ਤੇ ਤੁਰਨ ਲਈ ਮਜਬੂਰ ਕੀਤੇ ਗਏ।

ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਜਥੇਬੰਦੀਆਂ, ਸੰਤ ਸਮਾਜ, ਰਾਸ਼ਟਰੀ ਸਿੱਖ ਸੰਗਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਤਾਰ ਮੰਗ ਕੀਤੀ ਜਾਂਦੀ ਰਹੀ ਹੈ। ਇਸ ਵਕਤ ਪੰਥਕ ਧਿਰਾਂ ਵੱਲੋਂ ਪੰਜਾਬ-ਚੰਡੀਗੜ੍ਹ ਬਾਰਡਰ, ਭਾਵ ਮੁਹਾਲੀ ਵਿਖੇ ਬੇਅਦਬੀ ਅਤੇ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਪੱਕਾ ਮੋਰਚਾ ਲਾ ਦਿੱਤਾ ਗਿਆ ਹੈ।

ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ 'ਚ ਸ਼ਾਮਲ ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਸੀਬੀਆਈ ਅਦਾਲਤ ਵੱਲੋਂ ਸੁਣਾਈ ਗਈ ਫਾਂਸੀ ਦੀ ਸਜ਼ਾ 'ਤੇ 31 ਮਾਰਚ 2012 ਨੂੰ ਅਮਲ ਕੀਤਾ ਜਾਣਾ ਸੀ। ਇਸ ਦੌਰਾਨ ਫਾਂਸੀ ਰੋਕਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਸਿੱਖ ਕੌਮ ਵੱਲੋਂ ਘਰ-ਘਰ ਕੇਸਰੀ ਝੰਡੇ ਲਾਉਣ ਦੀ ਕੇਸਰੀ ਲਹਿਰ ਦੇ ਸ਼ਾਂਤਮਈ ਸੰਘਰਸ਼ ਦੌਰਾਨ ਗੁਰਦਾਸਪੁਰ ਵਿਖੇ ਪੁਲਿਸ ਵੱਲੋਂ ਚਲਾਈ ਗਈ ਗੋਲ਼ੀ ਨਾਲ ਇਕ ਧਰਨਾਕਾਰੀ ਭਾਈ ਜਸਪਾਲ ਸਿੰਘ ਚੌੜ ਸਿੱਧਵਾਂ ਸ਼ਹੀਦ ਹੋ ਗਏ ਸਨ।ਬੰਦੀ ਸਿੰਘਾਂ ਦੀ ਰਿਹਾਈ ਲਈ ਲੰਬੇ ਸਮੇਂ ਲਈ ਭੁੱਖ ਹੜਤਾਲ 'ਤੇ ਬੈਠਣ ਵਾਲੇ ਭਾਈ ਗੁਰਬਖਸ਼ ਸਿੰਘ ਵੱਲੋਂ ਟੈਂਕੀ ਤੋਂ ਛਾਲ ਮਾਰਦਿਆਂ ਜਾਨ ਦੇ ਦਿੱਤੀ ਗਈ।

ਦਮਦਮੀ ਟਕਸਾਲ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੋਸ਼ਿਸ਼ਾਂ ਲਗਾਤਾਰ ਜਾਰੀ ਰਹੀਆਂ। ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਤਤਕਾਲੀ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ 30 ਦਸੰਬਰ 2014 ਨੂੰ ਮੁਲਾਕਾਤ ਕੀਤੀ ਗਈ। ਸੁਬਰਾਮਣੀਅਮ ਸਵਾਮੀ ਨਾਲ 22 ਜੂਨ 2017 ਨੂੰ ਮੁਲਾਕਾਤ ਕਰਦਿਆਂ ਉਸ ਨੂੰ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੇ ਨਾਮ ਬੰਦੀ ਸਿੰਘਾਂ ਦੀ ਸੂਚੀ ਸੌਂਪੀ ਗਈ। ਬਾਦਲ ਪਰਿਵਾਰ ਦੀ ਅਗਵਾਈ ਅਧੀਨ ਸ਼੍ਰੋਮਣੀ ਕਮੇਟੀ ਨੇ ਬੰਦੀ ਸਿੱਖਾਂ ਦੀ ਰਿਹਾਈ ਸਬੰਧੀ ਸਿੱਖ ਆਗੂਆਂ ਦੀ ਇਕ ਕਮੇਟੀ ਵੀ ਬਣਾਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਵਕਤ ਵੱਖ-ਵੱਖ ਗੁਰਦੁਆਰਿਆਂ ਦੇ ਬਾਹਰ 9 ਬੰਦੀ ਸਿੱਖਾਂ ਦੀਆਂ ਤਸਵੀਰਾਂ ਵਾਲੇ ਪੋਸਟਰ ਤੇ ਬੋਰਡ ਲਗਾਏ ਗਏ ਹਨ ਤੇ ਦਸਤਖ਼ਤੀ ਮੁਹਿੰਮ ਵੀ ਜਾਰੀ ਹੈ।

ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਉਪਰੰਤ ਬੰਦੀ ਸਿੰਘਾਂ ਦੀ ਸਮੇਂ-ਸਮੇਂ ਰਿਹਾਈ ਕੀਤੀ ਜਾਂਦੀ ਰਹੀ ਜਾਂ ਉਨ੍ਹਾਂ ਨੂੰ ਪੈਰੋਲ ਮਿਲਦੀ ਰਹੀ ਹੈ। ਕੇਂਦਰ ਸਰਕਾਰ ਨੂੰ ਜਥੇਬੰਦੀਆਂ ਵੱਲੋਂ ਵੱਖ-ਵੱਖ ਸਮੇਂ ਭੇਜੀ ਜਾਂਦੀ ਰਹੀ ਬੰਦੀ ਸਿੰਘਾਂ ਦੀ ਸੂਚੀ ਵਿਚੋਂ ਅਨੇਕਾਂ ਰਿਹਾਅ ਹੋ ਚੁੱਕੇ ਹਨ ਜਾਂ ਉਨ੍ਹਾਂ ਨੂੰ ਪੈਰੋਲ ਮਿਲੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨਵੰਬਰ 2019 ਵਿਚ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਅੱਠ ਸਿੱਖ ਕੈਦੀਆਂ ਦੀ ਰਿਹਾਈ ਤੇ ਇਕ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦਾ ਐਲਾਨ ਕੀਤਾ ਗਿਆ। ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੇ ਮੀਤ-ਸਕੱਤਰ ਅਰੁਣ ਸੋਬਤੀ ਵੱਲੋਂ 11 ਅਕਤੂਬਰ 2019 ਨੂੰ ਜਾਰੀ ਕੀਤੀ ਗਈ ਚਿੱਠੀ ਵਿਚ ਸਾਫ਼ ਦੱਸਿਆ ਗਿਆ ਹੈ ਕਿ ਸਰਕਾਰ ਨੇ ਸੰਵਿਧਾਨ ਦੀ ਧਾਰਾ 72 ਅਤੇ ਧਾਰਾ 161 ਤਹਿਤ ਕ੍ਰਮਵਾਰ ਰਾਸ਼ਟਰਪਤੀ ਤੇ ਰਾਜਪਾਲਾਂ ਨੂੰ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਇਕ ਸਿੱਖ ਕੈਦੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਅਤੇ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਲਿਆ ਹੈ। ਇਸ ਫ਼ੈਸਲੇ ਵਿਚ ਲਾਲ ਸਿੰਘ ਉਰਫ਼ ਮਨਜੀਤ ਸਿੰਘ, ਦਿਲਬਾਗ ਸਿੰਘ, ਨੰਦ ਸਿੰਘ, ਹਰਜਿੰਦਰ ਸਿੰਘ ਉਰਫ਼ ਕਾਲ਼ੀ, ਵਰਿਆਮ ਸਿੰਘ, ਗੁਰਦੀਪ ਸਿੰਘ ਖੇੜਾ ਤੇ ਬਲਬੀਰ ਸਿੰਘ ਵਾਸੀ ਪਿੰਡ ਲੰਮੇ ਸ਼ਾਮਲ ਹਨ। ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲੀ ਲਈ ਬਲਵੰਤ ਸਿੰਘ ਰਾਜੋਆਣਾ ਸ਼ਾਮਲ ਹੈ। ਰਿਹਾਅ ਹੋਣ ਵਾਲਿਆਂ ਵਿਚ ਲਾਲ ਸਿੰਘ, ਸੁਬੇਗ ਸਿੰਘ, ਨੰਦ ਸਿੰਘ, ਹਰਜਿੰਦਰ ਸਿੰਘ, ਵਰਿਆਮ ਸਿੰਘ ਅਤੇ ਬਲਬੀਰ ਸਿੰਘ ਸ਼ਾਮਲ ਹਨ। ਇਸ ਸੂਚੀ ਵਿਚ ਸ਼ਾਮਲ ਗੁਰਦੀਪ ਸਿੰਘ ਖੇੜਾ ਦਾ ਕੇਸ ਕਰਨਾਟਕ ਵਿਚ ਕਾਨੂੰਨੀ ਅੜਚਨ ਦਾ ਸ਼ਿਕਾਰ ਹੈ। ਉਨ੍ਹਾਂ ਨੂੰ ਕਰਨਾਟਕ ਤੇ ਨਵੀਂ ਦਿੱਲੀ ਵਿਚ ਬੰਬ ਧਮਾਕਿਆਂ ਦੇ ਇਲਜ਼ਾਮਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਟਾਡਾ ਕੋਰਟ ਵੱਲੋਂ ਉਨ੍ਹਾਂ ਨੂੰ ਦੂਹਰੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।ਰਿਹਾਈ ਵਾਲੀ ਸੂਚੀ ਵਿਚ ਸ਼ਾਮਲ ਹੋਣ ਦੇ ਬਾਵਜੂਦ ਜਿਸ ਨੂੰ ਰਿਹਾਅ ਨਹੀਂ ਕੀਤਾ ਗਿਆ ਉਹ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਹੈ। ਉਸ ਨੂੰ ਦਿੱਲੀ ਵਿਖੇ ਕਾਂਗਰਸ ਦੇ ਦਫ਼ਤਰ ਦੇ ਬਾਹਰ ਹੋਏ ਬੰਬ ਧਮਾਕੇ ਵਿਚ ਦੋਸ਼ੀ ਪਾਇਆ ਗਿਆ ਸੀ ਤੇ ਵਿਸ਼ੇਸ਼ ਟਾਡਾ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਹ ਪਿਛਲੇ 28 ਸਾਲ ਤੋਂ ਜੇਲ੍ਹ ਵਿਚ ਹੈ। ਇਸ ਦੀ ਰਿਹਾਈ ਵਿਚ ਦਿੱਲੀ ਦੀ ਕੇਜਰੀਵਾਲ ਸਰਕਾਰ ਅੜਿੱਕਾ ਪਾ ਰਹੀ ਹੈ। ਇਸੇ ਤਰ੍ਹਾਂ ਲਿਸਟ 'ਚ ਸ਼ਾਮਲ ਸਜ਼ਾ ਤਬਦੀਲੀ ਸਬੰਧੀ ਬਲਵੰਤ ਸਿੰਘ ਰਾਜੋਆਣਾ ਦਾ ਮਾਮਲਾ ਵੀ ਕਾਨੂੰਨੀ ਅੜਚਨ ਦਾ ਸ਼ਿਕਾਰ ਹੈ। ਬੰਦੀ ਸਿੰਘਾਂ ਦੀ ਰਿਹਾਈ ਲਈ ਕਾਂਗਰਸ ਦੇ ਐੱਮਪੀ ਜਸਬੀਰ ਸਿੰਘ ਡਿੰਪਾ ਗਿੱਲ ਸੰਸਦ 'ਚ ਆਵਾਜ਼ ਉਠਾਉਂਦਾ ਹੈ ਪਰ ਜਦੋਂ ਵੀ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਕੇਂਦਰ ਸਰਕਾਰ ਵੱਲੋਂ ਸਾਰਥਕ ਕਦਮ ਚੁੱਕਿਆ ਜਾਂਦਾ ਹੈ, ਲੁਧਿਆਣਾ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਅਤੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਅਤੇ ਕਾਂਗਰਸ ਦੇ ਆਗੂ ਰਹੇ ਮਨਿੰਦਰਜੀਤ ਸਿੰਘ ਬਿੱਟਾ ਨੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਪੰਜਾਬ ਨੂੰ ਦੁਬਾਰਾ ਅੱਗ ਦੀ ਭੱਠੀ ਵਿਚ ਝੋਕਣ ਦੀ ਕਵਾਇਦ ਠਹਿਰਾਉਂਦਿਆਂ ਵਿਰੋਧ ਜਤਾਇਆ ਹੈ।

ਰਾਜੋਆਣਾ ਨੂੰ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿਚ 1 ਅਗਸਤ 2007 ਨੂੰ ਸੀਬੀਆਈ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ ਜਿਸ 'ਤੇ 31 ਮਾਰਚ 2012 ਨੂੰ ਅਮਲ ਕੀਤਾ ਜਾਣਾ ਸੀ। ਰਾਸ਼ਟਰਪਤੀ ਨੇ ਗ੍ਰਹਿ ਮੰਤਰੀ ਦੀ ਸਿਫ਼ਾਰਸ਼ 'ਤੇ 28 ਮਾਰਚ 2012 ਨੂੰ ਰਾਜੋਆਣਾ ਦੀ ਫਾਂਸੀ 'ਤੇ ਰੋਕ ਲਗਾ ਦਿੱਤੀ ਸੀ। 31 ਅਗਸਤ 1995 ਨੂੰ ਕੀਤੇ ਗਏ ਹਮਲੇ ਵਿਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਸਮੇਤ 17 ਲੋਕਾਂ ਦੀ ਮੌਤ ਹੋਈ ਸੀ। ਪੱਚੀ ਦਸੰਬਰ 1997 ਨੂੰ ਰਾਜੋਆਣਾ ਨੇ ਹੱਤਿਆ ਵਿਚ ਆਪਣੀ ਸ਼ਮੂਲੀਅਤ ਕਬੂਲ ਲਈ ਸੀ। ਪ੍ਰਧਾਨ ਮੰਤਰੀ ਮੋਦੀ ਨੂੰ ਇਕ ਪੱਤਰ ਰਾਹੀਂ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਸ਼ਲਾਘਾ ਕਰਨ ਅਤੇ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ 35 ਸਾਲ ਬਾਅਦ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਜੇਲ੍ਹ ਭੇਜਣ ਉੱਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦੇਣ ਦੀ ਕੋਸ਼ਿਸ਼ ਤੇ ਸਿੱਖ ਭਾਵਨਾਵਾਂ ਨੂੰ ਮਲ੍ਹਮ ਲੱਗਣ ਬਾਰੇ ਕਹਿਣ ਵਾਲੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਬਾਰੇ ਜਾਰੀ ਨੋਟੀਫਿਕੇਸ਼ਨ ਸਬੰਧੀ ਉਸ ਵੱਲੋਂ ਸੁਪਰੀਮ ਕੋਰਟ ਵਿਚ ਪਾਈ ਗਈ ਪਟੀਸ਼ਨ

(ਬਾਕੀ ਸਫ਼ਾ 31 'ਤੇ)

# ਬਣਾਉਟੀ ਬੁੱਧੀ ਦਾ ਜ਼ਹੂਰ ਪੂਰੇ ਸੰਸਾਰ ਨੂੰ ਅੱਗ ਦੇ ਗੋਲ਼ੇ ਵਿੱਚ ਤਬਦੀਲ ਕਰ ਦੇਵੇਗਾ



ਭਖਦਾ ਮਸਲਾ
ਬੀਰ ਦਵਿੰਦਰ ਸਿੰਘ



ਵਿਗਿਆਨਕ ਅਧਿਐਨਾਂ ਤੇ ਮਨੁੱਖੀ ਸੂਝ ਦੀ ਦਿਮਾਗੀ ਘਾਲਣਾ ਨੇ ਮਨੁੱਖ ਵਾਂਗ ਸੋਚ ਸਕਣ ਤੇ ਹਾਲਾਤ ਮੁਤਾਬਿਕ ਆਪਣੇ ਫੈਸਲੇ ਆਪ ਕਰ ਸਕਣ ਵਾਲੀਆਂ, ਕੰਪਿਊਟਰ ਆਧਾਰਿਤ ਅਜਿਹੀਆਂ ਬਿਜਲਈ ਮਸ਼ੀਨਾਂ ਤਿਆਰ ਕਰ ਲਈਆਂ ਹਨ ਜੋ ਅੰਕੜਿਆਂ ਅਤੇ ਸੂਚਨਾਵਾਂ ਦੇ ਆਧਾਰ 'ਤੇ, ਬਣਾਉਟੀ ਬੁੱਧੀ ਰਾਹੀਂ ਵੱਖ-ਵੱਖ ਪ੍ਰਕਾਰ ਦੇ ਕਾਰਜ ਕਰ ਸਕਦੀਆਂ ਹਨ। ਮਨੁੱਖ ਦੀ ਸੂਝ ਨੇ ਅਜਿਹੀ ਬਣਾਉਟੀ ਬੁੱਧੀ ਦੀ ਖੋਜ ਕਰ ਲਈ ਹੈ ਜੋ ਮਨੁੱਖੀ ਪਹਿਰੇ ਤੋਂ ਬਿਨਾਂ ਹੀ ਅਜਿਹੇ ਅਲੌਕਿਕ ਕਾਰਜ ਕਰ ਵਿਖਾਉਂਦੀ ਹੈ, ਜਿਸ ਦੇ ਨਤੀਜੇ ਅਤੇ ਪ੍ਰਭਾਵ ਦੇਖ ਕੇ ਮਨੁੱਖ ਖੁਦ ਵੀ ਹੈਰਾਨ ਰਹਿ ਜਾਂਦਾ ਹੈ। ਬਣਾਉਟੀ ਮਸ਼ੀਨੀ ਬੁੱਧੀ, ਅਸਲ ਵਿੱਚ ਮਸ਼ੀਨੀ ਬੁੱਧੀ ਦੇ ਸੂਖਮ ਤੇ ਸਮਝਦਾਰ ਰਵੱਈਏ ਦਾ ਹੀ ਨਾਮ ਹੈ ਜੋ ਕਿਸੇ ਹੱਦ ਤੱਕ ਮਨੁੱਖ ਦੀ ਕੁਦਰਤੀ ਸਿਆਣਪ ਤੋਂ ਜ਼ਾਹਰਾ ਤੌਰ 'ਤੇ ਭਿੰਨ ਹੈ। ਵਿਗਿਆਨਕ ਖੋਜ ਅਤੇ ਤਕਨਾਲੋਜੀ ਦੇ ਅਲੱਗ ਅਲੱਗ ਖੇਤਰਾਂ ਵਿੱਚ ਮਨੁੱਖੀ ਸੂਝ ਨੇ ਹੈਰਾਨ ਕਰ ਦੇਣ ਵਾਲੀਆਂ ਪ੍ਰਾਪਤੀਆਂ ਦੇ ਸਿਖਰਲੇ ਬਿੰਦੂ ਛੂਹ ਲਏ ਹਨ। ਇਨਸਾਨੀ ਸਮਾਜ ਵਿੱਚ ਭਾਵਹੀਣ ਮਨੁੱਖ ਦੀ ਤੁਲਨਾ ਰਾਖਸ਼ਸ ਬੁੱਧੀ ਨਾਲ ਕੀਤੀ ਜਾਂਦੀ ਹੈ। ਬਣਾਉਟੀ ਮਸ਼ੀਨੀ ਬੁੱਧੀ ਭਾਵੇਂ ਆਪਣੇ ਕਾਰਜ ਖੇਤਰ ਵਿੱਚ ਕਿੰਨੀ ਵੀ ਮੁਹਾਰਤ ਕਿਉਂ ਨਾ ਹਾਸਲ ਕਰ ਲਵੇ, ਪਰ ਉਹ ਮਨੁੱਖੀ ਜਜ਼ਬਾਤ ਦੀਆਂ ਤਰੰਗਾਂ ਨਾਲ ਲਬਰੇਜ਼ ਨਹੀਂ ਹੋ ਸਕਦੀ। ਉਸ ਦੀ ਮੁਹਾਰਤ ਵਿੱਚ ਮਨੁੱਖੀ ਅਹਿਸਾਸ ਨਹੀਂ ਭਰੇ ਜਾ ਸਕਦੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਨੁੱਖੀ ਸਮਝ ਨੇ ਬਣਾਉਟੀ ਮਸ਼ੀਨੀ ਬੁੱਧੀ ਨੂੰ ਇਸਤੇਮਾਲ ਕਰਕੇ, ਪੁਲਾੜ ਵਿਗਿਆਨ, ਸਿਹਤ ਵਿਗਿਆਨ ਅਤੇ ਵਿਗਿਆਨ ਦੇ ਹੋਰ ਮਹੀਨ ਖੇਤਰਾਂ ਵਿੱਚ ਵੀ ਵੱਡੀਆਂ, ਨਾਯਾਬ ਪ੍ਰਾਪਤੀਆਂ ਕਰ ਲਈਆਂ ਹਨ। ਖੇਤਰੀ ਸੁਰੱਖਿਆ ਲਈ ਅਜਿਹੇ ਮਾਰੂ ਹਥਿਆਰ ਤਿਆਰ ਕਰ ਲਏ ਹਨ, ਜੋ ਸਵੈ ਰੱਖਿਆ ਦੇ ਮਨਸ਼ੇ ਨਾਲ, ਦੁਸ਼ਮਣਾਂ ਦੇ ਟਿਕਾਣਿਆਂ ਵੱਲ ਸੇਧਿਤ ਹਮਲੇ ਕਰਨ ਅਤੇ ਉਨ੍ਹਾਂ ਨੂੰ ਮੁਕੰਮਲ ਤੌਰ 'ਤੇ ਬਰਬਾਦ ਕਰਨ ਦੀ ਸਮਰੱਥਾ ਰੱਖਦੇ ਹਨ। ਮਨੁੱਖੀ ਦਿਮਾਗ ਨੇ ਬਣਾਉਟੀ ਮਸ਼ੀਨੀ ਬੁੱਧੀ ਦੀ ਵਰਤੋਂ ਕਰਕੇ, ਸਮੁੰਦਰ ਦੀ ਸਤਹਿ ਦੇ ਥੱਲੇ ਚੱਲਣ ਵਾਲੀਆਂ ਅਜਿਹੀਆਂ ਪਣਡੁਬੀਆਂ ਤਿਆਰ ਕਰ ਲਈਆਂ ਹਨ ਜੋ ਪਰਮਾਣੂ ਹਥਿਆਰਾਂ ਨਾਲ ਲੈਸ ਹਨ ਤੇ ਸਮੁੰਦਰ ਦੀ ਸਤਹਿ ਦੇ ਹੇਠੋਂ ਹੀ ਦੁਸ਼ਮਣ ਦੇ ਟਿਕਾਣਿਆਂ 'ਤੇ ਮਾਰ ਕਰ ਸਕਣ ਦੀ ਸਮਰੱਥਾ ਰੱਖਦੀਆਂ ਹਨ। ਇੰਜ ਹੀ ਪ੍ਰਮਾਣੂ ਹਥਿਆਰਾਂ ਦੇ ਖੇਤਰ ਵਿੱਚ ਮਨੁੱਖ ਦੇ ਦਿਮਾਗ ਨੇ ਬਣਾਉਟੀ ਮਸ਼ੀਨੀ ਬੁੱਧੀ ਦੀ ਵਰਤੋਂ ਕਰਕੇ, ਅਜਿਹੇ ਅਸਤਰ-ਯੰਤਰਾਂ ਦੁਆਰਾ ਚੱਲਣ ਵਾਲੇ ਪ੍ਰਮਾਣੂ ਅੱਗ ਦੇ ਗੋਲੇ (ਬੈਲਿਸਟਿਕ ਮਿਜ਼ਾਈਲ) ਤਿਆਰ ਕਰ ਲਏ ਹਨ ਜੋ ਕੇਵਲ ਬਟਨ ਦੱਬਣ ਨਾਲ ਹੀ, ਹਜ਼ਾਰਾਂ ਮੀਲ ਦੀ ਦੂਰੀ 'ਤੇ ਦੁਸ਼ਮਣ ਦੇ ਟਿਕਾਣੇ ਬਰਬਾਦ ਕਰ ਸਕਦੇ ਹਨ। ਇਹ ਸਾਰਾ ਕੁਝ ਕੰਪਿਊਟਰ ਵਿਗਿਆਨ, ਭੌਤਿਕ ਵਿਗਿਆਨ, ਰਸਾਇਣਿਕ ਵਿਗਿਆਨ ਤੇ ਵਿਗਿਆਨ ਦੀਆਂ ਹੋਰ ਸ਼ਾਖਾਵਾਂ ਦੇ ਸੰਯੁਕਤ ਤੇ ਤਰਤੀਬੀ ਜ਼ਹੂਰ ਦੁਆਰਾ ਅਮਲ ਵਿੱਚ ਲਿਆਂਦਾ ਗਿਆ ਹੈ। ਇਹ ਬੈਲਿਸਟਿਕ ਮਿਜ਼ਾਈਲਾਂ ਪਰਮਾਣੂ ਰਸਾਇਣਕ ਹਥਿਆਰਾਂ ਦੀ ਉਸ ਸ਼੍ਰੇਣੀ ਵਿੱਚ ਆਉਂਦੀਆਂ ਹਨ ਜੋ ਵੱਡੀ ਪੱਧਰ 'ਤੇ ਭਿਆਨਕ ਤਬਾਹੀ ਮਚਾਉਂਦੇ ਹਨ। ਇਹ ਬਿਜਲਈ ਮਸ਼ੀਨਾਂ (ਕੰਪਿਊਟਰ) ਦੀ ਇਮਦਾਦ ਨਾਲ ਇਕੱਠੇ ਕੀਤੇ ਅੰਕੜਿਆਂ, ਸੂਚਨਾਵਾਂ ਅਤੇ ਬਿੰਬਾਂ ਉੱਤੇ, ਮਨੁੱਖ ਦੀ ਦਿਮਾਗੀ ਸ਼ਕਤੀ ਦੀ ਯੋਜਨਾ ਅਨੁਸਾਰ, ਯੋਜਨਾਬੱਧ ਪਹਿਰਾ ਰੱਖਦੇ ਹਨ, ਤੇ ਉਸ ਵੱਲੋਂ ਪਹਿਲਾਂ ਦਿੱਤੀਆਂ ਹਦਾਇਤਾਂ ਅਨੁਸਾਰ, ਸਮੇਂ ਸਿਰ, ਕ੍ਰਮਬੱਧ ਕਾਰਜਾਂ ਉੱਤੇ ਅਮਲ ਕਰਦੇ ਹਨ। ਵਿਗਿਆਨਕ ਖੋਜ ਰਾਹੀਂ ਮਨੁੱਖ ਨੇ ਅਜਿਹੀਆਂ ਕਾਢਾਂ ਈਜਾਦ ਕਰ ਲਈਆਂ ਹਨ ਜਿਸ ਨੇ ਮਨੁੱਖੀ ਜੀਵਨ ਲਈ ਸੁੱਖ-ਸਾਧਨ ਅਤੇ ਸਹੂਲਤਾਂ ਪੈਦਾ ਕਰ ਦਿੱਤੀਆਂ ਹਨ। ਮੈਡੀਕਲ ਖੋਜ ਰਾਹੀਂ ਅਨੇਕਾਂ ਰੋਗਾਂ ਦੇ ਇਲਾਜ ਲੱਭ ਲਏ ਹਨ। ਦਵਾਈਆਂ ਤਿਆਰ ਕਰਨ ਵਾਲੀਆਂ ਸੰਸਾਰ ਦੀਆਂ ਵੱਡੀਆਂ ਕੰਪਨੀਆਂ ਵੀ, ਔਸ਼ਧੀ ਸ਼ਾਸਤਰ ਦੇ ਨਾਲ ਨਾਲ ਬਣਾਉਟੀ ਮਸ਼ੀਨੀ ਬੁੱਧੀ ਦੇ ਬਲਬੂਤੇ ਨਵੀਨਤਮ ਤਕਨਾਲੋਜੀ ਵਰਤ ਰਹੀਆਂ ਹਨ। ਕੈਂਸਰ ਵਰਗੇ ਭਿਆਨਕ ਰੋਗਾਂ ਦੇ ਇਲਾਜ ਲਈ ਵਰਤੀਆਂ ਜਾਣ ਵਾਲੀਆਂ ਨਿਊਕਲੀ ਦਵਾਈਆਂ ਨੂੰ ਮਨੁੱਖ ਦੇ ਸਰੀਰ ਵਿੱਚ ਉਤਾਰਨ ਲਈ, ਵਿਕਿਰਨ ਵਿਗਿਆਨ ਦੀ ਵਰਤੋਂ ਨਾਲ, ਪ੍ਰਕਾਸ਼ ਤਾਪ ਦੀਆਂ ਤੇਜ਼ ਕਿਰਨਾਂ ਨੂੰ, ਰੋਗੀ ਸਰੀਰ ਦੇ ਪ੍ਰਭਾਵਿਤ ਅੰਗਾਂ ਤੱਕ ਸਿੱਧੀਆਂ ਕੇਂਦਰਿਤ ਕਰਨ ਲਈ ਵੀ ਅਜਿਹੀਆਂ ਆਧੁਨਿਕ ਮਸ਼ੀਨਾਂ ਦਾ ਇਸਤੇਮਾਲ ਹੋ ਰਿਹਾ ਹੈ ਜਿਨ੍ਹਾਂ ਦੀ ਕਮਾਂਡ ਤੇ ਕੰਟਰੋਲ ਨੂੰ ਵੀ ਕੰਪਿਊਟਰ ਸਾਇੰਸ ਹੀ ਕੰਟਰੋਲ ਕਰਦੀ ਹੈ। ਜਿਗਰ ਦੇ ਕੈਂਸਰ ਤੋਂ ਪੀੜਤ ਰੋਗੀ ਦੇ ਜਿਗਰ ਵਿੱਚ ਪ੍ਰਗਟ ਹੋਈਆਂ ਕੈਂਸਰ ਸੈੱਲਾਂ ਦੀਆਂ ਗਿਲ੍ਹਟੀਆਂ ਭਸਮ ਕਰਨ ਲਈ, ਸੰਚਾਰ ਪ੍ਰਣਾਲੀ ਵਿਗਿਆਨ ਦੀ ਉਤਮ ਉਪਜ, ਅਤਿ ਜਟਲ ਯੰਤਰ 'ਸਾਈਬਰ ਨਾਈਫ਼' ਦੀ ਵਰਤੋਂ ਕੀਤੀ ਜਾਂਦੀ ਹੈ। ਅੱਜ ਸੰਸਾਰ ਦੇ ਵਧੇਰੇ ਸਮਰੱਥ ਮੁਲਕ ਉਹੀ ਮੰਨੇ ਜਾ ਰਹੇ ਹਨ ਜੋ ਆਪਣੇ ਪਾਸ ਪ੍ਰਮਾਣੂ ਹਥਿਆਰ ਹੋਣ ਦਾ ਦਾਅਵਾ ਕਰਦੇ ਹਨ, ਪਰ ਕੁੱਝ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਅਸਫਲ ਮੁਲਕ ਵੀ ਹੁਣ ਇਸ ਦੌੜ ਵਿੱਚ ਸ਼ਾਮਲ ਹੋ ਗਏ ਹਨ। ਗੁਆਂਢੀ ਮੁਲਕ ਪਾਕਿਸਤਾਨ ਵੀ ਅਜਿਹਾ ਮੁਲਕ ਹੈ ਜੋ ਪ੍ਰਮਾਣੂ ਸਮਰੱਥਾ ਤਾਂ ਰੱਖਦਾ ਹੈ, ਪਰ ਉਸ ਦੀ ਸੁਰੱਖਿਆ ਲਈ ਵਰਤੀ ਜਾਣ ਵਾਲੀ ਚੌਕਸੀ ਤੇ ਸੰਜਮ ਦੇ ਮਹੱਤਵ ਨੂੰ ਸਮਝਣ ਤੋਂ ਅਣਜਾਣ ਹੈ। ਪ੍ਰਮਾਣੂ ਹਥਿਆਰ ਈਜਾਦ ਕਰ ਲੈਣ ਤੋਂ ਵੀ ਕਿਤੇ ਵੱਧ ਮੁਸ਼ਕਿਲ ਹੈ ਪਰਮਾਣੂ ਹਥਿਆਰਾਂ ਦੀ ਅਤਿ ਸੰਵੇਦਨਸ਼ੀਲ ਸੁਰੱਖਿਆ। ਪਾਕਿਸਤਾਨ ਦੀ ਪ੍ਰਮਾਣੂ ਸਮਰੱਥਾ ਤੋਂ ਤਾਂ ਉਹ ਵੱਡੇ ਸਮਰੱਥ ਮੁਲਕ ਵੀ ਹੁਣ ਪ੍ਰੇਸ਼ਾਨ ਹਨ ਜਿਨ੍ਹਾਂ ਨੇ ਕਿਸੇ ਨਾ ਕਿਸੇ ਸਮੇਂ 'ਤੇ ਪਾਕਿਸਤਾਨ ਦੇ ਪ੍ਰਮਾਣੂ ਪ੍ਰੋਗਰਾਮ ਅਤੇ ਯੋਜਨਾਵਾਂ ਉਲੀਕਣ ਵਿੱਚ ਉਸ ਦਾ ਸਾਥ ਦਿੱਤਾ ਹੈ। ਮੁਢਲੇ ਤੌਰ 'ਤੇ ਅਜਿਹੇ ਪੰਜ ਮੁਲਕ ਹਨ ਜਿਨ੍ਹਾਂ ਨੇ 1970 ਵਿੱਚ ਵਿਸ਼ੇਸ਼ ਸੰਧੀ ਦੀ ਬੰਦਸ਼ ਅੰਦਰ ਰਹਿ ਕੇ ਪਰਮਾਣੂ ਯੋਜਨਾਵਾਂ ਬਣਾਈਆਂ, ਜਿਨ੍ਹਾਂ ਅਨੁਸਾਰ ਇੱਕ ਖ਼ਾਸ ਮਾਤਰਾ ਤੋਂ ਵੱਧ ਪ੍ਰਮਾਣੂ ਹਥਿਆਰ ਤਿਆਰ ਕਰਨ 'ਤੇ ਸਖਤ ਬੰਦਸ਼ ਹੈ। ਇਸ ਸੰਧੀ ਨੂੰ ਐਨਥਪੀਥਟੀ ਆਖਦੇ ਹਨ। ਪ੍ਰਮਾਣੂ ਹਥਿਅਰਾਂ ਵਾਲੇ ਇਨ੍ਹਾਂ ਦੇਸ਼ਾਂ ਵਿੱਚ ਅਮਰੀਕਾ, ਚੀਨ, ਰੂਸ, ਫਰਾਂਸ ਅਤੇ ਯੂਥਕੇਥ ਸ਼ਾਮਲ ਹਨ। ਇਸ ਤੋਂ ਬਿਨਾਂ 189 ਹੋਰ ਮੁਲਕ ਅਜਿਹੇ ਹਨ ਜਿਨ੍ਹਾਂ ਪਾਸ ਆਪਣੇ ਪਰਮਾਣੂ ਹਥਿਆਰ ਤਾਂ ਨਹੀਂ ਹਨ, ਪਰ ਉਨ੍ਹਾਂ ਨੇ ਇਸ ਕੌਮਾਂਤਰੀ ਸੰਧੀ ਦੇ ਪਾਬੰਦ ਹੋਣ ਦੇ ਦਸਤਵੇਜ਼ 'ਤੇ ਸਹੀ ਜ਼ਰੂਰ ਪਾਈ ਹੈ। ਭਾਰਤ, ਪਾਕਿਸਤਾਨ ਅਤੇ ਇਜ਼ਰਾਈਲ ਨੇ ਵੀ ਹਾਲੇ ਤੱਕ ਇਸ ਸੰਧੀ 'ਤੇ ਸਹੀ ਨਹੀਂ ਪਾਈ, ਪਰ ਇਨ੍ਹਾਂ ਨੇ ਆਪਣੀ ਸੁਰੱਖਿਆ ਲਈ ਪ੍ਰਮਾਣੂ ਹਥਿਆਰਾਂ ਦਾ ਨਿਰਮਾਣ ਜ਼ਰੂਰ ਕਰ ਲਿਆ ਹੈ। ਇਜ਼ਰਾਈਲ ਨੇ ਭਾਵੇਂ ਅਜੇ ਤੱਕ ਇਸ ਪਾਸ ਪ੍ਰਮਾਣੂ ਹਥਿਆਰ ਹੋਣ ਦਾ ਦਾਅਵਾ ਤਾਂ ਨਹੀਂ ਕੀਤਾ, ਪਰ ਸੰਸਾਰ ਵਿੱਚ ਇਹ ਭਰਮ ਜ਼ਰੂਰ ਬਣਿਆ ਹੈ ਕਿ ਇਜ਼ਰਾਈਲ ਪ੍ਰਮਾਣੂ ਹਥਿਆਰਾਂ ਨਾਲ ਲੈੱਸ ਸਮਰੱਥ ਮੁਲਕਾਂ ਵਿੱਚੋਂ ਇੱਕ ਹੈ। ਉੱਤਰੀ ਕੋਰੀਆ ਜੋ ਪਹਿਲਾਂ ਐਨਥਪੀਥਟੀ ਸੰਧੀ ਦਾ ਪਾਬੰਦ ਸੀ, ਪਰ ਜਨਵਰੀ 2003 ਵਿੱਚ ਉਸ ਨੇ ਆਪਣਾ ਨਾਮ ਇਸ ਸੰਧੀ ਵਿਚੋਂ ਵਾਪਸ ਲੈ ਲਿਆ ਅਤੇ ਬਾਗੀ ਹੋ ਕੇ ਆਪਣੇ ਪ੍ਰਮਾਣੂ ਹਥਿਆਰ ਨਿਰਮਾਣ ਕਰਨੇ ਸ਼ੁਰੂ ਕਰ ਦਿੱਤੇ ਅਤੇ ਇਸ ਸਬੰਧੀ ਕਈ ਸਫਲ ਧਮਾਕੇ ਵੀ ਕਰ ਦਿੱਤੇ। ਇਨ੍ਹਾਂ ਧਮਾਕਿਆਂ ਦਾ ਅਮਰੀਕਾ ਨੇ ਸਭ ਤੋਂ ਵੱਧ ਬੁਰਾ ਮਨਾਇਆ ਸੀ। ਸੀਰੀਆ ਦੇ ਅੰਦਰੂਨੀ ਟਕਰਾਓ ਵਿੱਚ ਤਾਂ ਰਸਾਇਣਿਕ ਹਥਿਆਰਾਂ ਦਾ ਅੰਸ਼ਕ ਇਸਤੇਮਾਲ ਵੀ ਹੋ ਚੁੱਕਾ ਹੈ।

(ਬਾਕੀ ਸਫ਼ਾ 30 'ਤੇ)

# ਸਾਂਝੀ ਖੇਤੀ ਅਤੇ ਕੋ-ਆਪਰੇਟਿਵ ਲਹਿਰ ਨੂੰ ਪੰਜਾਬ ’ਚ ਕਿਵੇਂ ਕਾਮਯਾਬ ਬਣਾਇਆ ਜਾਵੇ



ਸੁੱਚਾ ਸਿੰਘ ਗਿੱਲ



ਪੰਜਾਬ ਦੇ ਖੇਤੀ ਸੰਕਟ ਕਾਰਨ ਛੋਟੇ, ਸੀਮਾਂਤ ਕਿਸਾਨ ਤੇ ਖੇਤ ਮਜ਼ਦੂਰ ਪਿਸ ਰਹੇ ਹਨ। ਮੌਜੂਦਾ ਖੇਤੀ ਮਾਡਲ ਮਸ਼ੀਨਾਂ ’ਤੇ ਆਧਾਰਿਤ ਹੋਣ ਕਾਰਨ ਖੇਤ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਨਿਗਲ ਰਿਹਾ ਹੈ। ਇਸ ਦੇ ਨਾਲ ਹੀ ਇਹ ਮਾਡਲ ਵਾਤਾਵਰਨ ਨੂੰ ਤਬਾਹ ਕਰ ਰਿਹਾ ਹੈ। ਜ਼ਮੀਨ ਅਤੇ ਪਾਣੀ ਜ਼ਹਿਰੀਲੇ ਹੋ ਰਹੇ ਹਨ ਅਤੇ ਹਵਾ ਪ੍ਰਦੂਸਿ਼ਤ ਹੋ ਰਹੀ ਹੈ। ਇਸ ਕਰ ਕੇ ਇਸ ਮਾਡਲ ਨੂੰ ਸਮਝਣ ਅਤੇ ਬਦਲਣ ਦੀ ਲੋੜ ਹੈ। ਇਸ ਸਬੰਧ ਵਿਚ ਕੁਝ ਵਿਦਵਾਨਾਂ ਵੱਲੋਂ ਸਾਂਝੀ ਖੇਤੀ ਦਾ ਸੁਝਾਅ ਦਿੱਤਾ ਜਾ ਰਿਹਾ ਹੈ। ਸਾਂਝੀ ਖੇਤੀ ਦੇ ਵਿਚਾਰ ਦੇ ਵਿਰੋਧ ਵਿਚ ਕੁਝ ਵਿਚਾਰਵਾਨ ਇਸ ਨੂੰ ਮਹਿਜ਼ ਸੁਪਨਾ ਗਰਦਾਨ ਕੇ ਇਸ ਮਾਡਲ ਨੂੰ ਰੱਦ ਕਰਦੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਸਰਮਾਏਦਾਰੀ ਵਿਕਾਸ ਮਾਡਲ ਵਿਚ ਸਾਂਝੀ ਖੇਤੀ ਸੰਭਵ ਹੀ ਨਹੀਂ ਹੈ। ਇਸ ਮਾਡਲ ਵਿਚ ਵੀ ਧਨੀ/ਸਰਮਾਏਦਾਰੀ ਕਿਸਾਨਾਂ ਦੀ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਉੱਪਰ ਧੌਂਸ ਬਣੀ ਰਹਿਣ ਦੀ ਵੱਧ ਸੰਭਾਵਨਾ ਰਹਿੰਦੀ ਹੈ। ਇਸ ਕਰ ਕੇ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਮੁਕਤੀ ਸਿਰਫ ਸਮਾਜਵਾਦ ਲਈ ਇਨਕਲਾਬ ਨਾਲ ਹੀ ਸੰਭਵ ਹੋ ਸਕਦੀ ਹੈ। ਇਸ ਕਰ ਕੇ ਇਹ ਵਿਦਵਾਨ ਸਰਮਾਏਦਾਰੀ ਮਾਡਲ ਅੰਦਰ ਸਾਂਝੀ ਖੇਤੀ ਦੇ ਕਿਸੇ ਮਾਡਲ ਦਾ ਤਜਰਬਾ ਕਰਨ ਤੋਂ ਵੀ ਮੁਨਕਰ ਹਨ। ਐਸੇ ਵਿਦਵਾਨਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਵੀ ਤਾਂ ਲੋਕਾਂ ਨੂੰ ਸਮਾਜਵਾਦ ਦੇ ਸੁਪਨੇ ਦਿਖਾ ਰਹੇ ਹਨ ਅਤੇ ਸਰਮਾਏਦਾਰੀ ਮਾਡਲ ਦੇ ਅਜੋਕੇ ਸਮੇਂ ਵਿਚ ਬਦਲ ਵਾਸਤੇ ਕੋਈ ਤਜਰਬੇ ਕਰਨ ਤੋਂ ਇਨਕਾਰੀ ਹੋ ਰਹੇ ਹਨ।

ਜਿਹੜੇ ਕਾਰਕੁਨ ਸਾਡੇ ਸਮੇਂ ਵਿਚ ਪੇਂਡੂ ਗਰੀਬਾਂ, ਖਾਸਕਰ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਹੱਲ ਸਿਰਫ ਸਰਕਾਰਾਂ ਤੋਂ ਕਰਵਾਉਣ ਲਈ ਸੰਘਰਸ਼ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਕੋਈ ਨਵੇਂ ਤਜਰਬਿਆਂ ਨੂੰ ਵਿਚਾਰਨ ਲਈ ਤਿਆਰ ਨਹੀਂ, ਉਹ ਵਿਹਾਰਕ ਜਿ਼ੰਦਗੀ ਵਿਚ ਲੋਕਾਂ ਨੂੰ ਬਿਹਤਰ ਸੁਪਨੇ ਨਹੀਂ ਦਿਖਾ ਸਕਦੇ। ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਆਗੂਆਂ ਨੂੰ ਸੰਘਰਸ਼ ਦੇ ਨਾਲ ਨਾਲ ਨਿਰਮਾਣ ਕਰ ਕੇ ਨਵੇਂ ਸਫ਼ਲ ਤਜਰਬਿਆਂ ਨੂੰ ਨਾ ਸਿਰਫ਼ ਅੰਜਾਮ ਦੇਣਾ ਚਾਹੀਦਾ ਹੈ ਸਗੋਂ ਸਫ਼ਲ ਤਜਰਬਿਆਂ ਦੇ ਹਮਾਇਤੀ ਬਣਨਾ ਉਨ੍ਹਾਂ ਦੇ ਕਾਰਜ ਨੂੰ ਜਿਆਦਾ ਸਾਰਥਕ ਬਣਾ ਸਕਦਾ ਹੈ।

ਖੇਤੀ ਸੰਕਟ ਦੇ ਹੱਲ ਵਾਸਤੇ ਹੋਰ ਸੁਝਾਵਾਂ ਤੋਂ ਇਲਾਵਾ ਕੁਝ ਵਿਦਵਾਨ ਪੰਜਾਬ ਦੀ ਖੇਤੀ ਨੂੰ ਸਾਂਝੀ ਖੇਤੀ ਦੇ ਮਾਡਲ ਨਾਲ ਪ੍ਰਬੰਧ ਕਰਨ ਦੇ ਹਮਾਇਤੀ ਹਨ। ਉਨ੍ਹਾਂ ਵਿਚ ਚੱਲ ਰਹੀ ਵਿਚਾਰ ਚਰਚਾ ਵਿਚ ਇੱਕ ਮੁੱਦਾ ਸਾਂਝੀ ਖੇਤੀ ਦੇ ਮਾਡਲ ਨੂੰ ਸਰਮਾਏਦਾਰੀ ਸਿਸਟਮ ਵਿਚ ਪੱਕੇ ਪੈਰੀਂ ਸਫ਼ਲ ਹੋਣ ਬਾਰੇ ਸੰਦੇਹ/ਸ਼ੱਕ ਦੀ ਨਜ਼ਰ ਨਾਲ ਮਾਰਕਸਵਾਦੀ ਵਿਚਾਰਧਾਰਾ ਦੇ ਨਜ਼ਰੀਏ ਤੋਂ ਦੇਖਿਆ ਜਾ ਰਿਹਾ ਹੈ। ਉਨ੍ਹਾਂ ਦੇ ਇਸ ਵਿਚਾਰ ਨੂੰ ਮਾਰਕਸਵਾਦੀ ਨਜ਼ਰੀਏ ਤੋਂ ਮੰਨਿਆ ਨਹੀਂ ਜਾ ਸਕਦਾ। ਇਸ ਨਜ਼ਰੀਏ ਤੋਂ ਕੋਈ ਵੀ ਮਾਡਲ ਸਥਾਈ ਨਹੀਂ ਹੁੰਦਾ, ਇਥੋਂ ਤੱਕ ਕਿ ਸਰਮਾਏਦਾਰੀ ਅਤੇ ਸਮਾਜਵਾਦੀ ਸਿਸਟਮ ਵੀ ਅਸਥਾਈ/ਬਦਲਦੇ ਮੰਨੇ ਜਾਂਦੇ ਹਨ। ਇਹ ਸਮੇਂ ਦੇ ਬਦਲਣ ਨਾਲ ਆਪਣੀ ਉਮਰ ਭੋਗ ਕੇ ਅਗਲੇ ਦੌਰ ਵਿਚ ਚਲੇ ਜਾਂਦੇ ਹਨ। ਅਲੱਗ ਅਲੱਗ ਸਮਿਆਂ ਵਿਚ ਦੇਸ਼ਾਂ ਦੇ ਆਰਥਿਕ-ਸਮਾਜਿਕ ਢਾਂਚੇ ਸਰਮਾਏਦਾਰੀ ਤੋਂ ਸਮਾਜਵਾਦ ਅਤੇ ਸਮਾਜਵਾਦ ਤੋਂ ਕਮਿਊਨਿਜ਼ਮ ਦੇ ਦੌਰ ਵਿਚ ਦਾਖ਼ਲ ਹੋ ਸਕਣ ਦੀਆਂ ਸੰਭਾਵਨਾਵਾਂ ਰੱਖਦੇ ਹਨ। ਇਸ ਕਰ ਕੇ ਸਾਂਝੀ ਖੇਤੀ ਨੂੰ ਵੀ ਅਸਥਾਈ/ਬਦਲਦੇ ਮਾਡਲ ਦੇ ਤੌਰ ’ਤੇ ਸਰਮਾਏਦਾਰੀ ਢਾਂਚੇ ਵਿਚ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹਾਲਾਤ ਨੂੰ ਬਿਹਤਰ ਬਣਾਉਣ ਲਈ ਅਪਣਾਇਆ ਜਾ ਸਕਦਾ ਹੈ। ਇਸ ਨਾਲ ਪੀੜਤ ਵਰਗਾਂ ਨੂੰ ਰਾਹਤ ਮਿਲਣ ਦੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਇਸ ਸਬੰਧ ਵਿਚ ਪੰਜਾਬ ਅਤੇ ਦੇਸ਼ ਦੇ ਹੋਰ ਸੂਬਿਆਂ ਵਿਚ ਕੁਝ ਸੰਘਰਸ਼ੀਲ ਲੋਕ ਤਜਰਬੇ ਕਰ ਰਹੇ ਹਨ। ਕੇਰਲ ਵਿਚ ਕੁਟੁੰਬਸਿਰੀ ਨਾਮ ਦੀ ਔਰਤਾਂ ਦੀ ਜਥੇਬੰਦੀ ਭੂਮੀ ਠੇਕੇ ’ਤੇ ਲੈ ਕੇ ਸਾਂਝੀ ਖੇਤੀ ਕਰ ਕੇ ਆਪਣੇ ਪਰਿਵਾਰਾਂ ਦੀ ਹਾਲਤ ਨੂੰ ਬਿਹਤਰ ਬਣਾਉਣ ਵਿਚ ਸਫ਼ਲ ਹੋ ਰਹੀ ਹੈ। ਪੰਜਾਬ ਵਿਚ ਭੂਮੀ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਪੰਚਾਇਤਾਂ ਦੀ ਦਲਿਤਾਂ ਵਾਸਤੇ ਇੱਕ ਤਿਹਾਈ ਰਿਜ਼ਰਵ ਜ਼ਮੀਨ ਠੇਕੇ ’ਤੇ ਲੈ ਕੇ ਸਾਂਝੀ ਖੇਤੀ ਕਰਨ ਦੇ ਕੁਝ ਸਫ਼ਲ ਤਜਰਬੇ ਕੀਤੇ ਜਾ ਰਹੇ ਹਨ। ਲਾਂਬੜਾ-ਕਾਂਗੜੀ (ਹੁਸ਼ਿਆਰਪੁਰ) ਦੇ ਪਿੰਡਾਂ ਵਿਚ ਸਾਂਝੀ ਮਸ਼ੀਨਰੀ ਅਤੇ ਕੋਆਪਰੇਟਿਵ ਮਾਰਕੀਟਿੰਗ ਦਾ ਸਫ਼ਲ ਮਾਡਲ ਚੱਲ ਰਿਹਾ ਹੈ। ਇਨ੍ਹਾਂ ਤੋਂ ਸਬਕ ਲੈਂਦਿਆਂ ਪੇਂਡੂ ਗਰੀਬਾਂ ਦੀ ਬਿਹਤਰੀ ਲਈ ਅਜਿਹੇ ਯਤਨਾਂ ਦੇ ਆਧਾਰ ’ਤੇ ਪੇਂਡੂ ਅਰਥਚਾਰੇ ਅਤੇ ਆਰਥਿਕ ਕਿਰਿਆਵਾਂ ਨੂੰ ਸਮੂਹਕ ਤਰੀਕੇ ਨਾਲ ਚਲਾਉਣ ’ਚ ਸਾਂਝੀ ਗਤੀਵਿਧੀ ਲਾਹੇਵੰਦ ਹੋ ਸਕਦੀ ਹੈ।

ਸਾਂਝੀ ਖੇਤੀ ਨੂੰ ਸਿਰਫ਼ ਖੇਤੀ ਉਤਪਾਦਨ ਤੱਕ ਸੀਮਤ ਕਰਨਾ ਸਹਿਕਾਰਤਾ ਦੇ ਸਿਧਾਂਤਾਂ ਨਾਲ ਬੇਇਨਸਾਫ਼ੀ ਹੋਵੇਗੀ। ਸਾਂਝੀ ਖੇਤੀ ਤੋਂ ਹੋਣ ਵਾਲੇ ਹਾਂਦਰੂ ਪੱਖਾਂ ਨੂੰ ਕਾਫੀ ਸਕੇਲ ’ਤੇ ਵਧਾਇਆ ਜਾ ਸਕਦਾ ਹੈ, ਜੇਕਰ ਇਸ ਸਿਧਾਂਤ ਨੂੰ ਮਾਰਕੀਟਿੰਗ ਅਤੇ ਪ੍ਰੋਸੈਸਿੰਗ ਦੇ ਕੰਮਾਂ ਨਾਲ ਜੋੜ ਲਿਆ ਜਾਵੇ। ਇਸ ਗੱਲ ਨੂੰ ਅੱਗੇ ਤੋਰਨ ਵਾਸਤੇ ਸਹਿਕਾਰੀ ਕਿਰਿਆਵਾਂ ਦੀਆਂ ਗਤੀਵਿਧੀਆਂ ਦੇ ਜ਼ਿਕਰ ਨਾਲ ਜੋੜ ਕੇ ਸਮਝਿਆ ਜਾ ਸਕਦਾ ਹੈ। ਮਿਸਾਲ ਦੇ ਤੌਰ ਪੰਜਾਬ ਅਤੇ ਗੁਜਰਾਤ ਵਿਚ ਦੁੱਧ ਦੀ ਵਿਕਰੀ ਦਾ ਕੰਮ ਦੁੱਧ ਉਤਪਾਦਕਾਂ ਦੀਆਂ ਕੋਆਪਰੇਟਿਵ ਸੁਸਾਇਟੀਆਂ ਦੇ ਹੱਥ ਵਿਚ ਫੜ ਲੈਣ ਨਾਲ ਅਤੇ ਕੋਆਪਰੇਟਿਵ ਦੁਧ ਪਲਾਂਟ ਬਣਨ ਨਾਲ ਉਨ੍ਹਾਂ ਨੂੰ ਪਹਿਲਾਂ ਤੋਂ ਬਿਹਤਰ ਭਾਅ ਮਿਲਣ ਲੱਗ ਪਏ ਸਨ। ਇਵੇਂ ਹੀ ਪੰਜਾਬ ਦੇ ਕਈ ਪਿੰਡਾਂ ਵਿਚ ਵਿਚ ਕੋ-ਆਪਰੇਟਿਵ ਮਸ਼ੀਨਰੀ ਬੈਂਕ ਬਣਨ ਨਾਲ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਘੱਟ ਕਿਰਾਏ ’ਤੇ ਖੇਤੀ ਸੰਦ ਪ੍ਰਾਪਤ ਹੋਣ ਲੱਗ ਪਏ ਹਨ। ਇਨ੍ਹਾਂ ਮਿਸਾਲਾਂ ਤੋਂ ਇਹ ਸਾਫ ਹੋ ਜਾਂਦਾ ਹੈ ਕਿ ਕੋਆਪਰੇਟਿਵ ਸਿਧਾਂਤਾਂ ਅਨੁਸਾਰ ਸਾਂਝੀ ਖੇਤੀ ਤੋਂ ਵੱਧ ਕੇ ਮਾਰਕੀਟਿੰਗ ਦੇ ਕੰਮ ਵਿਚ ਦਾਖ਼ਲ ਹੋਇਆ ਜਾ ਸਕਦਾ ਹੈ। ਇਹ ਮਾਰਕੀਟਿੰਗ ਦਾ ਕੰਮ ਲੋਕਲ ਪੱਧਰ ਤੋਂ ਬਲਾਕ ਸਮਿਤੀ ਪੱਧਰ ਅਤੇ ਇਸ ਤੋਂ ਅੱਗੇ ਜ਼ਿਲ੍ਹਾ, ਸੂਬਾ ਅਤੇ ਦੇਸ਼ ਪੱਧਰ ਤੱਕ ਲਿਜਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਖੇਤੀਬਾੜੀ ਦੀ ਉਪਜ ਦੀ ਪ੍ਰੋਸੈਸਿੰਗ ਦਾ ਕੰਮ ਲੋਕਲ ਇਕਾਈ ਤੋਂ ਸ਼ੁਰੂ ਕਰ ਕੇ ਸੂਬਾਈ ਅਤੇ ਦੇਸ਼ ਪੱਧਰ ਤੱਕ ਲਿਜਾਇਆ ਜਾ ਸਕਦਾ ਹੈ। ਇਵੇਂ ਹੀ ਖੇਤੀ ਵਰਤੋਂ ਵਿਚ ਆਉਣ ਵਾਲੇ ਸਮਾਨ, ਖਾਦਾਂ, ਬੀਜ, ਮਸ਼ੀਨਾਂ ਆਦਿ ਕੋਆਪਰੇਟਿਵ ਮਾਰਕੀਟਿੰਗ ਦੇ ਘੇਰੇ ਵਿਚ ਆ ਸਕਦੇ ਹਨ। ਦੂਜੇ ਪਾਸੇ ਖੇਤੀ ਦੀ ਤਾਜ਼ਾ ਪੈਦਾਵਾਰ ਤੋਂ ਲੈ ਕੇ ਪ੍ਰੋਸੈਸਿੰਗ ਉਦਯੋਗ ਦੇ ਮਾਲ ਦੀ ਵਿਕਰੀ ਦਾ ਕੰਮ ਵੀ ਕੋ-ਆਪਰੇਟਿਵ ਜਥੇਬੰਦੀਆਂ ਵੱਲੋਂ ਕੀਤਾ ਜਾ ਸਕਦਾ ਹੈ। ਵਿਤੀ ਸਾਧਨਾਂ ਨੂੰ ਇਕੱਠਿਆਂ ਕਰਨ ਲਈ ਪੰਜਾਬ ਅਤੇ ਦੇਸ਼ ਪੱਧਰ ’ਤੇ ਕੋ-ਆਪਰੇਟਿਵ ਸੁਸਾਇਟੀਆਂ ਦੀ ਭੂਮਿਕਾ ਦਾ ਲੰਮਾ ਇਤਿਹਾਸ ਹੈ। ਸਹਿਕਾਰੀ ਸੰਸਥਾਵਾਂ ਦਾ ਏਕੀਕਰਨ ਕਰ ਕੇ ਕਾਰਜ ਖੇਤਰ ਨੂੰ ਕਾਫੀ ਵਧਾਇਆ ਅਤੇ ਮਜ਼ਬੂਤ ਕੀਤਾ ਜਾ ਸਕਦਾ ਹੈ। ਇਸ ਨਾਲ ਕੋ-ਆਪਰੇਟਿਵ ਸੰਗਠਨਾਂ ਦੀ, ਪ੍ਰਸਿੱਧ ਅਰਥ ਵਿਗਿਆਨੀ ਜੇਕੇ ਗਾਲਬਰੈਥ ਦੇ ਕਥਨ ਅਨੁਸਾਰ, ਕਾਰਪੋਰੇਟ ਕੰਪਨੀਆਂ ਦੇ ਮੁਕਾਬਲੇ ਵਿਚ ਮੰਡੀ ਵਿਚ ਤਾਕਤ ਕਾਇਮ ਕੀਤੀ ਜਾ ਸਕਦੀ ਹੈ। ਇਸ ਤਰੀਕੇ ਨਾਲ ਖੇਤੀ ਸੈਕਟਰ ਦੇ ਖਿਲਾਫ ਜਿਹੜੀ ਕੀਮਤਾਂ ਵਿਚ ਧਾਂਦਲੀ ਕਾਰਪੋਰੇਟ ਕੰਪਨੀਆਂ ਕਰਦੀਆਂ ਹਨ, ਉਸ ਤੋਂ ਬਚਿਆ ਜਾ ਸਕਦਾ ਹੈ।

ਪਿਛਲੇ ਸਮਿਆਂ ਵਿਚ ਕੋ-ਆਪਰੇਟਿਵ ਅਦਾਰੇ ਸੁਚੱਜੇ ਢੰਗ ਨਾਲ ਚੱਲਣ ਵਿਚ ਬਹੁਤ ਸਾਰੀਆਂ ਕਿਰਿਆਵਾਂ ਵਿਚ ਕਾਮਯਾਬ ਨਹੀਂ ਹੋ ਸਕੇ। ਇਸ ਕਰ ਕੇ ਇਹ ਘਾਟੇ ਵਿਚ ਚਲੇ ਗਏ ਜਾਂ ਬੰਦ ਹੋ ਗਏ ਹਨ। ਇਸ ਦੀਆਂ ਪੰਜਾਬ ਵਿਚ ਮੁੱਖ ਮਿਸਾਲਾਂ ਕੋ-ਆਪਰੇਟਿਵ ਖੰਡ ਮਿੱਲਾਂ ਦਾ ਬੰਦ ਹੋਣਾ ਅਤੇ ਪ੍ਰਾਇਮਰੀ ਕੋ-ਆਪਰੇਟਿਵ ਕ੍ਰੈਡਿਟ ਸੁਸਾਇਟੀਆਂ ਦਾ ਘਾਟੇ ਵਿਚ ਜਾਣ ਤੋਂ ਬਾਅਦ ਆੜ੍ਹਤੀਆਂ ਦੇ ਕਰਜ਼ਾ ਜਾਲ ਦਾ ਫੈਲਣਾ ਸੰਭਵ ਹੋਇਆ ਹੈ। ਇਨ੍ਹਾਂ ਤੱਥਾਂ ਦੀ ਲੋਅ ਵਿਚ ਸਾਂਝੇ ਕੰਮਾਂ ਵਿਚ ਕੋ-ਆਪਰੇਟਿਵ ਦੇ ਰੋਲ ਨੂੰ ਵਿਚਾਰਨ ਦੀ ਲੋੜ ਹੈ। ਇਸ ਸਬੰਧ ਵਿਚ ਪੰਜਾਬ ਸਰਕਾਰ ਦੇ ਬਣਾਏ ਪੰਜਾਬ ਕੋ-ਆਪਰੇਟਿਵ ਸੁਸਾਇਟੀ ਐਕਟ-1961 ਨੂੰ ਮੁੜ ਘੋਖਣ ਦੀ ਲੋੜ ਹੈ। ਇਹ ਐਕਟ ਪੁਰਾਣੇ ਸਮੇਂ ਦੇ ਸਿਆਸੀ ਮਾਹੌਲ ਵਿਚ ਪਾਸ ਕੀਤਾ ਗਿਆ ਸੀ। ਇਸ ਐਕਟ ਨਾਲ ਸਾਰੀ ਕੋਆਪਰੇਟਿਵ ਲਹਿਰ ਨੂੰ ਅਫਸਰਸ਼ਾਹੀ ਅਧੀਨ ਕੀਤਾ ਹੋਇਆ ਹੈ। ਇਸ ਵਿਚ ਸੁਸਾਇਟੀ ਦੇ ਫੰਡਾਂ ਦੀ ਪੁਣਛਾਣ ਲਈ ਸਰਕਾਰੀ ਆਡਿਟ ਕਿਸਾਨਾਂ ਨੂੰ ਉਲਝਾਅ ਲੈਂਦੇ ਹਨ ਅਤੇ ਭ੍ਰਿਸ਼ਟਾਚਾਰ ਦਾ ਕਾਰਨ ਬਣਦੇ ਹਨ। ਇਸ ਨੂੰ ਕਿਸਾਨ ਜਥੇਬੰਦੀਆਂ ਦੀ ਸੁਲਾਹ ਨਾਲ ਬਦਲਿਆ ਜਾਣਾ ਚਾਹੀਦਾ ਹੈ। ਐਗਰੋ-ਪ੍ਰੋਸੈਸਿੰਗ ਦੇ ਅਦਾਰਿਆਂ ਦਾ ਕੰਟਰੋਲ ਵੀ ਅਫਸਰਸ਼ਾਹੀ ਕਰਦੀ ਹੈ ਅਤੇ ਕਿਸਾਨ ਸ਼ੇਅਰ ਮਾਲਕਾਂ ਦੀ ਰਾਇ ਨੂੰ ਫੈਸਲਿਆਂ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ। ਫਿਰ ਭ੍ਰਿਸ਼ਟਾਚਾਰ ਅਤੇ ਪ੍ਰਬੰਧ ਵਿਚ ਪੇਸ਼ਾਵਰ ਪਹੁੰਚ ਦੀ ਅਣਹੋਂਦ ਕਾਰਨ ਫੇਲ੍ਹ ਹੋਣ ਦਾ ਕਾਰਨ ਬਣ ਜਾਂਦੇ ਹਨ। ਇਸ ਕਰ ਕੇ ਜ਼ਰੂਰੀ ਹੈ ਕਿ ਇਸ ਐਕਟ ਨੂੰ ਬਦਲਿਆ ਜਾਵੇ ਅਤੇ ਕੋ-ਆਪਰੇਟਿਵ ਲਹਿਰ ਨੂੰ ਅਫਸਰਸ਼ਾਹੀ ਦੇ ਚੁੰਗਲ ਤੋਂ ਬਚਾਇਆ ਜਾਵੇ। ਸਹਿਕਾਰਤਾ ਦੀ ਲਹਿਰ ਨੂੰ ਅਫਸਰਸ਼ਾਹੀ ਨੇ ਕਾਫੀ ਨੁਕਸਾਨ ਪਹੁੰਚਾਇਆ ਅਤੇ ਸਹਿਕਾਰਤਾ ਦੇ ਸਿਧਾਂਤਾਂ ਦੀ ਉਲੰਘਣਾ ਕੀਤੀ ਹੈ। ਇਸ ਨੂੰ ਜਮਹੂਰੀ ਤਰੀਕੇ ਨਾਲ ਚਲਾਉਣ ਨਾਲ ਹੀ ਕਾਮਯਾਬੀ ਵਲ ਵਧਿਆ ਜਾ ਸਕਦਾ ਹੈ। ਇਸ ਦੇ ਲਈ ਇਸ ਲਹਿਰ ਦੇ ਮੈਂਬਰਾਂ ਦੀ ਚੇਤਨਤਾ ਵਧਾਉਣ ਲਈ ਸਿਖਲਾਈ ਪ੍ਰੋਗਰਾਮ ਚਲਾਏ ਜਾਣ ਤਾਂ ਕਿ ਉਨ੍ਹਾਂ ਨੂੰ ਇਹ ਪਤਾ ਹੋਵੇ ਕਿ ਅਕਾਊਂਟ ਕਿਸ ਤਰ੍ਹਾਂ ਤਿਆਰ ਕਰਨੇ ਹਨ, ਕੋ-ਆਪਰੇਟਿਵ ਦੇ ਕਾਨੂੰਨ ਅਤੇ ਨਿਯਮਾਂ ਦੀ ਪਾਲਣਾ ਕਿਵੇਂ ਕਰਨੀ ਹੈ ਅਤੇ ਆਪਣੇ ਅਧਿਕਾਰਾਂ ਨੂੰ ਕਿਸ ਤਰ੍ਹਾਂ ਵਰਤਿਆ ਜਾ ਸਕਦਾ ਹੈ। ਸਾਂਝੀ ਖੇਤੀ ਅਤੇ ਕੋ-ਆਪਰੇਟਿਵ ਲਹਿਰ ਨੂੰ ਕਾਮਯਾਬ ਕਰਨ ਦੀ ਸਭ ਤੋਂ ਵੱਧ ਜ਼ਰੂਰੀ ਸ਼ਰਤ ਇਹ ਹੈ ਕਿ ਇਸ ਲਹਿਰ ਨੂੰ ਕਿਸਾਨਾਂ ਦੀਆਂ ਜਥੇਬੰਦੀਆਂ ਅਪਣਾਉਣ। ਹੁਣ ਤਕ ਕਿਸਾਨ ਲਹਿਰ ਨੇ ਸਾਂਝੀ ਖੇਤੀ ਜਾਂ ਸਹਿਕਾਰਤਾ ਵੱਲ ਕੋਈ ਖਾਸ ਦਿਲਚਸਪੀ ਨਹੀਂ ਦਿਖਾਈ। ਜੇ ਕਿਸਾਨ ਲਹਿਰ ਧਿਆਨ ਦੇਵੇ ਤਾਂ ਪੰਜਾਬ ਕੋਆਪਰੇਟਿਵ ਸੁਸਾਇਟੀ ਐਕਟ-1961 ਨੂੰ ਬਦਲਿਆ ਜਾ ਸਕਦਾ ਹੈ ਅਤੇ ਕੋ-ਆਪਰੇਟਿਵ ਸੁਸਾਇਟੀਆਂ ਤੇ ਮਾਰਕੀਟ ਕਮੇਟੀਆਂ ਦੀਆਂ ਚੋਣਾਂ ਸਮੇਂ ਸਿਰ ਕਰਵਾਈਆਂ ਜਾ ਸਕਦੀਆਂ ਹਨ। ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਸਰਕਾਰ ਦੀ ਮਦਦ ਅਤੇ ਅਗਵਾਈ ਵੀ ਕਾਫੀ ਜ਼ਰੂਰੀ ਹੈ। ਇਸ ਕਰ ਕੇ ਕਿਸਾਨ, ਕਿਸਾਨ ਜਥੇਬੰਦੀਆਂ ਅਤੇ ਸਰਕਾਰ ਰਲ-ਮਿਲ ਕੇ ਖੇਤੀ ਸੰਕਟ ਨੂੰ ਹੱਲ ਕਰਨ ਵਲ ਨਵੀਂ ਦਿਸ਼ਾ ਦੇ ਸਕਦੇ ਹਨ।

ਦਿੱਲੀ ਦੇ ਸਿੰਘੂ ਅਤੇ ਟਿਕਰੀ ਬਾਰਡਰਾਂ ’ਤੇ ਸਫਲ ਕਿਸਾਨ ਮੋਰਚੇ (2020-21) ਨੇ ਭਾਈਚਾਰਕ ਸਾਂਝ ਅਤੇ ਮਿਲਵਰਤਣ ਦੀ ਭਾਵਨਾ ਪੈਦਾ ਕੀਤੀ ਸੀ। ਇਸ ਤੋਂ ਆਸ ਪੈਦਾ ਹੋ ਗਈ ਸੀ ਕਿ ਇਸ ਭਾਵਨਾ ਨੂੰ ਸਾਂਝੇ ਕਾਰਜਾਂ ਵਾਸਤੇ ਬੂਰ ਪਵੇਗਾ। ਹੁਣ ਇਹ ਆਸ ਮਨਸੂਰਵਾਲ ਕਲਾਂ (ਜ਼ੀਰਾ) ’ਚ ਮਾਲਬਰੋਜ਼ ਸ਼ਰਾਬ ਦੀ ਫੈਕਟਰੀ ਦੇ ਖਿਲਾਫ ਕਿਸਾਨਾਂ ਦੇ ਮੋਰਚੇ ਨੇ ਖੇਤੀ ਸੰਕਟ ਦੇ ਨਾਲ ਸਵੱਛ ਵਾਤਾਵਰਨ ਅਤੇ ਸਿਹਤ ਦੇ ਮੁੱਦੇ ਜ਼ੋਰਦਾਰ ਤਰੀਕੇ ਨਾਲ ਜੋੜ ਦਿੱਤੇ ਹਨ। ਇਸ ਵਿਚ ਸਾਰੀਆਂ ਕਿਸਾਨ ਜਥੇਬੰਦੀਆਂ ਦੀ ਸ਼ਮੂਲੀਅਤ ਨੇ ਦੁਬਾਰਾ ਭਾਈਚਾਰਕ ਸਾਂਝ ਪੈਦਾ ਕਰ ਦਿੱਤੀ ਹੈ। ਇਸ ਜਜ਼ਬੇ ਤੋਂ ਸਾਂਝੇ ਕਾਰਜਾਂ ਵਿਚ ਮਿਲਵਰਤਣ ਤੇ ਨਵਾਂ ਕੁਝ ਸਾਂਝਾ ਉਸਾਰਨ ਦੀ ਸੰਭਾਵਨਾ ਪੈਦਾ ਹੋਣ ਅਤੇ ਸੋਚਣ ਦੀ ਤਵੱਕੋ ਕੀਤੀ ਜਾ ਸਕਦੀ ਹੈ।



# ਖ਼ਾਲਸੇ ਦੀ ਵਿਲੱਖਣ ਹੋਂਦ ਹਸਤੀ ਦੇ ਪ੍ਰਤੀਕ ਸਿੱਖ ਅਦਾਰਿਆਂ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਹੋਣ ਦੀ ਲੋੜ

**ਮਨਜੀਤ ਸਿੰਘ**

ਅੱਜ ਸਿੱਖ ਜਿੱਥੇ ਨਿੱਜੀ ਤੌਰ 'ਤੇ ਜੀਵਨ ਦੇ ਹਰ ਖੇਤਰ ਵਿੱਚ ਸਫ਼ਲਤਾ ਨਾਲ ਅੱਗੇ ਵਧ ਰਹੇ ਹਨ, ਉੱਥੇ ਪਰਿਵਾਰਵਾਦ ਦੀ ਭੇਟ ਚੜ੍ਹ ਰਹੀਆਂ ਰਾਜਨੀਤਕ ਪਾਰਟੀਆਂ ਵਾਂਗ ਸਿੱਖ ਸੰਸਥਾਵਾਂ ਵੀ ਨਿੱਤ ਨਵੇਂ ਨਿਘਾਰ ਛੂਹ ਰਹੀਆਂ ਹਨ ਅਤੇ ਨਿਵਾਣ ਵੱਲ ਜਾ ਰਹੀਆਂ ਹਨ। ਪਹਿਲਾਂ ਸਿੱਖਾਂ ਦੀ ਪਛਾਣ ਕੇਵਲ ਸਫਲ ਕਿਸਾਨ ਕਰਕੇ ਹੀ ਸੀ। ਨੌਕਰੀਆਂ ਵਿੱਚ ਵਧੇਰੇ ਕਰਕੇ ਫ਼ੌਜ ਵਿੱਚ ਸਨ। ਵਪਾਰਕ ਖੇਤਰ ਵਿੱਚ ਸਿੱਖਾਂ ਦੀ ਟਰਾਂਸਪੋਰਟ ਦੇ ਖੇਤਰ ਵਿੱਚ ਮੁਹਾਰਤ ਸਮਝੀ ਜਾਂਦੀ ਸੀ ਜਾਂ ਛੋਟੀ ਸਨਅੱਤ ਵਿੱਚ ਸਫਲ ਮੰਨੇ ਜਾਂਦੇ ਸਨ। ਅੱਜ ਸਿੱਖ ਇਕੱਲੇ ਪੰਜਾਬ ਜਾਂ ਦੇਸ਼ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਸਫਲ ਵਿਗਿਆਨਕ, ਖੇਤੀ ਮਾਹਿਰ, ਤਕਨੀਕੀ, ਡਾਕਟਰੀ, ਵਪਾਰਕ ਤੇ ਸਨਅੱਤੀ ਖੇਤਰ ਵਿੱਚ ਵੀ ਵਿਸ਼ੇਸ਼ ਸਥਾਨ ਹਾਸਲ ਕਰਨ ਵਿੱਚ ਸਫਲ ਰਹੇ ਹਨ।ਸਿੱਖ ਹੁਣ ਪੰਜਾਬ ਜਾਂ ਭਾਰਤ ਤਕ ਹੀ ਸੀਮਤ ਨਹੀਂ ਬਲਕਿ ਦੁਨੀਆ ਦੇ ਹਰ ਕੋਨੇ ਵਿੱਚ ਉਨ੍ਹਾਂ ਦਾ ਵਾਸਾ ਹੈ ਭਾਵੇਂ ਕਿ ਸਿੱਖਾਂ ਦੀ ਵਸੋਂ ਦੇਸ਼ ਵਿਦੇਸ਼ ਵਿੱਚ ਕਿਧਰੇ ਵੀ ਅਬਾਦੀ ਦੇ ਦੋ ਢਾਈ ਫ਼ੀਸਦੀ ਤੋਂ ਵਧੇਰੇ ਨਹੀਂ ਪਰ ਜਿਸ ਦੇਸ਼ ਵਿੱਚ ਵੀ ਸਿੱਖ ਗਏ ਉੱਥੋਂ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾਇਆ। ਕੌਮੀ ਤੌਰ 'ਤੇ ਸਿੱਖ ਜਿੱਥੇ ਵੀ ਗਏ, ਉੱਥੇ ਆਪਣੀਆਂ ਸੰਸਥਾਵਾਂ ਵੀ ਬਣਾਈਆਂ, ਵਿਸ਼ੇਸ਼ ਕਰਕੇ ਸੁੰਦਰ ਤੇ ਪ੍ਰਭਾਵਸ਼ਾਲੀ ਗੁਰਦੁਆਰੇ, ਜਿਨ੍ਹਾਂ ਦੇ ਉੱਚੇ ਗੁੰਬਦ ਅਤੇ ਲਹਿਰਾਉਂਦੇ ਨਿਸ਼ਾਨ ਸਾਹਿਬ, ਸਿੱਖ ਕੌਮ ਦੀ ਸ਼ਾਨ ਹਨ। ਇਹ ਵੀ ਕੌੜਾ ਸੱਚ ਹੈ ਕਿ ਸਿੱਖਾਂ ਦੇ ਹਰ ਕੌਮੀ ਅਦਾਰੇ ਅਤੇ ਵਿੱਦਿਅਕ ਸੰਸਥਾ ਵਿੱਚ ਖਹਿਬਾਜ਼ੀ ਤੇ ਲੜਾਈ ਹੈ। ਭਾਵੇਂ ਗੁਰੂ ਸਾਹਿਬ ਵੱਲੋਂ ਇਹ ਮਰਿਆਦਾ ਬੰਨ੍ਹ ਦਿੱਤੀ ਗਈ ਸੀ ਕਿ ਸਿੱਖ ਹਰ ਲੜਾਈ ਝਗੜੇ ਦਾ ਹੱਲ ਮਿਲ ਬੈਠ ਕੇ ਗੁਰਬਾਣੀ ਦੀ ਰੋਸ਼ਨੀ ਵਿੱਚ ਸੰਗਤੀ ਰੂਪ ਵਿੱਚ ਕਰੇਗਾ ਪਰ ਗੁਰਦੁਆਰੇ 'ਤੇ ਇੱਟਾਂ ਨਾਲ ਸਬੰਧਤ ਅਦਾਰਿਆਂ 'ਤੇ ਚੌਧਰ ਕਾਇਮ ਰੱਖਣ ਦੀ ਲਾਲਸਾ ਇਸ ਹੱਦ ਤਕ ਵਧ ਚੁੱਕੀ ਹੈ ਕਿ ਇਹ ਕਾਟੋ ਕਲੇਸ਼ ਨਿੱਤ ਦਿਨ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦਾ ਹੈ ਅਤੇ ਅਦਾਲਤਾਂ ਦੇ ਚੱਕਰਾਂ ਵਿੱਚ ਉਲਝਿਆ ਹੋਇਆ ਹੈ। ਸਿੱਖ ਧਰਮ ਨਿੱਜੀ ਧਰਮ ਨਹੀਂ ਬਲਕਿ ਸੰਗਤੀ ਧਰਮ ਹੈ ਜਿਸ ਦੀ ਬੁਨਿਆਦ ਸ਼ਬਦ (ਸਿਧਾਂਤਕ ਵਿਚਾਰ) ਅਤੇ ਸੰਗਤ (ਲੋਕ ਸ਼ਕਤੀ) ਦਾ ਸੁਮੇਲ ਹੈ। ਗੁਰੂ ਨਾਨਕ ਸਾਹਿਬ ਨੇ ਹੀ ਇਸ ਦਾ ਆਗਾਜ਼ ਕੀਤਾ ਤੇ ਆਪਣੀਆਂ ਚਾਰ ਉਦਾਸੀਆਂ (ਯਾਤਰਾਵਾਂ) ਦਾ ਮਕਸਦ ਸਪੱਸ਼ਟ ਕਰਦਿਆਂ ਫ਼ੁਰਮਾਇਆ, 'ਗੁਰਮੁਖਿ ਖੋਜਤ ਭਏ ਉਦਾਸੀ' ਸੰਗਤ ਇੱਕ ਭੀੜ ਨਹੀਂ ਬਲਕਿ ਇੱਕ ਆਦਰਸ਼ ਨੂੰ ਪਰਣਾਈ ਹੋਈ ਜਥੇਬੰਦੀ ਹੈ। ਦੁਨੀਆ ਦੀ ਬੇ-ਮਕਸਦ ਭੀੜ ਬਾਰੇ ਪਾਤਸ਼ਾਹ ਨੇ ਫ਼ਰਮਾਇਆ ਹੈ, 'ਅੰਧੀ ਰਯਿਤ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ' ਧਰਮ ਸਥਾਨਾਂ ਅਤੇ ਤੀਰਥਾਂ ਦੀ ਦੁਰਦਸ਼ਾ ਹੁੰਦੀ ਦੇਖ ਗੁਰੂ ਜੀ ਨੇ ਕਿਹਾ ਕਿ ਮਨੁੱਖੀ ਸਮਾਜ ਵਿੱਚ ਗਿਰਾਵਟ ਅਤੇ ਅਧੋਗਤੀ ਦਾ ਸਭ ਤੋਂ ਵੱਡਾ ਕਾਰਨ ਹੀ ਇਹੀ ਹੈ ਕਿ ਪੂਜਾ ਦੇ ਸਥਾਨ 'ਤੇ ਉਨ੍ਹਾਂ ਦੇ ਪ੍ਰਬੰਧਕ ਆਚਰਣ ਸਬੰਧੀ ਗਿਰਾਵਟ ਦਾ ਸ਼ਿਕਾਰ ਹੋ ਜਾਣ, 'ਥਾਨਿਸਟ ਜਗਤ ਭ੍ਰਿਸ਼ਟ ਹੋਆ ਡੂਬਤਾ ਇਵ ਜਗ'। ਗੁਰਦੁਆਰਾ ਸਾਹਿਬ ਦਾ ਪਹਿਲਾ ਨਾਂ ਧਰਮਸ਼ਾਲਾ ਸੀ। ਗੁਰੂ ਪਾਤਸ਼ਾਹ ਜਿੱਥੇ ਵੀ ਗਏ, ਸੰਗਤਾਂ ਤੇ ਧਰਮਸ਼ਾਲਾਵਾਂ ਕਾਇਮ ਹੋਈਆਂ। ਇਹ ਧਰਮਸ਼ਾਲਾ ਹੀ ਬਾਅਦ ਵਿੱਚ ਗੁਰਦੁਆਰੇ ਦੇ ਰੂਪ ਵਿੱਚ ਸਾਹਮਣੇ ਆਈ। ਗੁਰਦੁਆਰੇ ਨੂੰ ਪਰਿਭਾਸ਼ਤ ਕਰਦਿਆਂ ਮਹਾਨ ਕੋਸ਼ ਦੇ ਰਚੇਤਾ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ ਕਿ ਗੁਰੂ ਘਰ ਕਿਸੇ ਇੱਕ ਵਿਅਕਤੀ, ਸੰਸਥਾ, ਅਹੁਦੇਦਾਰ ਜਾਂ ਪ੍ਰਧਾਨ ਦੀ ਨਿੱਜੀ ਜਾਇਦਾਦ ਨਹੀਂ, ਇਸ ਉਪਰ ਝੂਲ ਰਹੇ ਨਿਸ਼ਾਨ ਇਸ ਗੱਲ ਦਾ ਸਬੂਤ ਹਨ ਕਿ ਇਹ ਸਮੂਹਿਕ ਤੌਰ 'ਤੇ ਸਿੱਖ ਸੰਗਤ ਦਾ ਹੈ। ਗੁਰਦੁਆਰੇ ਦੇ ਮੁਢਲੇ ਅਸੂਲਾਂ ਦੀ ਜਿੰਨੀ ਅਣਦੇਖੀ ਅੱਜ ਹੋ ਰਹੀ ਹੈ, ਸ਼ਾਇਦ ਪਹਿਲਾਂ ਕਦੇ ਨਾ ਹੋਈ ਹੋਵੇ। ਸ਼ੁਰੂਆਤੀ ਦੌਰ ਵਿੱਚ ਸਿੱਖ ਸੰਗਤਾਂ ਨੂੰ ਗੁਰੂਘਰ ਨਾਲ ਜੋੜਨ ਦਾ ਕੰਮ ਮਸੰਦ ਕਰਦੇ ਸਨ ਪਰ ਜਿਉਂ ਹੀ ਇਹ ਭ੍ਰਿਸ਼ਟ ਹੋਏ ਤਾਂ ਇਨ੍ਹਾਂ ਨੂੰ ਸਖ਼ਤ ਸਜ਼ਾਵਾਂ ਵੀ ਦਸਮ ਪਾਤਸ਼ਾਹ ਨੇ ਆਪ ਦਿੱਤੀਆਂ। ਦਸਮ ਪਿਤਾ ਦੀ ਜੀਵਨ ਹਯਾਤੀ ਉਪਰੰਤ ਜਦੋਂ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਹਿਤ ਭੇਜਿਆ ਤਾਂ ਉਨ੍ਹਾਂ ਖ਼ੁਦ ਨੂੰ ਬਾਬਾ ਜਾਂ ਸੰਤ ਨਹੀਂ ਕਹਾਇਆ। ਕਿਸੇ ਗੁਰਦੁਆਰੇ ਨੂੰ ਨਿੱਜੀ ਡੇਰਾ ਨਹੀਂ ਬਣਾਇਆ ਅਤੇ ਨਾ ਹੀ ਨਿੱਜੀ ਹਿੱਤਾਂ ਲਈ ਗੁਰੂ ਦੀ ਗੋਲਕ ਦੀ ਵਰਤੋਂ ਕੀਤੀ ਸਗੋਂ ਮੁਗ਼ਲਾਂ ਵੱਲੋਂ ਕੀਤਾ ਜੁਰਮਾਨਾ ਗੁਰੂ ਦੀ ਗੋਲਕ ਵਿੱਚੋਂ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਬੰਦ-ਬੰਦ ਕਟਵਾ ਕੇ ਸ਼ਹਾਦਤ ਦੇਣੀ ਪ੍ਰਵਾਨ ਕਰ ਲਈ। ਮਿਸਲਾਂ ਦੇ ਸਮੇਂ ਵੀ ਬੁੱਢਾ ਦਲ ਅਤੇ ਤਰੁਣਾ ਦਲ ਗੁਰਧਾਮਾਂ ਦੇ ਪ੍ਰਬੰਧਕ ਥਾਪੇ ਜਾਂਦੇ ਰਹੇ ਪਰ ਇੱਥੇ ਵੀ ਸਿੱਖ ਜਥੇਦਾਰੀਆਂ, ਸਰਦਾਰੀਆਂ ਤੇ ਨਵਾਬੀਆਂ ਠੁਕਰਾ ਕੇ ਨਿਰਮਾਣ ਹੋ ਕੇ ਗੁਰੂ ਪੰਥ ਅਤੇ ਗੁਰਧਾਮਾਂ ਦੀ ਸੇਵਾ ਕਰਦੇ ਰਹੇ।ਕਈ ਬਿਰਤਾਂਤ ਮਿਲਦੇ ਹਨ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਿਭਾਅ ਰਹੇ ਕੁਝ ਗ੍ਰੰਥੀ ਸਾਹਿਬ ਅਤੇ ਗੁਰੂ ਕੇ ਕੀਰਤਨੀਆਂ ਨੂੰ ਜਦੋਂ ਮਹਾਰਾਜਾ ਰਣਜੀਤ ਸਿੰਘ ਆਰਥਿਕ ਸਹਾਇਤਾ ਦੇਣ ਹਿਤ ਪੁੱਜੇ ਤਾਂ ਜਵਾਬ ਮਿਲਿਆ, 'ਅਸੀਂ ਗੁਰੂ ਰਾਮਦਾਸ ਦੇ ਚਾਕਰ ਹਾਂ, ਤੂੰ ਵੀ ਉਸ ਦੇ ਦਰ ਦਾ ਮੰਗਤਾ ਹੈਂ, ਅਸੀਂ ਕਿਸੇ ਰਾਜੇ ਮਹਾਰਾਜੇ ਪਾਸੋਂ ਕੁਝ ਨਹੀਂ ਲੈ ਸਕਦੇ'।ਅੰਮ੍ਰਿਤਸਰ ਸਥਿਤ ਸੰਤ ਸਿੰਘ ਸੁਖਾ ਸਿੰਘ ਵਿੱਦਿਅਕ ਸੰਸਥਾਵਾਂ ਸਮੂਹ ਦੇ ਬਾਨੀ ਭਾਈ ਸੰਤ ਸਿੰਘ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਨ। ਉਨ੍ਹਾਂ ਆਪਣੀ ਸਾਰੀ ਕਮਾਈ ਸਕੂਲ ਦੇ ਨਾਂ ਲਗਾ ਦਿੱਤੀ ਤਾਂ ਜੋ ਸਿੱਖ ਬੱਚੇ ਪੜ੍ਹਾਈ ਕਰ ਸਕਣ।



ਅਕਾਲੀ ਫੂਲਾ ਸਿੰਘ ਵਰਗੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕਿਸੇ ਬਾਦਸ਼ਾਹ ਦੇ ਅਧੀਨ ਨਾ ਹੋ ਕੇ ਖ਼ੁਦ ਨੂੰ ਅਕਾਲ ਪੁਰਖ ਵਾਹਿਗੁਰੂ ਅਤੇ ਕਲਗੀਧਰ ਪਾਤਸ਼ਾਹ ਦੇ ਅਧੀਨ ਮੰਨਦੇ ਸਨ। ਅੱਜ ਸਾਡੀਆਂ ਕੌਮੀ ਸੰਸਥਾਵਾਂ ਵਿੱਚ ਸੇਵਾ ਕਰ ਰਹੇ ਸੇਵਾਦਾਰਾਂ ਨੂੰ ਸੇਵਾ ਸ਼ਬਦ ਦਾ ਅਰਥ ਹੀ ਨਹੀਂ ਪਤਾ। ਆਚਰਣ ਤਾਂ ਇੱਕ ਪਾਸੇ ਸੰਗਤਾਂ ਨਾਲ ਨਿਮਰਤਾ ਸਹਿਤ ਪੇਸ਼ ਆਉਣਾ ਵੀ ਭੁਲ ਗਏ ਹਨ। ਪ੍ਰਬੰਧਕ ਖ਼ੁਦ ਨੂੰ ਗੁਰਦੁਆਰੇ ਦਾ ਮਾਲਕ ਸਮਝਦੇ ਹਨ, ਬੰਦੇ ਦੇ ਬੰਦੇ ਤਾਂ ਹਨ ਪਰ ਗੁਰੂ ਦੇ ਬੰਦੇ ਨਹੀਂ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਅਤੇ ਰਾਜਭਾਗ ਖ਼ਤਮ ਹੋ ਜਾਣ ਉਪਰੰਤ, ਸਿੱਖ ਧਰਮ ਵਿੱਚ ਘੁਸਪੈਠ ਕਰ ਚੁੱਕੀਆਂ ਬ੍ਰਾਹਮਣੀ ਰਹੁ ਰੀਤਾਂ ਤੇ ਸਮਾਜਿਕ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਸਿੰਘ ਸਭਾ ਲਹਿਰ ਸ਼ੁਰੂ ਹੋਈ ਜਿਸ ਵਿੱਚੋਂ ਚੀਫ਼ ਖ਼ਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਨਾਮਵਰ ਤੇ ਸਿੱਖੀ ਸਿਧਾਂਤਾਂ ਨੂੰ ਪ੍ਰਣਾਈਆਂ ਹੋਈਆਂ ਸੰਸਥਾਵਾਂ ਦਾ ਜਨਮ ਹੋਇਆ। ਇੱਕ ਰਹਿਤ ਮਰਿਆਦਾ ਬਣੀ।

ਸਿੱਖੀ ਦਾ ਪ੍ਰਚਾਰ ਤੇ ਪਾਸਾਰ ਕਰਨਾ, ਇਨ੍ਹਾਂ ਸੰਸਥਾਵਾਂ ਦਾ ਮੁਖ ਮਕਸਦ ਸੀ। ਜਾਤ ਪਾਤ ਤੇ ਇਲਾਕਿਆਂ ਦੇ ਨਾਂ 'ਤੇ ਗੁਰਦੁਆਰੇ ਬਣ ਚੁੱਕੇ ਹਨ। ਸਿੰਘਾਪੁਰ, ਮਲੇਸ਼ੀਆ ਚਲੇ ਜਾਓ ਤਾਂ ਗੁਰਦੁਆਰਿਆਂ ਦੇ ਨਾਂ ਮਾਲਵਾ ਦੀਵਾਨ, ਮਾਝਾ ਦੀਵਾਨ, ਦੋਆਬਾ ਦੀਵਾਨ ਹਨ। ਰਾਮਗੜ੍ਹੀਆਂ, ਰਵੀਦਾਸੀਆਂ, ਅਰੋੜਿਆਂ, ਲੁਬਾਣਿਆਂ ਭਾਵ ਹਰ ਜਾਤ ਗੋਤ ਦੇ ਨਾਂ ਦੇ ਗੁਰਦੁਆਰੇ ਹਰ ਦੇਸ਼ ਵਿੱਚ ਮਿਲ ਜਾਂਦੇ ਹਨ। ਜਾਤ ਪਾਤ ਤੇ ਇਲਾਕਾਵਾਦ ਵਿੱਚ ਯਕੀਨ ਰੱਖਣਾ ਤੇ ਅਮਲ ਕਰਨਾ ਸਿੱਖੀ ਅਸੂਲਾਂ ਦੇ ਉਲਟ ਹੈ ਅਤੇ ਜਿਸ ਗੁਰਦੁਆਰੇ ਦਾ ਨਾਂ ਹੀ ਜਾਤ ਦੇ ਨਾਂ 'ਤੇ ਹੋਵੇ ਉੱਥੋਂ ਗੁਰਮਤਿ ਦੇ ਕਿਸੇ ਹੋਰ ਅਸੂਲ 'ਤੇ ਪਹਿਰੇਦਾਰੀ ਦੀ ਕੀ ਆਸ ਕੀਤੀ ਜਾ ਸਕਦੀ ਹੈ ? ਸਿੰਘ ਸਭਾ ਇੱਕ ਨਾਂ ਹੀ ਨਹੀਂ ਗੁਰਦੁਆਰਾ ਸੁਧਾਰ ਲਹਿਰ ਵਾਂਗ ਲਹਿਰ ਸੀ, ਜਿਸ ਦਾ ਮੁਖ ਮਕਸਦ ਗੁਰਮਤਿ ਸਿਧਾਂਤ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੰਵਿਧਾਨਕ ਮਜਬੂਰੀ ਬਣ ਗਈ ਹੈ ਕਿ ਇਨ੍ਹਾਂ ਸੰਸਥਾਵਾਂ ਲਈ ਮੈਂਬਰਾਂ ਦੀ ਚੋਣ ਦੇਰ ਸਵੇਰ ਕਰਾਉਣੀ ਪੈਂਦੀ ਹੈ, ਨਹੀਂ ਤਾਂ ਦੇਸ਼ ਵਿਦੇਸ਼ ਵਿੱਚ ਬਹੁਤੀਆਂ ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ ਅਤੇ ਇਨ੍ਹਾਂ ਨਾਲ ਜੁੜੀਆਂ ਸੰਸਥਾਵਾਂ ਪਰਿਵਾਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਈਆਂ ਹਨ। ਪ੍ਰਧਾਨ ਜਾਂ ਸਕੱਤਰ ਰਹੇ ਪਿਤਾ ਦੀ ਮੌਤ ਉਪਰੰਤ ਉਸ ਦਾ ਪੁਤ ਭਤੀਜਾ ਹੀ ਉਸ ਅਹੁਦੇ 'ਤੇ ਬੈਠਦਾ ਹੈ। ਕਲਕੱਤੇ ਵਰਗੇ ਵੱਡੇ ਸ਼ਹਿਰ ਵਿੱਚ ਵੀ ਹਰ ਤਿੰਨ ਸਾਲ ਬਾਅਦ ਬਕਾਇਦਾ ਚੋਣ ਕਮੇਟੀ ਦਾ ਗਠਨ ਕਰਕੇ ਅਹੁਦੇਦਾਰਾਂ ਦੀ ਚੋਣ ਹੁੰਦੀ ਸੀ। ਇਹ ਚੋਣ ਕਮੇਟੀ ਦੇ ਮੈਂਬਰ ਖ਼ੁਦ ਚੋਣ ਨਹੀਂ ਸਨ ਲੜ ਸਕਦੇ। ਹੁਣ ਤਾਂ ਇਨ੍ਹਾਂ ਸਿੰਘ ਸਭਾਵਾਂ ਅਤੇ ਨਾਲ ਜੁੜੇ ਵਿੱਦਿਅਕ ਅਦਾਰਿਆਂ ਦੇ ਪ੍ਰਬੰਧ ਲਈ ਗਠਿਤ ਕਮੇਟੀਆਂ ਲਈ ਬੜੇ ਅਰਸੇ ਤੋਂ ਕੋਈ ਭਰਤੀ ਹੀ ਨਹੀਂ ਖੋਲ੍ਹੀ ਗਈ। ਕੋਈ ਚੋਣ ਹੀ ਨਹੀਂ ਕਰਵਾਈ ਗਈ। ਸਥਾਨਕ ਖ਼ਾਲਸਾ ਕਾਲਜ ਦੀ ਪ੍ਰਬੰਧਕੀ ਕਮੇਟੀ ਵੀ ਆਪਣਿਆਂ ਦਾ ਕੋੜਮਾ ਬਣ ਕੇ ਰਹਿ ਗਈ ਹੈ।ਜੇ ਇੱਕ ਅਹੁਦੇਦਾਰ ਜਾਂ ਮੈਂਬਰ ਦੀ ਮੌਤ ਹੋ ਗਈ ਤਾਂ ਉਸ ਦਾ ਪੁੱਤਰ ਜਾਂ ਕਰੀਬੀ ਇਸ ਅਹੁਦੇ 'ਤੇ ਆ ਬੈਠਾ। ਇਸ ਦੀ ਅੰਤਰਿਗ ਕਮੇਟੀ ਵਿੱਚ ਬਹੁਤਾਤ ਇੱਕ ਦੋ ਵਿਅਕਤੀਆਂ ਦੇ ਸਕੇ ਸਬੰਧੀਆਂ ਦੀ ਹੀ ਹੈ।ਅਜਿਹੀ ਹਾਲਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣ ਚੁੱਕੀ ਹੈ। ਪਿਛਲੇ ਇੱਕ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਹੈ ਕਿ ਹਰ ਸਾਲ ਨਵੰਬਰ ਮਹੀਨੇ ਹੋਣ ਵਾਲੀ ਕਮੇਟੀ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਮੌਕੇ ਹਰ ਨਾਂ ਪਾਰਟੀ ਮੁਖੀ ਵੱਲੋਂ ਭੇਜੇ ਲਿਫ਼ਾਫ਼ੇ ਵਿੱਚੋਂ ਨਿਕਲਦਾ ਹੈ। ਪਾਰਟੀ ਵੀ ਉਹ ਜੋ ਕਹਿਣ ਨੂੰ ਅਕਾਲੀ ਦਲ ਤੇ ਪੰਥਕ ਹੈ, ਜਮਹੂਰੀਅਤ ਦੀ ਅਲੰਬਰਦਾਰ ਤੇ ਹੱਕ ਸੱਚ, ਇਨਸਾਫ਼ ਲਈ ਜੂਝਣ ਦਾ ਦਾਅਵਾ ਕਰਦੀ ਹੈ ਪਰ ਸ਼ਰੇਆਮ ਦੋ ਦੋ ਸੰਵਿਧਾਨ ਵੀ ਰੱਖਦੀ ਹੈ ਅਤੇ ਧਰਮ ਨਿਰਪੱਖ ਵੀ ਹੈ। ਸਾਲ ਵਿੱਚ ਕਮੇਟੀ ਦੇ ਹੋਣ ਵਾਲੇ ਦੋ ਇਜਲਾਸਾਂ ਸਮੇਂ ਕਿਸੇ ਮੈਂਬਰ ਨੂੰ ਕੋਈ ਰਾਏ ਦੇਣ ਜਾਂ ਕਿੰਤੂ ਕਰਨ ਦਾ ਅਧਿਕਾਰ ਨਹੀਂ ਹੁੰਦਾ। ਸ਼੍ਰੋਮਣੀ ਕਮੇਟੀ ਦੀਆਂ ਪੰਜ ਸਾਲਾਂ ਬਾਅਦ ਆਮ ਚੋਣਾਂ ਹੋ ਜਾਂਦੀਆਂ ਹਨ ਲੇਕਿਨ ਇਸ 'ਤੇ ਕਾਬਜ਼ ਸਿਆਸੀ ਅਕਾਲੀ ਦਲ ਦੀਆਂ ਜਥੇਬੰਦਕ ਚੋਣਾਂ ਵੀ ਹੱਥ ਖੜ੍ਹੇ ਕਰਨ ਤੱਕ ਹੀ ਸੀਮਤ ਹੁੰਦੀਆਂ ਹਨ ਦਿੱਲੀ ਤੇ ਹੋਰ ਵੱਡੇ ਸ਼ਹਿਰਾਂ ਵਿੱਚ ਕਈ ਗੁਰਦੁਆਰੇ ਹਨ, ਜਿੱਥੇ ਸ਼ਾਇਦ ਹੀ ਪ੍ਰਬੰਧਕ ਕਮੇਟੀਆਂ ਵਿੱਚ ਕਿਤੇ ਕੋਈ ਬਦਲਾਉ ਹੋਇਆ ਹੋਵੇ। ਸਾਲ 1971 ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਬਣਨ ਤੋਂ ਪਹਿਲਾਂ ਇਸ ਦੇ ਪ੍ਰਬੰਧ ਅਧੀਨ ਗੁਰਦੁਆਰਾ ਸਾਹਿਬਾਨ ਦੀ ਕਈ ਵਾਰੀ ਤਾਲਾਬੰਦੀ ਹੋਈ। ਸ਼੍ਰੋਮਣੀ ਕਮੇਟੀ ਦੇ ਸਲਾਨਾ ਬਜਟ 'ਤੇ ਝਾਤ ਮਾਰਿਆਂ ਇਹ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਕਿਸ ਤਰ੍ਹਾਂ ਨਵੇਂ ਉਸਰ ਰਹੇ ਗੁਰਦੁਆਰਾ ਸਾਹਿਬ ਦੀ ਆਰਥਿਕ ਮਦਦ ਲਈ ਫੰਡ ਪਹਿਲਾਂ ਹੀ ਰਾਖਵੇਂ ਰੱਖੇ ਜਾਂਦੇ ਹਨ। ਬਾਹਰਲੇ ਦੇਸ਼ਾਂ ਵਿੱਚ ਤਾਂ ਹੁਣ ਗੁਰਦੁਆਰਾ ਪ੍ਰਬੰਧ ਚਲਾਉਣ ਲਈ ਚੋਣਾਂ ਕਰਵਾਏ ਜਾਣ ਦਾ ਰੁਝਾਨ ਸ਼ੁਰੂ ਹੋ ਗਿਆ ਹੈ। ਗੁਰਦੁਆਰੇ ਦਾ ਇੱਕ ਪ੍ਰਮੁੱਖ ਅੰਗ ਪਾਠਸ਼ਾਲਾ ਹੈ ਤਾਂ ਜੋ ਸਿੱਖ ਬੱਚਿਆਂ ਦੀ ਵਿੱਦਿਆ ਦੀ ਪੂਰਤੀ ਕੀਤੀ ਜਾ ਸਕੇ। ਹੋਂਦ ਵਿੱਚ ਆਉਣ 'ਤੇ ਚੀਫ਼ ਖ਼ਾਲਸਾ ਦੀਵਾਨ ਨੇ ਵਿੱਦਿਆ ਦੇ ਖੇਤਰ ਵਿੱਚ ਅਹਿਮ ਪ੍ਰਾਪਤੀਆਂ ਕੀਤੀਆਂ, ਗੁਰਮਤਿ ਦੇ ਹਰ ਗੂੜ੍ਹ ਵਿਸ਼ੇ 'ਤੇ ਪੈਂਫਲੈਟ, ਸਾਹਿਤ ਛਾਪਿਆ, ਸਮਾਚਾਰ ਪੱਤਰ ਕੱਢਿਆ। ਪੰਥ ਰਤਨ ਮਾਸਟਰ ਤਾਰਾ ਸਿੰਘ ਨੂੰ ਮਾਸਟਰ ਦਾ ਲਕਬ ਸਕੂਲ ਦੇ ਹੈੱਡਮਾਸਟਰ ਹੋਣ ਨਾਤੇ ਮਿਲਿਆ, ਉਹ ਅਜਿਹੇ ਮਾਸਟਰ ਸਨ ਜੋ ਤਨਖ਼ਾਹ ਨਾ ਲੈ ਕੇ ਗੁਜ਼ਾਰੇ ਹਿਤ 15 ਰੁਪਏ ਹੀ ਪ੍ਰਾਪਤ ਕਰਦੇ ਸਨ ਅਤੇ ਬਾਕੀ ਸਾਰੀ ਤਨਖ਼ਾਹ ਸਕੂਲ ਦੇ ਵਿਕਾਸ ਲਈ ਖਰਚ ਦਿੰਦੇ ਸਨ। ਉਚੇਰੀ ਸਿੱਖਿਆ ਲਈ ਖ਼ਾਲਸਾ ਕਾਲਜ ਸਥਾਪਤ ਹੋਇਆ। ਕੁਝ ਸਿੱਖ ਨੌਜਵਾਨਾਂ ਨੇ ਜਦੋਂ ਐਲਾਨੀਆ ਕਹਿ ਦਿੱਤਾ ਕਿ ਉਹ ਕੇਸ ਕਟਵਾ ਕੇ ਈਸਾਈ ਬਣ ਜਾਣਗੇ ਤਾਂ ਖ਼ਾਲਸਾ ਕਾਲਜ ਤੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਬੰਧਕਾਂ ਨੇ ਇਹ ਚੁਣੌਤੀ ਕਬੂਲ ਕੀਤੀ।ਅੰਗਰੇਜ਼ ਵਾਇਸਰਾਏ ਨੇ ਗੁਪਤ ਰਿਪੋਰਟ ਭੇਜੀ ਸੀ ਕਿ ਛੇਤੀ ਹੀ ਸਿੱਖਾਂ ਦਾ ਵੱਡਾ ਮੰਦਰ (ਸ੍ਰੀ ਹਰਿਮੰਦਰ ਸਾਹਿਬ) ਚਰਚ ਵਿੱਚ ਤਬਦੀਲ ਹੋ ਜਾਵੇਗਾ ਤਾਂ ਪ੍ਰਿੰਸੀਪਲ ਤੇਜਾ ਸਿੰਘ, ਭਾਈ ਸਾਹਿਬ ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਪ੍ਰਿੰਸੀਪਲ ਸਾਹਿਬ ਸਿੰਘ ਨੇ ਇਹ ਚੁਣੌਤੀ ਕਬੂਲ ਕੀਤੀ। ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੂੰ ਕੋਈ ਵੀ ਵਿਸ਼ਾ ਪੜ੍ਹਾਉਣ ਤੋਂ ਪਹਿਲਾਂ ਦਸ ਮਿੰਟ ਸਬੰਧਤ ਪ੍ਰੋਫੈਸਰ ਸਾਹਿਬ ਗੁਰਮਤਿ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਦਿੰਦਾ ਸੀ। ਕੌਮਾਂ ਦੇ ਇਤਿਹਾਸ ਵਿੱਚ ਉਤਰਾਅ ਚੜ੍ਹਾਅ ਆਉਂਦੇ ਹੀ ਰਹਿੰਦੇ ਹਨ। ਇਹ ਚਿੰਤਾ ਦਾ ਵਿਸ਼ਾ ਤਾਂ ਹੈ ਪਰ ਨਿਰਾਸ਼ਾ ਦਾ ਕਾਰਨ ਨਹੀਂ ਹੋਣਾ ਚਾਹੀਦਾ। ਜੇ ਕੌਮੀ ਲੀਡਰ ਤੇ ਅਦਾਰੇ ਅਧੋਗਤੀ ਦੀ ਡੂੰਘੀ ਖਾਈ ਵੱਲ ਵਧ ਰਹੇ ਹਨ ਤਾਂ ਪੰਥ ਦਾ ਦਰਦ ਰੱਖਣ ਵਾਲੇ ਵੀ ਹੁਣ ਜਾਗ ਚੁੱਕੇ ਹਨ ਤੇ ਇਤਿਹਾਸ ਨੂੰ ਮੋੜਾ ਦੇਣ ਲਈ ਕਮਰਕੱਸੇ ਕਰ ਚੁੱਕੇ ਹਨ। ਆਉ ਖ਼ਾਲਸਾ ਪੰਥ ਦੇ ਵਾਲੀ ਸਤਿਗੁਰੂ ਗੋਬਿੰਦ ਸਿੰਘ ਅੱਗੇ ਅਰਦਾਸ ਕਰੀਏ ਕਿ ਉਹ ਆਪ ਸਹਾਈ ਹੋ, ਸਾਨੂੰ ਬਲ-ਬੁੱਧੀ ਬਖ਼ਸ਼ਣ ਕਿ ਅਸੀਂ ਗਿਣਤੀ ਤੰਤਰ ਤੇ ਨਿੱਜਵਾਦ ਦੀ ਦਲਦਲ ਵਿੱਚੋਂ ਨਿਕਲ, ਨਿਰਪੱਖ ਹੋ ਕੇ ਖ਼ਾਲਸੇ ਦੀ ਵਿਲੱਖਣ ਹੋਂਦ ਹਸਤੀ ਦੇ ਪ੍ਰਤੀਕ ਇਨ੍ਹਾਂ ਸਿੱਖ ਅਦਾਰਿਆਂ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਹੋਈਏ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## 19 ਜਨਵਰੀ, 1922 'ਤੇ ਵਿਸ਼ੇਸ਼

# ਚਾਬੀਆਂ ਦਾ ਮੋਰਚਾ

ਸੰਨ 1849 ਵਿਚ ਅੰਗਰੇਜ਼ ਹਕੂਮਤ ਦਾ ਰਾਜ ਹੋ ਗਿਆ। ਸਰਕਾਰ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਤਰਨ ਤਾਰਨ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੀ ਥਾਪੇ ਹੋਏ ਸੰਚਾਲਕਾਂ ਦੇ ਹੱਥ ਵਿਚ ਦਿੱਤਾ। ਬਾਕੀ ਗੁਰਦੁਆਰਿਆਂ ਦੇ ਪ੍ਰਬੰਧਕ ਮਹੰਤ ਪੁਜਾਰੀ ਵੀ ਸਰਕਾਰੀ ਹੀ ਸਨ। ਉਨ੍ਹਾਂ ਦੀਆਂ ਗੁਰਮਤਿ ਮਰਯਾਦਾ ਭੰਗ ਕਰਨ ਦੀਆਂ ਮਨਮਾਨੀਆਂ ਦਾ ਜ਼ੋਰ ਸੀ। ਗੁਰੂ ਸਿੰਘ ਸਭਾ ਦੇ ਆਗੂਆਂ ਨੇ ਉਨ੍ਹਾਂ ਦੀਆਂ ਕੋਝੀਆਂ ਹਰਕਤਾਂ ਖਤਮ ਕਰਨ ਦੇ ਯਤਨਾ ਵਿਚ ਗੁਰਮਤਿ ਮਰਯਾਦਾ ਬਹਾਲ ਕਰਨ ਦਾ ਪ੍ਰਚਾਰ ਸ਼ੁਰੂ ਕੀਤਾ। ਸਭਾ ਨੇ ਸੰਗਤਾਂ ਨੂੰ ਸਿੱਖ ਧਰਮ ਪ੍ਰਤੀ ਜਾਗ੍ਰਿਤ ਕੀਤਾ। ਜਿਸ ਨਾਲ ਸਿੱਖ ਧਰਮ ਵਿਚ ਸੁਧਾਰ ਹੋਣ ਲੱਗਾ। ਇਸ ਸਮੇਂ ਵਿਚ ਹੀ ਗੁਰਦੁਆਰਾ ਸੁਧਾਰ ਲਹਿਰ ਹੋਂਦ ਵਿਚ ਆਈ। ਮਹੰਤਾਂ ਅਤੇ ਪੁਜਾਰੀਆਂ ਨੇ ਇਸ ਦਾ ਵਿਰੋਧ ਕੀਤਾ। ਸੰਗਤਾਂ ਨੇ ਭਾਰੀ ਸਜੇ ਦੀਵਾਨਾਂ ਵਿਚ ਦੁਰਾਚਾਰੀ ਪ੍ਰਬੰਧਕਾਂ ਨੂੰ ਸੁਧਰਨ ਦੀ ਚਿਤਾਵਨੀ ਵੀ ਦਿੱਤੀ। ਪਰ ਉਨ੍ਹਾਂ ਨੂੰ ਤਾਂ ਸਰਕਾਰੀ ਸ਼ਹਿ ਪ੍ਰਾਪਤ ਸੀ। ਸੰਗਤਾਂ 'ਤੇ ਸਰਕਾਰੀ ਦਬਾਅ ਸੀ। ਜਦੋਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ ਤਾਂ ਉਨ੍ਹਾਂ ਨੇ ਚਾਬੀਆਂ ਸਰਕਾਰ ਨੂੰ ਸੌਂਪ ਦਿੱਤੀਆਂ।

ਭਾਵੇਂ ਅਕਤੂਬਰ 1920 ਵਿਚ ਗੁਰਦੁਆਰਾ ਪ੍ਰਬੰਧ ਸੰਗਤਾਂ ਦੇ ਹੱਥ ਆ ਚੁੱਕਾ ਸੀ ਪਰ ਅੰਗਰੇਜ਼ ਹਕੂਮਤ ਨੇ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਨੂੰ ਸਰਕਾਰੀ ਨਿਗਰਾਨ ਨਿਯੁਕਤ ਕਰ ਲਿਆ। ਜਿਸ ਦੇ ਕੋਲ ਖਜ਼ਾਨੇ ਦੀਆਂ ਚਾਬੀਆਂ ਸਮੇਤ 53 ਚਾਬੀਆਂ ਸਨ। ਸੰਗਤਾਂ ਨੇ ਜਾਣ ਲਿਆ ਕਿ ਇਹ ਅਸਿੱਧੇ ਤੌਰ 'ਤੇ ਸਿੱਖ ਧਰਮ ਵਿਚ ਸਰਕਾਰੀ ਦਖ਼ਲਅੰਦਾਜ਼ੀ ਹੈ। ਇਹ ਗੁਰਦੁਆਰਿਆਂ ਤੇ ਸਰਕਾਰੀ ਕਬਜ਼ਾ ਰੱਖਣ ਦੀ ਚਾਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਤੂਬਰ 20, 1921 ਨੂੰ ਇਹ ਫੈਸਲਾ ਕੀਤਾ ਕਿ ਚਾਬੀਆਂ ਕਮੇਟੀ ਦੇ ਪ੍ਰਧਾਨ ਸਰਦਾਰ ਖੜਕ ਸਿੰਘ ਨੂੰ ਸੌਂਪਣੀਆਂ ਚਾਹੀਦੀਆਂ ਹਨ। ਨਵੰਬਰ 7, 1921 ਨੂੰ ਜ਼ਿਲ੍ਹਾ ਅਧਿਕਾਰੀ ਅੰਮ੍ਰਿਤਸਰ ਨੇ ਚਾਬੀਆਂ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਤੋਂ ਚਾਬੀਆਂ ਲੈ ਕੇ ਸਰਕਾਰੀ ਕਬਜ਼ੇ ਵਿਚ ਕਰ ਲਈਆਂ। ਨਵੰਬਰ 11, 1921 ਨੂੰ ਸਰਕਾਰ ਨੇ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਨੂੰ ਬਦਲ ਕੇ ਕਪਤਾਨ ਬਹਾਦਰ ਸਿੰਘ ਜੀ ਨੂੰ ਨਿਗਰਾਨ ਨਿਯੁਕਤ ਕਰ ਦਿੱਤਾ। ਸੰਗਤਾਂ ਨੇ ਇਸ ਦਾ ਵਿਰੋਧ ਕੀਤਾ ਜੋ ਚਾਬੀਆਂ ਦੇ ਮੋਰਚੇ ਦਾ ਆਰੰਭ ਸੀ।



ਨਵੰਬਰ 12, 1921 ਨੂੰ ਰੋਸ ਵਿਦਰੋਹ ਇਕੱਤਰਤਾ ਨੂੰ ਬਾਬਾ ਖੜਕ ਸਿੰਘ ਜੀ ਨੇ ਸੰਬੋਧਨ ਕੀਤਾ। ਅਜਿਹੇ ਹੀ ਰੋਸ ਵਿਦਰੋਹ ਗੁੱਜਰਾਂਵਾਲਾ, ਗੁਜਰਖਾਨ ਅਤੇ ਅਜਨਾਲਾ ਵਿਖੇ ਵੀ ਹੋਇਆ। ਕੈਪਟਨ ਬਹਾਦਰ ਸਿੰਘ ਜੀ ਨੇ ਅਸਤੀਫ਼ਾ ਦੇ ਦਿੱਤਾ। ਸਰਕਾਰੀ ਟਕਰਾਉ ਜਾਰੀ ਰਿਹਾ। ਸਰਕਾਰ ਨੇ ਜਬਰੀ ਕਬਜਾ ਕਰਕੇ ਚਾਬੀਆਂ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਸਰਦਾਰ ਦਾਨ ਸਿੰਘ ਵਛੋਆ, ਜਸਵੰਤ ਸਿੰਘ ਝਬਾਲ ਨੂੰ 26 ਨਵੰਬਰ, 1921 ਨੂੰ ਅਜਨਾਲਾ ਦੇ ਦੀਵਾਨ ਵਿਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਗੁਰਦੁਆਰਾ ਸ਼੍ਰੋਮਣੀ ਕਮੇਟੀ ਨੇ ਅਕਾਲ ਤਖਤ ਅੰਮ੍ਰਿਤਸਰ ਦੀ ਇਕੱਤਰਤਾ ਮੁਲਤਵੀ ਕਰ ਦਿੱਤੀ। ਪਰ 50 ਤੋਂ ਵੱਧ ਮੈਂਬਰ ਅਜਨਾਲਾ ਦੀਵਾਨ ਜਾਰੀ ਰੱਖਣ ਲਈ ਪੁੱਜ ਗਏ। ਸਰਦਾਰ ਬਹਾਦਰ ਮਹਿਤਾਬ ਸਿੰਘ, ਮਾਸਟਰ ਤਾਰਾ ਸਿੰਘ, ਸੁੰਦਰ ਸਿੰਘ ਲਾਇਲਪੁਰੀ ਆਦਿ ਆਗੂ ਵੀ ਗ੍ਰਿਫ਼ਤਾਰ ਕਰ ਲਏ ਗਏ। ਨਵੰਬਰ 27, 1921 ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦੀ ਨਿਖੇਧੀ ਕੀਤੀ। ਸੰਗਤਾਂ ਨੂੰ 4 ਦਸੰਬਰ 1921 ਨੂੰ ਰੋਸ ਦਿਵਸ ਰੱਖਣ ਦੀ ਅਪੀਲ ਕੀਤੀ। ਜਿਸ ਨਾਲ ਮੋਰਚਾ ਜੋਰ ਪਕੜ ਗਿਆ। ਸਰਕਾਰ ਵੀ ਬੇਵੱਸ ਹੋ ਗਈ ਸੀ।

ਅੰਗਰੇਜ਼ ਸਰਕਾਰ ਨੇ ਵਕਤ ਵਿਚਾਰਿਆ ਕਿ ਭਾਰੀ ਮੋਰਚੇ ਦੇ ਅਸਰ ਹੇਠ ਫੌਜ ਅਤੇ ਕਿਸਾਨ ਵੀ ਬਾਗੀ ਹੋ ਜਾਣਗੇ। ਜਿਸ ਦਾ ਆਰਥਿਕ ਵਿਕਾਸ ਤੇ ਅਸਰ ਹੋਵੇਗਾ। ਰੋਜ਼ਮਰਾ ਦੇ ਕੰਮਕਾਰ ਵੀ ਠੱਪ ਹੋ ਕੇ ਰਹਿ ਜਾਣਗੇ। ਜਿਸ ਨਾਲ ਸਰਕਾਰ ਦੀ ਮਾਲੀ ਸਥਿਤੀ ਵਿਗੜ ਸਕਦੀ ਹੈ।

ਜਨਵਰੀ 3, 1922 ਨੂੰ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਐਲਾਨ ਕਰ ਦਿੱਤਾ। ਜਨਵਰੀ 5, 1921 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅਵਤਾਰ ਪੁਰਬ ਤੇ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਮਨ ਬਣਾ ਲਿਆ। ਸੰਗਤਾਂ ਨੇ ਉਦੋਂ ਤੱਕ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ ਜਦ ਤੱਕ ਸਾਰੇ ਸਿੰਘ ਰਿਹਾਅ ਨਹੀਂ ਹੋ ਜਾਂਦੇ।

ਜਨਵਰੀ 19, 1922 ਨੂੰ ਸਰ ਜੌਹਨ ਮੇਨਾਰਡ ਗ੍ਰਹਿ ਵਿਭਾਗ ਦੇ ਅਧਿਕਾਰੀ ਨੇ ਸਾਰੇ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਫਿਰ ਵੀ ਸੰਗਤਾਂ ਨੇ ਜ਼ਿਲ੍ਹਾ ਅਧਿਕਾਰੀ ਕੋਲ ਜਾ ਕੇ ਚਾਬੀਆਂ ਲੈਣ ਤੋਂ ਇਨਕਾਰ ਕਰ ਦਿੱਤਾ। ਉਸੇ ਦਿਨ ਸ਼ਾਮ ਨੂੰ ਸਰਕਾਰੀ ਅਧਿਕਾਰੀ ਨੇ ਅਕਾਲ ਤਖਤ ਸਾਹਿਬ ਦੇ ਦੀਵਾਨ ਵਿਚ ਪਹੁੰਚ ਕੇ ਚਾਬੀਆਂ ਲਾਲ ਕੱਪੜੇ ਵਿਚ ਵਲੇਟ ਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਨੂੰ ਸੌਂਪ ਦਿੱਤੀਆਂ। ਸਿੱਖ ਪੰਥ ਦੀ ਸ਼ਾਨਦਾਰ ਜਿੱਤ ਹੋਈ। ਅਕਾਲੀਆਂ ਦੀ ਇਸ ਜਿੱਤ ਦਾ ਦੇਸ਼ ਭਰ ਵਿਚ ਸਵਾਗਤ ਹੋਇਆ। ਜਨਤਕ ਮੋਰਿਆਂ ਦਾ ਰਾਹ ਖੁੱਲ੍ਹਿਆ।

ਵਕਤੀ ਵਕਫ਼ਾ ਪਾ ਕੇ ਅੰਗਰੇਜ਼ ਹਕੂਮਤ ਆਪਣੀ ਹਾਰ ਦਾ ਬਦਲਾ ਲੈਣ ਤੇ ਉਤਰ ਆਈ। ਸਿੰਘਾਂ ਦੀਆਂ ਨਜਾਇਜ਼ ਗ੍ਰਿਫਤਾਰੀਆਂ, ਕੈਦਾਂ, ਜੁਰਮਾਨਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਗ੍ਰਿਫ਼ਤਾਰੀਆਂ ਦੀ ਗਿਣਤੀ 2000 ਤੇ ਪੁੱਜ ਗਈ। ਸਿੰਘਾਂ ਦੇ ਰੋਜ਼ਾਨਾ ਜੀਵਨ ਤੇ ਵੀ ਸਖਤੀ ਹੋਣ ਲੱਗੀ। ਸਰਕਾਰ ਵਿਰੁਧ ਜਨਤਕ ਲਹਿਰਾਂ ਉਠੀਆਂ। ਸਿੰਘਾਂ ਨੂੰ ਹੋਰ ਬੜੇ ਮੋਰਚੇ ਲਾਉਣੇ ਪਏ। ਇਸ ਤਰ੍ਹਾਂ ਚਾਬੀਆਂ ਦਾ ਮੋਰਚਾ ਇਤਿਹਾਸਕ ਹੋ ਗਿਆ।



# ਕੈਨੇਡਾ ਦੀ ਧਰਤੀ 'ਤੇ ਗ਼ਦਰ ਲਹਿਰ ਦਾ ਬੂਟਾ ਲਾਉਣ ਵਾਲੇ ਮੋਢੀ ਸਿੱਖ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ


ਡਾ. ਗੁਰਵਿੰਦਰ ਸਿੰਘ
001-604-825-1550

2023 ਵਰ੍ਹੇ ਦੀ ਪਹਿਲੀ ਜਨਵਰੀ ਦਾ ਸੂਰਜ ਇੰਗਲੈਂਡ ਦੀ ਰਾਜਧਾਨੀ ਲੰਡਨ ਵਿਚ ਤੱਕਣ ਦਾ ਸਬੱਬ ਬਣਿਆ। ਸੰਸਾਰ ਦੇ ਇਤਿਹਾਸ ਵਿਚ ਬਸਤੀਵਾਦ ਅਤੇ ਗ਼ੁਲਾਮੀ ਦੀ ਜੜ੍ਹ 'ਲੰਡਨ' ਵਿੱਚ, ਯੋਧੇ ਸ਼ਹੀਦ ਊਧਮ ਸਿੰਘ ਵੱਲੋਂ ਮਾਈਕਲ ਓਡਵਾਇਰ ਨੂੰ ਸੋਧਣ ਵਾਲੀ ਜਗ੍ਹਾ ਕੈਕਸਟਨ ਹਾਲ ਵਿਖੇ ਪਹੁੰਚ ਕੇ ਇਉਂ ਮਹਿਸੂਸ ਹੋਇਆ, ਜਿਵੇਂ ਸਿੱਖਾਂ, ਪੰਜਾਬੀਆਂ ਅਤੇ ਭਾਰਤ ਵਾਸੀਆਂ ਦੀ ਹੀ ਨਹੀਂ, ਸਗੋਂ ਗ਼ੁਲਾਮੀ ਵਿਰੁੱਧ ਲੜਨ ਵਾਲੇ ਦੁਨੀਆ ਦੇ ਹਰ ਬਸ਼ਿੰਦੇ ਦੀ ਡਿੱਗੀ ਪੱਗ, ਸਿਰ ਰੱਖਣ ਵਾਲੇ ਯੋਧੇ ਦੀ ਦਾਸਤਾਨ ਅੱਖਾਂ ਸਾਹਮਣੇ ਆ ਗਈ ਹੋਵੇ। ਉਂਝ ਚਾਹੇ ਅਧੂਰਾ ਹੀ ਸਹੀ, ਪਰ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦਾ ਜ਼ਿਕਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਕਿਤੇ ਨਾ ਕਿਤੇ ਥੋੜ੍ਹਾ-ਬਹੁਤਾ ਜ਼ਰੂਰ ਮਿਲਦਾ ਹੈ, ਪਰ ਦੂਸਰੇ ਪਾਸੇ ਕੈਨੇਡਾ ਦੇ ਸਿੱਖ ਸ਼ਹੀਦ ਅਤੇ ਗ਼ਦਰ ਦਾ ਬੂਟਾ ਲਗਾਉਣ ਵਾਲੇ ਗ਼ਦਰ ਲਹਿਰ ਦੇ ਮਹਾਨ ਯੋਧੇ ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ ਜ਼ਿਕਰ ਨਾਮਾਤਰ ਵੀ ਨਹੀਂ ਮਿਲਦਾ। ਇਹ ਜਾਣਦਿਆਂ ਕਈਆਂ ਨੂੰ ਹੈਰਾਨੀ ਹੋਵੇਗੀ ਕਿ ਭਾਈ ਮੇਵਾ ਸਿੰਘ ਲੋਪੋਕੇ, ਕੈਨੇਡਾ 'ਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਉਨ੍ਹਾਂ ਕੈਨੇਡਾ ਅੰਦਰ ਉਸ ਸਮੇਂ ਦੇ ਨਸਲਵਾਦ ਅਤੇ ਭਾਰਤ ਵਿਚਲੇ ਬਸਤੀਵਾਦ ਖ਼ਿਲਾਫ਼ ਜੂਝਦਿਆਂ ਸ਼ਹੀਦੀ ਪਾਈ।

ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਦਾ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹ ਸ਼ਹਾਦਤ ਹੀ ਅੱਗਿਓ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਸਣੇ, ਅਨੇਕਾਂ ਗਦਰੀ ਯੋਧਿਆਂ ਤੇ ਅਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ। 1914 ਈ. ਨੂੰ ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆਂ ਪ੍ਰੋਵਿੰਸ਼ਿਅਲ ਕੋਰਟ ਵਿੱਚ, ਇੱਕ ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਬਦਨਾਮ ਜਸੂਸ ਅਤੇ ਐਂਗਲੋ-ਇੰਡੀਅਨ ਅਧਿਕਾਰੀ ਹਾਪਕਿਨਸਨ ਨੂੰ ਸੋਧਿਆ ਸੀ ਤੇ ਮਗਰੋਂ ਖ਼ੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ ਸੀ। ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ ਜਾ ਕੇ ਮਾਈਕਲ ਉਡਵਾਇਰ ਨੂੰ 1940 ਵਿੱਚ ਸੋਧਣ ਨਾਲ ਕਾਫੀ ਮਿਲਦੀ ਹੈ, ਫਰਕ ਸਿਰਫ਼ ਏਨਾ ਹੈ ਕਿ ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ 26 ਸਾਲ ਪਹਿਲਾਂ ਕੀਤਾ ਸੀ। ਦੁੱਖਦਾਈ ਗੱਲ ਇਹ ਹੈ ਕਿ ਇਹ ਮਹਾਨ ਸ਼ਹੀਦੀ ਕਾਰਨਾਮਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ ਦੀ ਧੂੜ 'ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਘੱਟੋ-ਘੱਟ ਪੰਜਾਬ ਦੇ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਸ਼ਹਾਦਤ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ।

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। 20ਵੀਂ ਸਦੀ ਦੇ ਸ਼ੁਰੂ ਵਿਚ ਹੋਰਨਾਂ ਪੰਜਾਬੀਆਂ ਵਾਂਗ ਮੇਵਾ ਸਿੰਘ ਵੀ ਸੁਨਹਿਰੀ ਭਵਿੱਖ ਸਿਰਜਨ ਲਈ 1906 ਈ ਵਿੱਚ ਵੈਨਕੂਵਰ ਆ ਵਸੇ। ਉਨ੍ਹਾਂ ਦਿਨੀਂ ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ, ਪਰ ਉਨ੍ਹਾਂ ਦਾ ਸੰਪਰਕ ਅਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ।

ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਨਸਲਵਾਦ ਅਤੇ ਸਥਾਪਤੀ ਦੇ ਖ਼ਿਲਾਫ਼, ਸਿੱਖ ਇਤਿਹਾਸ ਦੇ ਕੁਰਬਾਨੀਆਂ ਭਰੇ ਜਜ਼ਬੇ ਤੋਂ ਪ੍ਰੇਰਨਾ ਵਜੋਂ ਭਾਈ ਮੇਵਾ ਸਿੰਘ ਲੋਪੋਕੇ ਅੰਦਰ ਅਜ਼ਾਦੀ ਦੀ ਚਿਣਗ, ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਵਿਚਲੇ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ। ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। ਇਥੇ ਹੀ 21 ਜੂਨ 1908 ਨੂੰ ਗੁਰਦੁਆਰਾ ਸਾਹਿਬ ਵਿਖੇ ਭਾਈ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਆਪ ਗੁਰੂ ਘਰ ਵਿਖੇ ਕੀਰਤਨ ਦੀ ਸੇਵਾ ਕਰਿਆ ਕਰਦੇ ਸਨ। ਹੱਕ, ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਕਿੰਨੀ ਪ੍ਰਬਲ ਅਤੇ ਦ੍ਰਿੜ ਸੀ ਕਿ ਉਨ੍ਹਾਂ ਨੇ ਅਜੇ ਵਿਆਹ ਨਹੀਂ ਸੀ ਕਰਵਾਇਆ ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ।





ਸ਼ਹੀਦ ਮੇਵਾ ਸਿੰਘ ਦੇ ਜੀਵਨ 'ਤੇ ਗੁਰੂ ਨਾਨਕ ਜਹਾਜ਼, ਕਾਮਾਗਾਟਾਮਾਰੂ ਜਹਾਜ਼ ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼' ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ ਕਾਮਾਗਾਟਾਮਾਰੂ ਦੇ ਵਾਪਿਸ ਜਾਣ ਤੋਂ ਪਹਿਲਾਂ ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗ਼ਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ।

ਕੈਨੇਡਾ ਦੇ ਸ਼ਹਿਰ ਐਬਟਸਫੋਰਡ 'ਚ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਨੂੰ ਹਿੰਦ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪ੍ਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ ਨੂੰ ਗੁਰੂ ਨਾਨਕ ਜਹਾਜ਼ ਕਾਮਾਗਾਟਾਮਾਰੂ ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ।

4 ਅਗਸਤ 1914 ਨੂੰ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਇੱਕ ਪ੍ਰਮੁੱਖ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਅਰਦਾਸ ਮੌਕੇ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨ੍ਹਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ। ਇਹ ਕਹਿਣਾ ਬਿਲਕੁਲ ਗਲਤ ਨਹੀਂ ਹੋਵੇਗਾ ਕਿ ਜਿਵੇਂ ਪੰਜ ਸਾਲ ਮਗਰੋਂ ਜਲਿਆਂਵਾਲੇ ਬਾਗ ਅੰਦਰ ਇੱਕਠੇ ਹੋਏ ਲੋਕਾਂ ਜ਼ਾਲਮ ਡਾਇਰ, ਉਡਵਾਇਰ ਵਲੋਂ ਗੋਲੀਆਂ ਚਲਾਈਆਂ ਗਈਆਂ ਸਨ, ਉਸੇ ਤਰ੍ਹਾਂ ਗੁਰਦੁਆਰਾ ਸਾਹਿਬ ਵੈਨਕੂਵਰ ਅੰਦਰ ਜ਼ਾਲਮ ਵਿਲੀਅਮ ਹਾਪਕਿਨਸਨ ਦੇ ਇਸ਼ਾਰੇ 'ਤੇ ਸੰਗਤਾਂ ਉੱਪਰ ਗੋਲੀਆਂ ਚਲਾਈਆਂ ਗਈਆਂ ਸਨ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਰਦਨਾਕ ਪੰਨਾ ਸੀ, ਜਦੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਗੁਰਦੁਆਰਾ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਵਾਪਰੀ ਇਸ ਘਟਨਾ ਨੇ ਭਾਈ ਸਾਹਿਬ ਦੇ ਮਨ ਨੂੰ ਪੂਰੀ ਤਰ੍ਹਾਂ ਝੰਜੋੜ ਦਿੱਤਾ ਸੀ। ਉਨ੍ਹਾਂ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ।

21 ਅਕਤੂਬਰ 1914 ਨੂੰ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ ਵਿੱਚ ਤਾਣਦੀਆਂ ਸਾਰ ਹੀ ਗੋਲੀਆਂ ਦਾਗ਼ ਦਿੱਤੀਆਂ। ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ। 30 ਅਕਤੂਬਰ 1914 ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਬਚਾਓ ਪੱਖ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿਨ੍ਹਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਇੰਟਰਪਰੇਟਰ ਮਿਸਟਰ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ, ਜਿਨ੍ਹਾਂ ਨੂੰ ਪੰਜਾਬੀ ਵਿਚ ਅਨੁਵਾਦਤ ਕਰਦਿਆਂ ਇਤਿਹਾਸਕਾਰ ਸੋਹਣ ਸਿੰਘ ਪੂਨੀ ਨੇ ਇਉਂ ਲਿਖਿਆ ਹੈ: 'ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰਦੁਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ। ਇਹ ਸਭ ਕਾਸੇ ਲਈ ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਜ਼ਿੰਮੇਵਾਰ ਹਨ।'

'ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈਂ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।' ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਵਿੱਚ ਆਏ ਭਾਰਤੀਆਂ ਅਤੇ ਘੱਟਗਿਣਤੀ ਭਾਈਚਾਰਿਆਂ, ਖਾਸ ਕਰਕੇ ਸਿੱਖਾਂ ਨਾਲ ਹੋ ਰਹੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ। ਆਪਣੇ ਸ਼ਬਦਾਂ 'ਚ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ।

11 ਜਨਵਰੀ 1915 ਈ. ਨੂੰ ਨਿਊ ਵੈਸਟ ਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਸਵੇਰੇ ਪੌਣੇ ਅੱਠ ਵਜੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ 'ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ' ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਜੇਲ੍ਹ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ। ਇਹ ਵੀ ਇਤਫ਼ਾਕ ਦੀ ਗੱਲ ਹੈ ਕਿ ਜਿਹੜਾ ਦਿਨ ਭਾਈ ਮੇਵਾ ਸਿੰਘ ਜੀ ਦੀ ਸ਼ਹੀਦੀ ਦਾ ਹੈ, ਉਸ ਦੇ ਨੇੜ-ਤੇੜ ਅਸੀਂ ਆਪਣੇ ਘਰਾਂ ਵਿੱਚ ਲੋਹੜੀ ਬਾਲਦੇ ਹਾਂ, ਪਰ ਇਹ ਭੁੱਲ ਜਾਂਦੇ ਹਾਂ ਕਿ ਭਾਈ ਮੇਵਾ ਸਿੰਘ ਨੇ ਆਪ ਗ੍ਰਹਿਸਥੀ ਜੀਵਨ ਅਤੇ ਘਰ ਦਾ ਦੀਵਾ ਨਾ ਬਾਲ ਕੇ, ਸਾਡੇ ਘਰਾਂ ਦੇ ਦੀਵੇ ਰੌਸ਼ਨ ਕੀਤੇ ਸਨ, ਪਰ ਅਸੀਂ ਅਕ੍ਰਿਤਘਣ ਹੋ ਕੇ ਇਸ ਗੱਲ ਪ੍ਰਤੀ ਖਿਆਲ ਨਹੀਂ ਰੱਖਦੇ। ਭਾਈ ਮੇਵਾ ਸਿੰਘ ਜੀ ਦਾ ਸ਼ਹੀਦੀ ਦਿਨ ਸਾਨੂੰ ਸਭਨਾਂ ਨੂੰ ਉਤਸ਼ਾਹ ਨਾਲ ਮਨਾਉਣਾ ਚਾਹੀਦਾ ਹੈ।

ਭਾਈ ਸਾਹਿਬ ਦੀ ਸ਼ਹਾਦਤ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਲੰਮੀ ਜੰਗ ਦੀ ਪ੍ਰਤੀਕ ਹੈ, ਜੋ ਅੱਜ ਵੀ ਜਾਰੀ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਨਸਲਵਾਦ ਅਤੇ ਬਸਤੀਵਾਦ ਦਾ ਅੱਜ ਨਵਾਂ ਰੂਪ ਵੇਖਣ ਨੂੰ ਮਿਲ ਰਿਹਾ ਹੈ, ਅੱਜ ਹੋਰ ਵੀ ਵਧ ਖ਼ਤਰਨਾਕ ਹੈ। ਇਕ ਪਾਸੇ ਭਾਈ ਮੇਵਾ ਸਿੰਘ ਸ਼ਹੀਦ ਵਰਗੇ ਯੋਧਿਆਂ ਨੇ ਭਾਰਤ ਅੰਦਰੋਂ ਨਸਲਵਾਦ ਅਤੇ ਬਸਤੀਵਾਦੀ ਦੀ ਜੜ੍ਹ ਪੁੱਟਣ ਲਈ ਸ਼ਹੀਦੀਆਂ ਪਾਈਆਂ, ਦੂਜੇ ਪਾਸੇ ਅੱਜ ਭਾਰਤ ਅੰਦਰ ਨਵ- ਬਸਤੀਵਾਦ ਭਾਰੂ ਹੋ ਚੁੱਕਿਆ ਹੈ, ਜਿਸ ਦੀ ਜੜ੍ਹ ਪੁੱਟਣ ਲਈ ਅੱਜ ਫੇਰ ਏਕੇ ਦੀ ਲੋੜ ਹੈ।

ਇਕ ਹੋਰ ਦੁਖਦਾਈ ਪਹਿਲੂ ਇਹ ਹੈ ਕਿ ਕੈਨੇਡਾ ਦੇ ਇਤਿਹਾਸ ਵਿਚ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਅਜੇ ਵੀ 'ਸ਼ਹੀਦ ਦੀ ਥਾਂ ਤੇ ਮੁਜਰਿਮ' ਕਰਾਰ ਦਿੱਤੇ ਹੋਏ ਹਨ। ਅਜੇਹੇ ਗਲਤ ਇਤਿਹਾਸ ਨੂੰ ਠੀਕ ਕਰਾਉਣ ਦੀ ਲੋੜ ਹੈ। ਧੰਨਵਾਦ ਕਰਨਾ ਬਣਦਾ ਹੈ ਸਿਟੀ ਆਫ ਨਿਊ ਵੈਸਟਮਿਨਸਟਰ ਦੇ ਸਾਬਕਾ ਕੌਂਸਲਰ ਚਕ ਪਕ ਮਾਇਰ ਦਾ, ਜਿਨ੍ਹਾਂ ਨੇ ਭਾਈ ਮੇਵਾ ਸਿੰਘ ਦੀ ਸ਼ਹੀਦੀ ਨੂੰ ਯਾਦ ਕੀਤਾ ਅਤੇ 11 ਜਨਵਰੀ ਦੇ ਦਿਨ 'ਭਾਈ ਮੇਵਾ ਸਿੰਘ ਦਿਹਾੜਾ' ਘੋਸ਼ਿਤ ਕਰਵਾਇਆ ਸੀ, ਪਰ ਦੁੱਖ ਹੈ ਕਿ ਭਾਰਤੀ ਮੂਲ ਦੇ ਕੈਨੇਡੀਅਨ ਸਿਆਸਤਦਾਨ ਇਸ ਬਾਰੇ ਚੁੱਪ ਹਨ। ਇਸ ਸਬੰਧ ਵਿਚ 14 ਜਨਵਰੀ ਨੂੰ, ਖਾਲਸਾ ਦੀਵਾਨ ਸੁਸਾਇਟੀ ਸੁਖ ਸਾਗਰ ਗੁਰਦੁਆਰਾ ਸਾਹਿਬ ਨਿਊ ਵੈਸਟਮਿਨਸਟਰ ਵੱਲੋਂ ਵਿਸ਼ੇਸ਼ ਸੈਮੀਨਾਰ, ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਸਮਰਪਿਤ ਕਰਵਾਇਆ ਜਾ ਰਿਹਾ ਹੈ। ਇਸ ਮੌਕੇ 'ਤੇ ਸਭ ਨੂੰ ਵੱਧ-ਚੜ੍ਹ ਕੇ ਸ਼ਾਮਲ ਹੋਣ ਦੀ ਗੁਜਾਰਿਸ਼ ਕੀਤੀ ਜਾਂਦੀ ਹੈ।

# ਮਸੀਹੀਅਤ ਅਤੇ ਥਿਆਲੋਜੀ : ਹਰਦੇਵ ਸਿੰਘ ਦੀ ਰਚਨਾ ਦੀ ਸਮੀਖਿਆ

ਡਾ. ਬਲਦੇਵ ਸਿੰਘ ਕੰਦੋਲਾ, ਪੰਜਾਬੀ ਵਿਕਾਸ ਮੰਚ ਯੂ.ਕੇ.

ਕਿਸ਼ਤ-1




ਭਾਗ-1

1 ਪਰਿਚੈ

ਸੋਲਵੀਂ ਸਦੀ ਦੇ ਇਕ ਇਤਾਲਵੀ ਚਿੰਤਕ, 'ਪੀਅਰਤੋ ਬੰਬੋ', ਭਾਸ਼ਾ ਬਾਰੇ ਆਪਣੇ ਵਿਚਾਰ ਪਰਗਟ ਕਰਦੇ ਹੋਏ ਲਿਖਦੇ ਹਨ, 'ਕੋਈ ਚੀਜ਼ ਭਾਸ਼ਾ ਨਹੀਂ ਅਖਵਾਉਂਦੀ ਜਿਸ ਕੋਲ ਆਪਣਾ ਸਾਹਿਤ ਨਹੀਂ ਹੁੰਦਾ।' ਭਾਵ, ਸਾਹਿਤ ਦਾ ਲਿਖਿਆ ਜਾਣਾ ਭਾਸ਼ਾ ਦੀ ਹੋਂਦ ਲਈ ਅਤੀ ਜ਼ਰੂਰੀ ਹੈ। ਇਹ ਕਥਨ ਵਰਤਮਾਨ ਪੰਜਾਬੀ ਭਾਸ਼ਾ ਦੀ ਤਰਸਯੋਗ ਦਸ਼ਾ ਉੱਪਰ ਬਿਲਕੁਲ ਢੁੱਕਦਾ ਹੈ। ਅਸੀਂ ਇਹ ਤਾਂ ਨਹੀਂ ਕਹਿ ਸਕਦੇ ਕਿ ਪੰਜਾਬੀ ਭਾਸ਼ਾ ਕੋਲ ਆਪਣਾ ਕੋਈ ਸਾਹਿਤ ਨਹੀਂ ਹੈ ਪਰ ਇਸ ਤੱਥ ਤੋਂ ਮੁਨਕਰ ਵੀ ਨਹੀਂ ਹੋ ਸਕਦੇ ਕਿ ਪੰਜਾਬੀ ਭਾਸ਼ਾ ਕੋਲ 'ਅੱਜ' ਦੀਆਂ ਲੋੜਾਂ ਪੂਰੀਆਂ ਕਰਨ ਲਈ ਆਧੁਨਿਕ ਤਕਨੀਕੀ ਸਾਹਿਤ ਬਿਲਕੁਲ ਹੀ ਨਹੀਂ ਹੈ। ਪੰਜਾਬ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਜੋ ਪੜ੍ਹਾਇਆ ਜਾਂਦਾ ਹੈ ਉਹ ਪੰਜਾਬੀ ਵਿੱਚ ਨਹੀਂ ਹੁੰਦਾ। ਇਹ ਇਸ ਲਈ ਕਿਉਂਕਿ ਇਸ ਭਾਸ਼ਾ ਦੇ ਬੁਲਾਰਿਆਂ ਨੇ ਲੋੜੀਂਦਾ ਅਧਿਆਪਨ ਸਾਹਿਤ ਪੈਦਾ ਹੀ ਨਹੀਂ ਕੀਤਾ। ਜੇਕਰ ਕਿਸੇ ਭਾਸ਼ਾ ਵਿੱਚ ਕਿਸੇ ਵਿਸ਼ੇ 'ਤੇ ਲਿਖਿਆ ਸਾਹਿਤ ਨਹੀਂ ਮਿਲਦਾ ਤਾਂ ਇਸ ਦਾ ਨਿਰਸੰਦੇਹੀ ਨਿਸ਼ਕਰਸ਼ ਇਹੋ ਹੋ ਸਕਦਾ ਹੈ ਕਿ ਉਸ ਭਾਸ਼ਾ ਦੇ ਬੁਲਾਰੇ ਦਿੱਤੇ ਵਿਸ਼ੇ ਤੋਂ ਬਿਲਕੁਲ ਕੋਰੇ, ਅਣਜਾਣ ਦਾ ਅਤੇ ਦੁਰਬੁੱਧਿ ਹਨ। ਭਾਵ, ਸਮੁੱਚਾ ਪੰਜਾਬੀ ਸਮਾਜ ਪਰੰਪਰਾਗਤ ਵਿਸ਼ਿਆਂ ਤੋਂ ਇਲਾਵਾ ਹਰ ਅਜੋਕੇ ਦਾਰਸ਼ਨਿਕ, ਸਾਇੰਸ ਅਤੇ ਤਕਨੀਕੀ ਵਿਸ਼ੇ ਤੋਂ ਮੁਕੰਮਲ ਤੌਰ 'ਤੇ ਅਗਿਆਨ ਹੈ।

ਪਰ ਹਾਲਤ ਇੰਨੀ ਵੀ ਨਿਰਾਸ਼ਾਜਨਕ ਵੀ ਨਹੀਂ ਹੈ। ਇਸ ਸਮਾਜ ਵਿੱਚ ਇਹੋ ਜਿਹੇ ਬੁੱਧੀਜੀਵੀ ਵੀ ਮੌਜੂਦ ਹਨ ਜੋ ਇਸ ਸਥਿਤੀ ਨੂੰ ਸੁਧਾਰਨ ਵਿੱਚ ਲੱਗੇ ਹੋਏ ਹਨ। ਮਸੀਹੀਅਤ ਅਤੇ ਥਿਆਲੋਜੀ' ਦੇ ਅਕਾਦਮਿਕ ਵਿਸ਼ੇ ਉੱਪਰ ਡਾ. ਹਰਦੇਵ ਸਿੰਘ ਦੀ ਕਿਤਾਬ ਇਨ੍ਹਾਂ ਕੋਸ਼ਿਸ਼ਾਂ ਦੀ ਇੱਕ ਅਹਿਮ ਮਿਸਾਲ ਹੈ। ਉਨ੍ਹਾਂ ਦਾ ਇਹ ਕਾਰਜ ਬਹੁਤ ਸ਼ਲਾਘਾਯੋਗ ਹੈ। ਕੋਈ ਵੀ ਅਧਿਐਨ ਆਪਣੇ ਆਪ ਵਿੱਚ ਸੰਪੂਰਨ ਜਾਂ ਆਖਰੀ ਨਹੀਂ ਹੁੰਦਾ। ਸੁਧਾਰ ਦੀ ਗੁੰਜਾਇਸ਼ ਹਮੇਸ਼ਾ ਬਣੀ ਰਹਿੰਦੀ ਹੈ। ਇਸ ਪੁਸਤਕ ਦੀਆਂ ਕੁੱਝ ਲਘੂ ਊਣਤਾਈਆਂ ਨੂੰ ਬੜੀ ਆਸਾਨੀ ਨਾਲ ਸੁਲਝਾਇਆ ਜਾ ਸਕਦਾ ਹੈ। ਇਹੋ ਆਧੁਨਿਕ ਤਕਨੀਕੀ ਵਿਕਾਸ ਦੀ ਵਿਧੀ ਹੈ, ਅਤੇ ਅਥਾਹ ਸਫਲਤਾ ਦਾ ਰਾਜ਼ ਵੀ ਹੈ।

**ਮਸੀਹੀਅਤ ?**

ਕਈ ਬਾਰ ਇਹ ਕਿਹਾ ਜਾਂਦਾ ਹੈ ਕਿ ਕਿਸੇ ਕਿਤਾਬ ਦੇ ਮਜ਼ਮੂਨ ਬਾਰੇ ਉਸ ਦੇ ਸਿਰਲੇਖ ਤੋਂ ਪਤਾ ਲੱਗ ਜਾਂਦਾ ਹੈ। ਪਹਿਲੀ ਸਰਸਰੀ ਨਜ਼ਰੇ ਮੇਰੇ ਲਈ ਇਸ ਕਿਤਾਬ ਦੇ ਸਿਰਲੇਖ ਦਾ ਪਹਿਲਾ ਸ਼ਬਦ– 'ਮਸੀਹੀਅਤ' ਬੜਾ ਅਜੀਬ ਜਿਹਾ ਲੱਗਾ। ਭਾਵੇਂ ਮੈਨੂੰ ਇਸ ਦੇ ਅਰਥ ਦਾ ਥੋੜਾ ਜਿਹਾ ਗਿਆਨ ਹੈ ਸੀ ਪਰ ਪੱਛਮ ਵਿੱਚ ਰਹਿੰਦੇ ਹੋਏ ਮੇਰੇ ਲਈ ਇਹ ਸ਼ਬਦ 'ਈਸਾਈਮਤ' ਲਈ ਵਰਤਣਾ ਬੜਾ ਓਪਰਾ ਜਿਹਾ ਲੱਗਾ, ਕਿਉਂਕਿ ਯੂਰਪ ਵਿੱਚ ਮਜ਼ਹਬ ਦੀ ਇਸ 'ਈਸਾਈਅਤ' ਵਿਚਾਰਧਾਰਾ ਨੂੰ 'ਮਸੀਹੀਅਤ' ਨਹੀਂ ਕਿਹਾ ਜਾਂਦਾ। ਆਪਣੀ ਸ਼ੱਕ ਦੂਰ ਕਰਨ ਲਈ ਇਸ ਬਾਰੇ ਮੈਂ ਆਪਣੇ ਇੱਕ ਚਰਚ ਜਾਣ ਵਾਲੇ ਈਸਾਈ ਦੋਸਤ ਨਾਲ ਵਿਚਾਰ ਵਟਾਂਦਰਾ ਕੀਤਾ ਤਾਂ ਪਤਾ ਲੱਗਾ ਕਿ ਭਾਵੇਂ ਇਹ ਸ਼ਬਦ ਆਮ ਨਹੀਂ ਵਰਤਿਆ ਜਾਂਦਾ ਪਰ ਇਹ ਹੈ 'ਈਸਾਈਮਤ' ਦਾ ਹੀ ਪ੍ਰਤੀਕ।

**ਥਿਆਲੋਜੀ ?**

ਮੇਰੀ ਦੂਸਰੀ ਅੜਚਣ 'ਖਿਆਲੋਜੀ' ਸ਼ਬਦ ਦੀ ਵਰਤੋਂ ਨਾਲ ਸੀ। ਇਹ ਆਮ ਦੇਖਣ ਵਿੱਚ ਆਇਆ ਹੈ ਕਿ ਭਾਰਤੀ ਲੇਖਕ ਜਦ ਕਿਸੇ ਨਵੇਂ ਜਾਂ ਗੈਰ-ਭਾਰਤੀ ਵਿਸ਼ੇ ਬਾਰੇ ਲਿਖਦੇ ਹਨ ਤਾਂ ਉਹ 'ਅੰਗਰੇਜ਼ੀ' ਦੀ 'ਨਵੀਂ' ਸ਼ਬਦਾਵਲੀ ਦੇਖ ਕੇ ਘਬਰਾ ਜਾਂਦੇ ਹਨ। ਉਨ੍ਹਾਂ ਨੂੰ ਜਿਵੇਂ ਨਵੀਂ ਸ਼ਬਦਾਵਲੀ ਦਾ ਪੰਜਾਬੀ ਸਮਾਨਾਰਥਕ ਸ਼ਬਦ ਨਹੀਂ ਮਿਲਦਾ ਜਾਂ ਉਹ ਲੱਭਣ ਦੀ ਕੋਸ਼ਿਸ਼ ਨਹੀਂ ਕਰਦੇ। ਇਸ ਦੇ ਪ੍ਰਸੰਗ ਵਿੱਚ ਇਹ ਆਮ ਧਾਰਨਾ ਬਣੀ ਹੋਈ ਹੈ ਕਿ ਪੰਜਾਬੀ ਵਿੱਚ ਆਧੁਨਿਕ ਜਾਂ ਵਿਗਿਆਨਕ ਸਾਹਿਤ ਇਸ ਲਈ ਨਹੀਂ ਲਿਖਿਆ ਜਾਂਦਾ ਕਿਉਂਕਿ ਪੰਜਾਬੀ ਵਿੱਚ ਤਕਨੀਕੀ ਸ਼ਬਦਾਵਲੀ ਮੌਜੂਦ ਨਹੀਂ ਹੈ। ਇਹ 'ਮਿੱਥ' ਸ਼ਾਇਦ ਇਸ ਲਈ ਘੜੀ ਗਈ ਹੈ ਕਿਉਂਕਿ ਕੋਈ ਵੀ ਭਾਰਤੀ ਬੁੱਧੀਜੀਵੀ ਜਾਂ ਵਿਗਿਆਨੀ ਇਹੋ ਜਿਹਾ ਸਾਹਿਤ ਰਚਣ ਦੀ ਜੁਰਅਤ ਹੀ ਨਹੀਂ ਕਰਦਾ। ਇਸ ਲਈ ਇਹ ਬਹਾਨਾ ਬਹੁਤ ਅੱਛਾ ਹੈ।

ਪੰਜਾਬੀ ਭਾਸ਼ਾ ਵਿੱਚ ਬੇਸ਼ੁਮਾਰ ਹਰ ਵਿਸ਼ੇ ਦੀ ਤਕਨੀਕੀ ਸ਼ਬਦਾਵਲੀ ਮੌਜੂਦ ਹੈ ਪਰ ਉਸ ਨੂੰ ਲੱਭਣ ਅਤੇ ਪੁੱਟਣ ਲਈ ਸਖਤ ਮਿਹਨਤ ਦੀ ਲੋੜ ਪੈਂਦੀ ਹੈ ਜਿਸ ਤੋਂ ਭਾਰਤੀ ਅਕਾਦਮਿਕ ਜਗਤ ਕੰਨੀ ਕਤਰਾਉਂਦਾ ਜਾਪਦਾ ਹੈ। ਇਸ ਰੁਝਾਨ ਨੂੰ ਉਚਿਤ ਠਹਿਰਾਉਣ ਲਈ ਭਾਸ਼ਾ ਦੀ ਨਾਕਾਬਲੀਅਤ ਦਾ ਬਹਾਨਾ ਘੜ ਲਿਆ ਜਾਂਦਾ ਹੈ।

ਯੂਰਪ ਦੀਆਂ ਸਾਰੀਆਂ ਆਧੁਨਿਕ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਧਾਤੂ ਸੋਮਾ 'ਲਤੀਨੀ-ਯੂਨਾਨੀ' ਭਾਸ਼ਾਵਾ ਹਨ। ਇਹ ਇਸ ਲਈ ਕਿਉਂਕਿ ਪੱਛਮੀ ਯੂਰਪ ਦੀਆਂ ਰੂਸੀ ਭਾਸ਼ਾਵਾਂ ਦਾ ਆਪਣਾ ਸ਼ਾਸਤਰੀ ਇਤਿਹਾਸ ਨਹੀਂ ਹੈ। ਇੱਥੋਂ ਤੱਕ ਕਿ 'ਲਤੀਨੀ' ਨੇ ਵੀ ਜ਼ਿਆਦਾਤਰ ਤਕਨੀਕੀ ਸ਼ਬਦਾਵਲੀ ਯੂਨਾਨੀ ਭਾਸ਼ਾ ਤੋਂ ਹੀ ਲਈ ਹੈ। 'ਥਿਆਲੋਜੀ' ਸ਼ਬਦ ਫਰਾਂਸੀਸੀ ਭਾਸ਼ਾ ਰਾਹੀਂ ਹੁੰਦਾ ਹੋਇਆ ਅੰਗਰੇਜ਼ੀ ਜ਼ੁਬਾਨ ਤੱਕ ਪਹੁੰਚਾ ਹੈ। ਇਹ ਦੋ ਯੂਨਾਨੀ ਸ਼ਬਦਾਂ – 'ਥੀਓਸ' ਅਤੇ 'ਲੋਜੀ' (ਜਾਂ ਲੋਗੀ) – ਦਾ ਸੰਮਿਲਨ ਹੈ। 'ਥੀਓਸ' ਦਾ ਅਰਥ ਹੈ 'ਦੇਵਤਾ' ਜਾਂ 'ਈਸ਼ਵਰ' ਅਤੇ 'ਲੋਜੀ' ਦਾ ਅਰਥ ਹੈ ਪ੍ਰਵਚਨ, ਵਿਖਿਆਨ, ਪ੍ਰਕਰਣ, ਮਤ ਜਾਂ ਵਾਦ। ਇਸ ਤਰ੍ਹਾਂ =ਥਿਆਲੋਜੀ' ਦਾ ਅਰਥ ਬਣਦਾ ਹੈ ਮਜ਼ਹਬ ਦੀ ਵਿੱਦਿਆ ਜਾਂ ਵਿਗਿਆਨ, ਈਸ਼ਵਰ (ਰੱਬ) ਦਾ ਅਧਿਐਨ ਅਤੇ ਉਸ ਦਾ ਮਾਨਵਤਾ ਨਾਲ ਸੰਬੰਧ। ਭਾਰਤ ਦੇ ਪੁਰਾਤਨ ਸਾਹਿਤ ਵਿੱਚ ਇਸ ਵਿਸ਼ੇ ਨੂੰ 'ਈਸ਼ਵਰਵਾਦ' ਦਾ ਨਾਮ ਦਿੱਤਾ ਗਿਆ ਹੈ ਜੋ 'ਥਿਆਲੋਜੀ' ਲਈ ਆਸਾਨੀ ਨਾਲ ਵਰਤਿਆ ਜਾ ਸਕਦਾ ਸੀ। ਇਸ ਨੂੰ 'ਧਰਮ-ਸ਼ਾਸਤਰ' ਜਾਂ 'ਗੁਰ-ਦਰਸਨ' ਕਹਿਣਾ ਸਰਾਸਰ ਕੁਰਾਹੇ ਪਾਉਣਾ ਹੈ, ਕਿਉਂਕਿ 'ਥਿਆਲੋਜੀ' ਦਾ ਵਿਸ਼ਾ ਵਸਤੂ ਪ੍ਰਤੱਖ ਰੂਪ ਵਿੱਚ 'ਰੱਬ' (ਜਾਂ ਈਸ਼ਵਰ) ਹੈ।

ਇਸ ਵਡਮੁੱਲੀ ਅਤੇ ਸ਼ਲਾਘਾਯੋਗ ਪੁਸਤਕ ਦੇ ਸਾਰ-ਪਾਰ, ਇੱਕ ਕਿਸਮ ਦਾ "ਸ਼ਬਦ-ਭੈਅ ਵਾਲਾ ਰਵੱਈਆਂ ਸਪਸ਼ਟ ਤੌਰ ਤੇ ਉੱਭਰ ਕੇ ਸਾਹਮਣੇ ਆਉਂਦਾ ਹੈ। ਲਗਦਾ ਹੈ ਪੱਛਮੀ ਵਿਚਾਰਧਾਰਾ ਅਤੇ ਪ੍ਰਵਚਨ (discourse) ਦੇ ਸਾਖਿਆਤ (seemingly) 'ਗੂੜੇ' ਸ਼ਬਦ ਭਾਰਤੀ 'ਸਾਹਿਤਕਾਰਾਂ' ਨੂੰ ਇੱਕ ਦਮ ਬੌਂਦਲਾਅ ਕੇ ਕੁਰਾਹੇ ਪਾ ਦਿੰਦੇ ਹਨ ਅਤੇ ਦਲੀਲ ਦੀ ਲੜੀ ਭਟਕ ਜਾਂਦੀ ਹੈ। ਅੱਗੇ ਜਾ ਕੇ (ਪੰਨਾ 99) ਜਦੋਂ 'ਗਾਡ' (God) ਅਤੇ 'ਬੰਗ' (Being) ਵਰਗੇ ਡੂੰਘੇ ਪ੍ਰਾਭੌਤਿਕ ਅਤੇ ਭਾਵਾਤਮਕ ਸੰਕਲਪਾਂ ਬਾਰੇ ਚਰਚਾ ਹੁੰਦੀ ਹੈ ਤਾਂ ਸਾਰਾ ਯੁਕਤੀਯੁਕਤ ਢਾਂਚਾ ਢਹਿ ਢੇਰੀ ਹੋ ਕੇ ਖੇਰੂੰ ਖੇਰੂੰ ਹੋ ਜਾਂਦਾ ਹੈ। ਅਰਥ ਦਾ ਅਨਰਥ ਬਣ ਜਾਂਦਾ ਹੈ।

ਸ਼ਬਦਬੋਧ ਦੀ ਅਣਹੋਂਦ ਉਪਪੱਤਿ (ਦਲੀਲ) ਨੂੰ ਅਨੁਪੱਤਿ (ਬੇਦਲੀਲ) ਬਣਾ ਦਿੰਦੀ ਹੈ। ਇਸ ਗੰਭੀਰ ਮੁੱਦੇ 'ਤੇ ਵਿਸ਼ੇਸ਼ ਗੌਰ ਕਰਨ ਦੀ ਲੋੜ ਹੈ।

**'ਧਰਮ' ਅਤੇ 'ਮਜ਼ਹਬ' ?**

ਪੂਰੀ ਕਿਤਾਬ ਵਿੱਚ 'ਧਰਮ' ਅਤੇ 'ਮਜ਼ਹਬ' (ਗੀਲੀਜਨ) ਸ਼ਬਦਾਂ ਨੂੰ 'ਅਦਲ-ਬਦਲ' ਤਰੀਕੇ ਵਿੱਚ ਵਰਤਿਆ ਗਿਆ ਹੈ ਜਿਸ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਇਨ੍ਹਾਂ ਦੇ ਅਰਥ ਬਰਾਬਰ ਹਨ। ਪਰ ਹਕੀਕਤ ਇਸ ਦੇ ਬਿਲਕੁਲ ਉਲਟ ਹੈ। ਲਿਖਾਰੀ ਨੂੰ ਇਨ੍ਹਾਂ ਦੀ ਭਿੰਨਤਾ ਵਲ ਖਾਸ ਧਿਆਨ ਦੇਣ ਦੀ ਲੋੜ ਹੈ। ਸਾਰੇ 'ਸਾਮੀ' ਮਜ਼ਹਬ (ਰਿਲੀਜਨ) ਸਹੀ ਅਰਥਾਂ ਵਿੱਚ 'ਈਸ਼ਵਰਵਾਦੀ' ਹਨ ਜਦਕਿ 'ਧਰਮ' ਦਾ ਅਧਿਐਨ ਖੇਤਰ ਅਲਗ ਹੈ ਜਿਸ ਨੂੰ 'ਦਰਸ਼ਨ' ਦੇ ਅਰਥਾਂ ਵਿੱਚ ਲਿਆ ਜਾਂਦਾ ਹੈ। ਇਨ੍ਹਾਂ ਅਰਥਾਂ ਵਿੱਚ ਸਾਰੇ ਵੈਦਿਕ ਮਤ (ਹਿੰਦੂ, ਬੋਧੀ, ਜੈਨ ਅਤੇ ਸਿੱਖ) 'ਧਰਮ' ਹਨ। ਇਹ ਯੂਨਾਨ ਦੀ ਦਾਰਸ਼ਨਿਕ ਅਤੇ ਤਾਰਕਿਕ ਪਰੰਪਰਾ ਨਾਲ ਗੂੜ੍ਹੀ ਸਾਂਝ ਰੱਖਦੇ ਹਨ।

2 ਕਿਤਾਬ ਦਾ ਵਿਸ਼ਾ ਵਸਤੂ ਅਤੇ ਮਨੋਰਥ

'ਬਾਈਬਲ' ਈਸਾਈਮਤ (ਮਸੀਹੀ ਵਿਸ਼ਵਾਸ) ਦਾ ਪਵਿੱਤਰ ਗ੍ਰੰਥ ਹੈ। ਇਸ ਲਈ ਥਿਆਲੋਜੀ ਦੇ ਸੰਪੂਰਨ ਵਿਕਾਸ ਦਾ ਇਹ ਮੁੱਖ ਵਿਸ਼ਾ ਹੈ। ਕਿਤਾਬ ਦਾ ਇਹ ਦਾਅਵਾ ਹੈ ਕਿ ਮਸੀਹੀਅਤ ਦਾ ਸਿਧਾਂਤ ਸਿੱਖ ਪਰੰਪਰਾ ਦੇ ਕਾਫੀ ਨੇੜੇ ਹੈ। ਕਿਸੇ ਹੱਦ ਤੱਕ ਇਹ ਮੰਨਿਆ ਵੀ ਜਾ ਸਕਦਾ ਹੈ ਪਰ ਮੁੱਖ ਤੌਰ ਤੇ ਭਾਰਤੀ ਦਰਸ਼ਨ ਦਾ 'ਬ੍ਰਹਮਾ' ਜਾਂ 'ਪ੍ਰਮਾਤਮਾ' ਅਤੇ 'ਸਾਮੀ' ਮਜ਼ਹਬਾਂ ਦੇ 'ਰੱਬ' ਵਿੱਚ ਬੁਨਿਆਦੀ ਫ਼ਰਕ ਹੈ। ਇਸ ਕਿਤਾਬ ਵਿੱਚ ਇਹ ਸੰਕੇਤ ਵੀ ਦਿੱਤਾ ਗਿਆ ਹੈ ਕਿ ਸਮਕਾਲੀ ਪੰਜਾਬ ਵਿੱਚ ਮਸੀਹੀ ਪ੍ਰਚਾਰਕਾਂ ਦੀਆਂ ਹੋ ਰਹੀਆਂ ਸਰਗਰਮੀਆਂ ਅਤੇ 'ਧਰਮ-ਪਰਿਵਰਤਨ' ਗਤੀਵਿਧੀਆਂ ਨੂੰ ਸਮਝਣ ਲਈ ਮਸੀਹੀਅਤ ਦੇ ਫਲਸਫੇ ਨੂੰ ਸਮਝਣਾ ਅਤੀ ਜ਼ਰੂਰੀ ਹੈ। ਇਸ ਅਧਿਐਨ ਨੂੰ 'ਤੁਲਨਾਤਮਿਕ ਅਧਿਐਨ' ਲਈ ਵੀ ਮਹੱਤਵਪੂਰਨ ਦੱਸਿਆ ਗਿਆ ਹੈ। 'ਧਰਮ-ਪਰਿਵਰਤਨ ਲਹਿਰ' ਦੀ ਰੋਕਥਾਮ ਲਈ ਵੀ ਮਸੀਹੀ ਥਿਆਲੋਜੀ ਦਾ ਅਧਿਐਨ ਫਾਇਦੇਮੰਦ ਹੋ ਸਕਦਾ ਹੈ। ਪੰਜਾਬ ਦੇ ਮਸੀਹੀ 'ਵਿਦਵਾਨ' ਖੁਦ ਵੀ ਇਹ ਸਵੀਕਾਰ ਕਰਦੇ ਹਨ ਕਿ ਧਰਮ-ਪਰਿਵਰਤਨ ਦੇ ਰੁਝਾਨ ਵਿੱਚ ਮਸਰੂਫ ਲੋਕ 'ਆਪਣੇ ਪ੍ਰਭਾਵ ਅਤੇ ਸਰਮਾਏ ਨੂੰ ਵਧਾਉਣ ਵਿੱਚ ਲੱਗੇ ਹੋਏ ਹਨ।' [ਪੰ. ✂◆◆] ਇਹ ਲੋਕ ਭਾੜੇ ਦੇ ਨਕਲੀ ਰੋਗੀਆਂ ਨੂੰ ਲੋਕਾਂ ਸਾਹਮਣੇ ਝੂਠੀ ਕਰਾਮਾਤ ਰਾਹੀਂ ਠੀਕ ਕਰਨ ਦੇ ਢੋਂਗ ਰਚਾ ਕੇ ਲੋਕਾਂ ਨੂੰ ਬਹਿਕਾਅ ਰਹੇ ਹਨ। ਇਨ੍ਹਾਂ ਦਾ ਪਰਦਾਫਾਸ਼ ਕਰਨ ਲਈ ਵੀ ਮਸੀਹੀ ਥਿਆਲੋਜੀ ਦੇ ਸਿਧਾਂਤ ਦਾ ਗਿਆਨ ਜ਼ਰੂਰੀ ਬਣ ਜਾਂਦਾ ਹੈ।

'ਸਾਮੀ' ਮਜ਼ਹਬਾਂ ਅਤੇ ਭਾਰਤੀ ਦਾਰਸ਼ਨਿਕ ਪਰੰਪਰਾਵਾਂ ਵਿੱਚ ਬਹੁਤ ਵੱਡਾ ਫਰਕ ਹੈ। ਸਾਮੀ ਮਜ਼ਹਬਾਂ ਵਿੱਚ 'ਪੈਗੰਬਰਾਂ' (ਰਸੂਲਾਂ) ਨੂੰ ਰੱਬੀ ਪੈਗਾਮ ਆਮ ਮਨੁੱਖਤਾ ਤੱਕ ਪਹੁੰਚਾਉਣ ਵਾਲੇ ਮੰਨਿਆ ਗਿਆ ਹੈ। ਇੱਥੋਂ ਤੱਕ ਕਿ 'ਈਸਾ ਮਸੀਹ' ਨੂੰ ਖਾਸ 'ਰੱਬ ਦਾ ਪੁੱਤਰ' ਪੇਸ਼ ਕਰਕੇ ਉਸ ਨੂੰ ਖੁਦ 'ਰੱਬ' ਵਜੋਂ ਪੇਸ਼ ਕੀਤਾ ਗਿਆ ਹੈ। ਭਾਰਤੀ ਦਾਰਸ਼ਨਿਕ ਵਿਚਾਰਧਾਰਾ ਵਿੱਚ ਇਹੋ ਜਿਹਾ ਜ਼ਿਕਰ ਕਿਤੇ ਨਹੀਂ ਆਉਂਦਾ। ਇੱਥੋਂ ਤੱਕ ਕਿ 'ਮਹਾਤਮਾ ਬੁੱਧ' 'ਤਰਕ' ਨੂੰ ਅਤੇ ਕੁਦਰਤ ਨੂੰ ਸਰਬੋਤਮ ਮੰਨ ਕੇ ਰੱਬ ਦੀ ਹੋਂਦ ਨੂੰ ਅਸਵੀਕਾਰ ਕਰਦੇ ਹਨ। ਵਿਵੇਕਪੂਰਵਕ ਵਿਚਾਰਧਾਰਾ ਦਾ ਤਾਰਕਿਕ ਨਤੀਜਾ 'ਬ੍ਰਹਮਾ' ਜਾਂ 'ਪ੍ਰਮਾਤਮਾ' ਹੈ ਜਦ ਕਿ ਥਿਆਲੋਜੀ 'ਰੱਬ' ਦੇ ਸੰਕਲਪ ਨੂੰ ਤਰਕ ਦੀ ਵਰਤੋਂ ਕਰਕੇ ਉਚਿਤ ਸਿੱਧ ਕਰਨ ਦਾ ਯਤਨ ਕਰਦੀ ਹੈ।

ਜਿਵੇਂ ਲੇਖਕ ਨੇ ਕਿਹਾ ਹੈ ਇਹ ਪੁਸਤਕ ਮਸੀਹੀ ਪਿਆਲੋਜੀ ਦੀ ਪ੍ਰਮਾਣਿਕ ਜਾਂ ਵਿਸਤਰਤ ਰਚਨਾ ਨਹੀਂ ਬਲਕਿ ਇੱਕ ਜਾਣ ਪਛਾਣ ਹੈ, ਤਾਂ ਕਿ ਗੈਰ-ਮਸੀਹੀ ਪਾਠਕਾਂ ਨੂੰ ਇਸ ਦਾ ਜਿਗਿਆਸੂ ਪੰਧਰ ਤੋਂ ਸਾਰ ਤੱਤ ਦੇਣਾ ਹੈ।

**3 ਮਸੀਹੀਅਤ ਕੀ ਹੈ ?**

'ਸਾਮੀ' ਮਜਹਬਾਂ ਦੇ ਇਤਿਹਾਸ ਵਿੱਚ ਮਸੀਹੀਅਤ ਦਾ ਥਾਂ, ਯਹੂਦੀਅਤ ਤੋਂ ਬਾਅਦ ਅਤੇ ਇਸਲਾਮ ਤੋਂ ਪਹਿਲਾਂ ਦਾ ਹੈ। ਇਸ ਪਰੰਪਰਾ ਅਨੁਸਾਰ ਜਦੋਂ 'ਅਦਨ ਦੇ ਬਾਗ' ਅੰਦਰ ਰੱਬ ਵਲੋਂ ਵਰਜਿਤ 'ਕਾਮਨਾ ਦਾ ਫਲ' ਆਦਿ ਪੁਰਖ 'ਆਦਮ' ਨੇ ਖਾਧਾ ਤਾਂ ਇਸ 'ਪਾਪ' ਦੀ ਸਜ਼ਾ ਭੁਗਤਣ ਲਈ 'ਆਦਮ' ਅਤੇ 'ਹਵਾ' ਨੂੰ ਧਰਤੀ ਉੱਪਰ ਸਿੱਟ ਦਿੱਤਾ ਗਿਆ। ਇਸ 'ਪਾਪ' ਦੇ ਭਾਗੀ ਆਦਮ ਦੇ ਵਾਰਸਾਂ ਨੂੰ ਧਰਤੀ ਦੇ ਲਾਲਚੀ ਅਤੇ ਦੁੱਖਦਾਈ ਜੀਵਨ ਵਿੱਚੋਂ ਮੁਕਤ ਕਰਨ ਲਈ 'ਚੌਥ' ਆਪਣਾ ਪੈਗਾਮ ਮਨੁੱਖਤਾ ਤੱਕ ਪਹੁੰਚਾਉਣ ਲਈ ਪੈਗੰਬਰ ਭੇਜਦਾ ਹੈ। ਇਹ ਮਿਥ ਸਮੁੱਚੀ ਮਾਨਸ ਜਾਤ ਨੂੰ 'ਪਾਪੀ' ਕਰਾਰ ਦਿੰਦੀ ਹੈ। ਇਹ 'ਪਾਪ' ਕੀ ਹੈ ? ਇਸ ਦਾ ਤਸੱਲੀਬਖਸ਼ ਜਵਾਬ ਨਹੀਂ ਮਿਲਦਾ।

'ਸਾਮੀ' ਮਜ਼ਹਬਾਂ ਵਿੱਚ ਸਭ ਤੋਂ ਪਹਿਲਾ ਪੈਗੰਬਰ 'ਹ' ਹੈ ਜਿਸ ਨੇ 'ਹੱਥ ਦੇ ਹੁਕਮ' ਅਨੁਸਾਰ ਇੱਕ ਮਹਾਂ ਕਿਸ਼ਤੀ ਬਣਾ ਕੇ ਆਪਣੇ ਸਿਰਫ ਪਰਿਵਾਰ (ਆਦਮ) ਨੂੰ ਹੀ ਨਹੀਂ ਬਲਕਿ ਸਾਰੀ ਮਨੁੱਖਤਾ ਅਤੇ ਜੀਵ ਜੰਤੂਆਂ ਨੂੰ 'ਮਹਾਨ ਹੜ੍ਹ' ਤੋਂ ਬਚਾਇਆ। ਹਜਰਤ ਨੂਹ ਦੇ ਬੰਸ ਵਿੱਚ (ਲਗਭਗ 2000 ਈਸਾ ਪੂਰਵ, ਈਪੂ) ਅਬਰਾਹਮ (Abraham) ਦਾ ਜਨਮ ਹੋਇਆ। ਇਸ ਤਰ੍ਹਾਂ 'ਈਸਾ ਮਸੀਹ' ਨੂੰ ਅਬਰਾਹਮ ਦੇ ਬੰਸ ਵਿੱਚੋ ਮੰਨਿਆ ਜਾਂਦਾ ਹੈ। ਅਬਰਾਹਮ ਦੀ ਦਾਸੀ 'ਹਾਜਰਾ' ਦੀ ਕੁੱਖੋਂ ਵੱਡੇ ਪੁਤਰ 'ਇਸਮਾਇਲ' ਤੋਂ 'ਅਰਥ' ਦੇ ਬਾਹਾਂ ਕਬੀਲੇ ਪੈਦਾ ਹੋਏ ਅਤੇ ਇਸਮਾਇਲ ਦੇ ਇਸ ਬੰਸ ਵਿੱਚ (ਲਗਭਗ 550 ਈ:) ਇਸਲਾਮੀ ਪਰੰਪਰਾ ਅਨੁਸਾਰ ਆਖਰੀ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਹੋਇਆ। ਇਵੇਂ ਯਹੂਦੀਅਤ, ਮਸੀਹੀਅਤ ਅਤੇ ਇਸਲਾਮ ਦਾ ਸਾਂਝਾ ਵਿਰਸਾ ਹੈ ਜਿਸ ਨੂੰ 'ਅਬਰਾਹਮਕ ਮਜਹਬੀ ਪਰੰਪਰਾ' ਵੀ ਆਖਿਆ ਜਾਂਦਾ ਹੈ। ਇਹ ਤਿੰਨੇ ਮਜਹਬ 'ਇੱਕ ਰੱਬ' ਵਿੱਚ 'ਵਿਸ਼ਵਾਸ' ਰੱਖਦੇ ਹਨ। ਇਤਿਹਾਸਕ ਪੱਖ ਤੋਂ ਇਹ ਤਿੰਨ ਪਰੰਪਰਾਵਾਂ ਆਪੋ ਆਪਣੇ ਪੈਗੰਬਰਾਂ (ਯਹੂਦੀਅਤ ਦੇ ਹਜਰਤ 'ਮੂਸਾ' (Moses), ਮਸੀਹੀਅਤ ਦੇ ਹਜ਼ਰਤ 'ਈਸਾ ਮਸੀਹ' ਅਤੇ ਇਸਲਾਮ ਦੇ ਹਜ਼ਰਤ 'ਮੁਹੰਮਦ' ਸਾਹਿਬ) ਦੁਆਲੇ ਉੱਸਰੇ ਹਨ।

ਮਸੀਹੀਅਤ ਦੀ ਸਥਾਪਨਾ ਹਜ਼ਰਤ 'ਈਸਾ ਮਸੀਹ' ਦੁਆਰਾ ਕੀਤੀ ਗਈ ਅਤੇ ਇਸ ਤਰ੍ਹਾਂ ਈਸਾ ਮਸੀਹ ਵਿੱਚ ਵਿਸ਼ਵਾਸ ਰੱਖਣਾ ਮਸੀਹੀਅਤ ਦਾ ਅਨਿੱਖੜਵਾਂ ਅੰਗ ਹੈ। ਇਸ ਪਰੰਪਰਾ ਨਾਲ ਜੁੜੇ ਸੰਦੇਸ਼ਾਂ ਅਤੇ ਪੈਗਾਮਾਂ ਨੂੰ ਪਵਿੱਤਰ ਬਾਈਬਲ (ਅੰਜੀਲ) ਵਿੱਚ ਅੰਕਿਤ ਕੀਤਾ ਹੋਇਆ ਹੈ ਜਿਸ ਦਾ ਪਹਿਲਾ ਸੰਸਕਰਣ ਯੂਨਾਨੀ ਭਾਸ਼ਾ ਵਿੱਚ ਤਿਆਰ ਹੋਇਆ ਸੀ।

'ਈਸਾ ਮਸੀਹ' ਦੇ ਜਨਮ ਵੇਲੇ ਇਸਰਾਇਲ ਦਾ ਇਲਾਕਾ ਰੋਮਨ ਸਮਰਾਟ 'ਕੈਂਸਰ ਐਗਸਤਸ' (63 ਈਪੂ-14 ਈਸਵੀ) ਦੇ ਅਧੀਨ ਸੀ। ਰੋਮਨ ਸਾਮਰਾਜ ਥੱਲੇ ਯਹੂਦੀ ਲੋਕ ਬੜੀ ਦੁੱਖਾਂ ਭਰੀ ਜ਼ਿੰਦਗੀ ਬਸਰ ਕਰ ਰਹੇ ਸਨ ਅਤੇ 'ਮਸੀਹਾ' (ਦੁੱਖ ਨਿਵਾਰਨ ਵਾਲਾ) ਦੀ ਉਡੀਕ ਵਿੱਚ ਸਨ। ਬਾਈਬਲ ਦੇ ਕਥਨ ਅਨੁਸਾਰ ਮਸੀਹ ਕੁਆਰੀ ਕੰਨਿਆ 'ਮਰੀਅਮ' ਦੀ ਕੁੱਖੋਂ ਪੈਦਾ ਹੋਇਆ ਪਰ ਕਿਉਂਕਿ ਮਰਿਅਮ ਬੈਤਲਹੇਮ ਦੇ 'ਯੂਸਫ' ਨਾਲ ਮੰਗੀ ਹੋਈ ਸੀ, ਇਸ ਲਈ 'ਯੂਸਫ' ਨੂੰ 'ਈਸਾ' ਦਾ ਪਿਤਾ ਕਿਹਾ ਜਾਂਦਾ ਹੈ।

ਈਸ਼ਾ ਦਾ ਮਸੀਹੀ ਸਫਰ ਉਸ ਨੂੰ ਯੂਹੰਨਾ (John) ਵਲੋਂ ਦਿੱਤੇ ਬਪਤਿਸਮਾ' ਤੋਂ ਸ਼ੁਰੂ ਹੁੰਦਾ ਹੈ। ਯਹੂਦੀ ਕੌਮ ਵਿੱਚ ਯੂਹੰਨਾ ਉਹ ਪਵਿੱਤਰ ਪੁਰਸ਼ ਸੀ ਜਿਸ ਨੇ 'ਬਪਤਿਸਮਾ' ਦੀ ਰੀਤ ਰਾਹੀਂ ਇਸਰਾਇਲੀ ਕੌਮ ਨੂੰ ਹਲੂਣਿਆ। ਇਸ ਰੀਤ ਅਨੁਸਾਰ ਯਹੂਦੀਆਂ ਨੂੰ ਯਰਦਨ ਨਦੀ (Jordan River) ਦੇ ਪਾਣੀ ਨਾਲ 'ਬਪਤਿਸਮਾ' ਕਰਾਇਆ ਜਾਂਦਾ ਸੀ। ਯੂਨਾਨੀ ਭਾਸ਼ਾ ਵਿੱਚ 'ਬਪਤਿਸਮੌਸ' ਦਾ ਮਤਲਬ ਹੈ ਪਾਣੀ ਵਿੱਚ ਚੁੱਭੀ ਜਾਂ ਡੁਬਕੀ ਮਾਰਨਾ। ਇਸ ਤਰ੍ਹਾਂ ਬਪਤਿਸਮਾ ਦੀ ਰੀਤ ਦਾ ਮਹੱਤਵ ਹੈ, ਗੁਨਾਹਾਂ ਨੂੰ ਧੋ ਕੇ ਆਪਣੇ ਆਪ ਨੂੰ ਸ਼ੁੱਧ ਕਰਨਾ। ਆਮ ਤੌਰ 'ਤੇ ਇਹ ਚੁੱਭੀ ਤਿੰਨ ਵਾਰ ਲਗਾਈ ਜਾਂਦੀ ਹੈ ਜੋ ਮਸੀਹੀਅਤ ਦੀ 'ਤ੍ਰਿਏਕ' (ਤ੍ਰਿਪੱਖੀ) ਦਾ ਪ੍ਰਤੀਕ ਹੈ।

ਬਪਤਿਸਮਾ ਲੈਣ ਤੋਂ ਮਗਰੋਂ ਈਸਾ ਮਸੀਹ ਨੇ ਆਪਣਾ 'ਧਰਮ-ਪ੍ਰਚਾਰ' ਸ਼ੁਰੂ ਕੀਤਾ। ਉਸ ਦਾ ਮੁੱਖ ਪੈਗਾਮ ਇਹ ਸੀ ਕਿ 'ਇੱਕ ਰੱਬ' ਹੀ ਪੂਜਾ ਅਤੇ 'ਵਿਸ਼ਵਾਸ ਦਾ ਅਧਿਕਾਰੀ ਹੈ। ਮਾਇਆ ਦੀ ਭੁੱਖ, ਮੌਤ ਦਾ ਡਰ ਅਤੇ ਦੁਨੀਆਦਾਰੀ ਦਾ ਲੋਭ ਮਨੁੱਖ ਨੂੰ ਬਦੀ ਦੇ ਰਾਹ ਪਾਉਂਦਾ ਹੈ ਇਸ ਲਈ ਇਨ੍ਹਾਂ ਤੋਂ ਬਚਣ (ਨਿਰਲੇਪ) ਦੀ ਲੋੜ ਹੈ। ਉਸ ਨੇ ਲੋਕਾਂ ਨੂੰ ਪਹਿਲਾਂ ਕੀਤੀਆਂ ਬਣਾਈਆਂ ਕਬੂਲ ਕਰਨ ਅਤੇ ਅੱਗੇ ਤੋਂ ਤੌਬਾ ਕਰਨ ਲਈ ਪ੍ਰੇਰਿਆ। ਗਰੀਬਾਂ, ਦੁਖੀਆਂ ਅਤੇ ਰੋਗੀਆਂ ਦੀ ਸਹਾਇਤਾ ਕਰਨ ਦਾ ਅਮਲ ਉਸ ਨੇ ਆਪ ਕਰਕੇ ਦਿਖਾਇਆ। ਉਸ ਦੀਆਂ ਸਿੱਖਿਆਵਾਂ ਵਿੱਚ 'ਮੁਆਫੀ' ਅਤੇ 'ਦਇਆ' ਦਾ ਅਹਿਮ ਥਾਂ ਹੈ। ਉਸ ਨੇ ਸਜ਼ਾ ਨਾਲੋਂ ਮੁਆਫ ਕਰਨ ਨੂੰ ਵੱਡਾ ਰੱਬੀ ਨੇਮ ਦੱਸਿਆ। ਇਹ ਅਹਿਮ ਨੁਕਤਾ ਮਸੀਹੀਅਤ ਨੂੰ ਪੂਰਬਲੀ ਯਹੂਦੀਅਤ ਅਤੇ ਛੇਕੜਲੇ ਇਸਲਾਮ ਤੋਂ ਨਿਖੇੜਦਾ ਹੈ। ਮਸੀਹੀਅਤ ਵਿੱਚ ਫਲਸਫੇ ਨਾਲੋਂ 'ਅਮਲ' ਨੂੰ ਪਹਿਲ ਦਿੱਤੀ ਗਈ ਹੈ। ਅਮਲ ਰਹਿਤ ਵਿਸ਼ਵਾਸ ਮਰਿਆ ਹੁੰਦਾ ਹੈ।

ਇਨ੍ਹਾਂ ਗੱਲਾਂ ਕਰਕੇ ਹੀ ਯਹੂਦੀ ਪੁਜਾਰੀਆਂ ਨੇ ਮਸੀਹੀਅਤ ਦਾ ਵਿਰੋਧ ਕੀਤਾ ਸੀ। ਮੂਸਾ ਦੇ ਫ਼ੁਰਮਾਨ ਵਿਰੁੱਧ ਈਸਾ ਨੇ ਇੱਕ ਵਿਭਚਾਰੀ ਔਰਤ ਨੂੰ ਲੋਕਾਂ ਦੀ ਭੀੜ ਸਾਹਮਣੇ ਇਹ ਕਹਿ ਕੇ ਮੁਆਫ ਕੀਤਾ ਕਿ 'ਤੁਹਾਡੇ ਵਿੱਚੋਂ ਜਿਹੜਾ ਨਿਰਦੋਸ਼ ਹੋਵੇ ਉਹ ਇਸ ਨੂੰ (ਔਰਤ ਨੂੰ) ਪੱਥਰ ਮਾਰੇ' ਪਰ ਕਿਸੇ ਨੇ ਵੀ ਨਾ ਮਾਰਿਆ ਅਤੇ ਈਸਾ ਨੇ ਔਰਤ ਨੂੰ ਅੱਗੇ ਤੋਂ ਗੁਨਾਹ ਕਰਨ ਤੋਂ ਗੁਰੇਜ਼ ਕਰਨ ਲਈ ਪ੍ਰੇਰਿਆ ਅਤੇ ਪਿਛਲੇ ਗੁਨਾਹ ਮੁਆਫ ਕਰ ਦਿੱਤੇ। ਇਸ ਤਰ੍ਹਾਂ ਈਸਾ ਨੇ ਫ਼ੁਰਮਾਇਆ ਕਿ ਮੈਂ ਪਿਤਾ (ਪਰਮੇਸ਼ਰ) ਵਿੱਚ ਅਤੇ ਪਿਤਾ ਮੇਰੇ ਵਿੱਚ ਹੈ। ਮੈਂ ਅਤੇ ਪਿਤਾ ਇੱਕੋ ਹਾਂ। ਸਾਰੇ ਇੱਕ ਦੂਜੇ ਨੂੰ ਪਿਆਰ ਕਰੋ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰੋ। ਇੰਜੀਲ (ਥਾਈਥਲ) ਅਨੁਸਾਰ ਈਸਾ ਚੌਥ ਦਾ ਪੁੱਤਰ ਹੈ। ਇਸ ਲਈ ਲੋਕਾਈ ਨੂੰ ਉਪਦੇਸ਼ ਦਿੱਤਾ ਕਿ ਉਹ ਉਸ ਦੇ ਪਿੱਛੇ ਲੱਗ ਹਨ ਕਿਉਂਕਿ ਉਹ ਆਪਣੀ ਮਰਜ਼ੀ ਵਿੱਚ ਨਹੀਂ ਸਗੋਂ ਪਿਤਾ ਪਰਮੇਸ਼ਰ ਦੀ ਮਰਜ਼ੀ ਵਿੱਚ ਚਲਦਾ ਹੈ।

ਈਸਾ ਮਸੀਹ ਦੀਆਂ ਸਿੱਖਿਆਵਾਂ ਦਇਆ, ਖਿਮਾ, ਅਤੇ ਪਿਆਰ ਦੇ ਸਿੱਧੇ-ਸਾਧੇ ਨੇਮਾਂ ਤੇ ਟਿਕੀਆਂ ਹੋਈਆਂ ਹਨ ਜੋ ਅੰਧ ਵਿਸ਼ਵਾਸ, ਫੋਕੇ ਕਰਮ ਕਾਂਡ ਅਤੇ ਕੱਟੜਵਾਦ ਦੇ ਬਿਲਕੁਲ ਉਲਟ ਹਨ। ਇਹ ਸੰਦੇਸ਼ ਯਹੂਦੀ ਅਹਿਦਨਾਮੇ (Testament) ਦੇ ਉਲਟ ਜਾਪਦਾ ਹੈ ਜਿਸ ਵਿੱਚ 'ਅੱਖ ਬਦਲੇ ਅੱਖ', 'ਦੰਦ ਬਦਲੇ ਦੰਦ', 'ਹੱਥ ਬਦਲੇ ਹੱਥ' ਅਤੇ 'ਪੈਰ ਬਦਲੇ ਪੈਰ' ਦਾ ਆਦੇਸ਼ ਦਿੱਤਾ ਗਿਆ ਹੈ। ਇਸ ਦੇ ਉਲਟ ਹਜ਼ਰਤ ਈਸਾ ਗੁਨਾਹਗਾਰ ਨੂੰ ਮੁਆਫ ਕਰਨ ਬਾਰੇ ਜ਼ੋਰ ਦਿੰਦੇ ਹਨ। ਭਾਵੇਂ ਯਹੂਦੀ ਅਤੇ ਮਸੀਹੀ ਸਿੱਖਿਆਵਾਂ ਵਿਰੋਧਾਭਾਸੀ ਲਗਦੀਆਂ ਹਨ ਪਰ ਇਹ ਮਨੁੱਖ ਨੂੰ ਗੁਨਾਹ ਕਰਨ ਤੋਂ ਰੋਕਣ ਲਈ ਹੀ ਹਨ।

ਇਸ ਤਰ੍ਹਾਂ ਯਹੂਦੀਅਤ ਦੋ ਹਿੱਸਿਆਂ ਵਿੱਚ ਵੰਡੀ ਗਈ : ਮਸੀਹਾ ਦੇ 'ਸ਼ਰਧਾਲੂ' ਅਤੇ ਮਸੀਹਾ ਦੇ 'ਵਿਰੋਧੀ'। ਵਿਰੋਧੀਆਂ ਨੇ ਈਸਾ ਵਿਰੁੱਧ 'ਧਰਮ-ਵਿਰੋਧੀ ਹੋਣ ਦੇ ਫਤਵੇ ਦੇਣੇ ਸ਼ੁਰੂ ਕੀਤੇ। ਉਸ ਨੂੰ ਸਮਕਾਲੀ ਰੋਮਨ ਰਾਜ ਦੇ ਖਿਲਾਫ ਵਿਦਰੋਹ ਕਰਨ ਦੇ ਤੌਰ 'ਤੇ ਪੇਸ਼ ਕਰਨਾ ਸ਼ੁਰੂ ਕੀਤਾ। ਈਸਾ ਵਲੋਂ 'ਮਸੀਹ' ਅਤੇ 'ਰੱਬ ਦੇ ਪੁੱਤਰ' ਦਾ ਦਾਅਵਾ ਕਰਨਾ ਯਹੂਦੀ ਮਾਨਤਾਵਾਂ ਦੇ ਖਿਲਾਫ ਮੰਨਿਆ ਗਿਆ।

(ਚਲਦਾ)

# ਕੈਨੇਡਾ ’ਚ ਪੰਜਾਬੀ ਨੌਜਵਾਨਾਂ ਦੀ ਮੌਤ ਦਾ ਸੱਚ

ਗੁਰਪ੍ਰੀਤ ਸਿੰਘ ਸਹੋਤਾ



ਕੈਨੇਡਾ ਵਿੱਚ ਬਹੁਤ ਸਾਰੇ ਨੌਜਵਾਨਾਂ ਦੀ ਅਚਾਨਕ ਮੌਤ ਹੋ ਰਹੀ ਹੈ। ਸਭ ਦੀ ਮੌਤ ਦੇ ਕਾਰਨ ਵੱਖੋ-ਵੱਖ ਹਨ ਪਰ ਕਿਹਾ ਇਹੋ ਜਾ ਰਿਹਾ ਕਿ ਅਚਾਨਕ ਦਿਲ ਦਾ ਦੌਰਾ ਪੈ ਗਿਆ ਜਾਂ ਦਿਲ ਬੰਦ ਹੋ ਗਿਆ। ਅਸਲ ਜਾਣਕਾਰੀ ਮੌਤ ਤੋਂ ਕੁਝ ਮਹੀਨੇ ਬਾਅਦ ਪੁਲਿਸ ਅਤੇ ਕੌਰਨਰ ਸਰਵਿਸ ਵਲੋਂ ਮ੍ਰਿਤਕ ਦੇ ਮਾਪਿਆਂ ਜਾਂ ਸਕੇ-ਸਬੰਧੀਆਂ ਨੂੰ ਦੇ ਦਿੱਤੀ ਜਾਂਦੀ ਹੈ, ਜੋ ਕਿ ਗੁਪਤ ਰਹਿੰਦੀ ਹੈ। ਜੇਕਰ ਬੀਤੇ ਦੋ ਸਾਲਾਂ ਦੌਰਾਨ ਇਸ ਤਰਾਂ ਮਾਰੇ ਗਏ ਸਾਰੇ ਨੌਜਾਵਨਾਂ ਦੀਆਂ ਆਟੋਪਸੀ ਰਿਪੋਰਟਾਂ, ਜਿਸਨੂੰ ਪੰਜਾਬ ’ਚ ਪੋਸਟ ਮਾਰਟਮ ਰਿਪੋਰਟ ਕਿਹਾ ਜਾਂਦਾ ਹੈ, ’ਤੇ ਖੋਜ ਕੀਤੀ ਜਾਵੇ ਜਾਂ ਮਾਪੇ ਖੁਦ ਆਣ ਕੇ ਦੱਸ ਦੇਣ ਤਾਂ ਸਾਰੀ ਗੱਲ ਸਪੱਸ਼ਟ ਹੋ ਸਕਦੀ ਹੈ ਪਰ ਅਜਿਹਾ ਹੋ ਨਹੀਂ ਰਿਹਾ।

ਕੁਝ ਕੇਸਾਂ ਵਿੱਚ ਲਾਸ਼ ਪਿੱਛੇ ਭੇਜਣ ਕਾਰਨ ਸ਼ਾਮਲ ਹੋਣਾ ਪਿਆ ਤੇ ਗੱਲਾਂ ਹੋਰ ਨਿਕਲੀਆਂ, ਜੋ ਕੋਈ ਵੀ ਬਾਹਰ ਨਹੀਂ ਕੱਢਦਾ। ਕਈਆਂ ਨੇ ਤਾਂ ਆਪ ਹੀ ਦੱਸ ਦਿੱਤਾ ਤੇ ਕਈਆਂ ਨੂੰ ਖੁਦ ਵੀ ਪਤਾ ਆਟੋਪਸੀ ਰਿਪੋਰਟ ਤੋਂ ਲੱਗਾ।

ਮ੍ਰਿਤਕਾਂ ਦੇ ਪਰਿਵਾਰਕ ਜੀਆਂ, ਡਾਕਟਰਾਂ, ਨਰਸਾਂ, ਨੌਜਵਾਨਾਂ ਦੇ ਹਾਣੀਆਂ ਨਾਲ ਹੁੰਦੀ ਗੱਲਬਾਤ ਤੋਂ ਜੋ ਕਾਰਨ ਸਾਹਮਣੇ ਆਏ, ਉਸ ਵਿੱਚ ਸਭ ਤੋਂ ਵੱਡੇ ਦੋ ਕਾਰਨ ਸਨ।

ਪਹਿਲਾ ਕਾਰਨ- ਹੈਰੋਇਨ, ਅਫੀਮ, ਭੰਗ ਦੀ ਓਵਰਡੋਜ਼ ਕਾਰਨ ਮੌਤ। ਮ੍ਰਿਤਕ ਨੇ ਇਹ ਨਸ਼ਾ ਆਪ ਕੀਤਾ ਜਾਂ ਨਾਲਦਿਆਂ ਦੇ ਕਹਿਣ ’ਤੇ ਕੀਤਾ, ਇਸ ਬਾਰੇ ਕੁਝ ਕਹਿਣਾ ਔਖਾ ਹੁੰਦਾ ਹੈ ਪਰ ਇਹ ਵੱਡਾ ਕਾਰਨ ਹੈ। ਹਰ ਮਹੀਨੇ ਦਰਜਨਾਂ ਨੌਜਵਾਨ ਮੁੰਡੇ ਅਤੇ ਕੁੜੀਆਂ ਨੂੰ ਸਰੀ ਹਸਪਤਾਲ ਵਾਲੇ ਬਚਾਉਂਦੇ ਹਨ, ਜੋ ਅਫੀਮ ਜਾਂ ਭੰਗ ਨਾਲ ਓਵਰਡੋਜ਼ ਹੋ ਕੇ ਪੁੱਜਦੇ ਹਨ। ਇਹ ਗੱਲਾਂ ਦੱਬੀਆਂ ਰਹਿ ਜਾਂਦੀਆਂ ਹਨ। ਕੋਈ ਵੀ ਕਰਕੇ ਮਾੜਾ ਨੀ ਬਣਨਾ ਚਾਹੁੰਦਾ ਪਰ ਜਦੋਂ ਇਹੀ ਡਾਕਟਰ-ਨਰਸਾਂ ਮੀਡੀਏ ਨੂੰ ਮਿਲਦੇ ਹਨ ਤਾਂ ਵਾਰ-ਵਾਰ ਕਹਿੰਦੇ ਹਨ ਕਿ ਨੌਜਵਾਨਾਂ ਨੂੰ ਜਾਗਰੂਕ ਕਰੋ, ਬਹੁਤ ਕੰਮ ਵਧ ਗਿਆ। ਜਿਸਨੇ ਪਹਿਲੀ ਵਾਰ ਅਜਿਹਾ ਨਸ਼ਾ ਕਰਨਾ ਹੁੰਦਾ, ਉਸਦੇ ਓਵਰਡੋਜ਼ ਦੇ ਚਾਂਸ ਬਹੁਤ ਜ਼ਿਆਦਾ ਹੁੰਦੇ। ਪਾਰਟੀ ਕਰਨ ਦੇ ਚੱਕਰ ਵਿੱਚ ਹੀ ਨੌਜਵਾਨ ਓਵਰਡੋਜ਼ ਹੋ ਰਹੇ ਹਨ।

ਮੇਰੇ ਵਰਗੇ ਅਨੇਕਾਂ ਮੀਡੀਆ ਵਾਲੇ ਸਾਰਾ ਸਾਲ ਹੋਕਾ ਦਿੰਦੇ ਰਹਿੰਦੇ ਹਨ ਕਿ ਨਸ਼ੇ ਨਾ ਕਰੋ, ਮਿਲਾਵਟ ਬਹੁਤ ਹੋ ਰਹੀ, ਫੈਂਟਾਨਿਲ ਨੇ ਕਈ ਮਾਰ ਦਿੱਤੇ ਪਰ ਕੋਈ ਨੀਂ ਸੁਣਦਾ। ਕਈਆਂ ਨੂੰ ਖਰਚੇ ਪੂਰੇ ਕਰਨ ਲਈ ਕੰਮ ਸਖਤ ਕਰਨਾ ਪੈਂਦਾ। ਸਖਤ ਕੰਮ ਲਈ ਸਰੀਰ ’ਚ ਜਾਨ ਪਾਉਣ ਵਾਸਤੇ ਨਸ਼ਿਆਂ ਦੀ ਵਰਤੋਂ ਕੀਤੀ ਜਾਂਦੀ ਤੇ ਫਿਰ ਪੱਕੇ ਲੱਗ ਜਾਂਦੇ। ਹਰੇਕ ਦਾ ਸਰੀਰ ਵੱਖੋ ਵੱਖਰਾ, ਕੋਈ ਥੋੜੇ ਜਿਹੇ ਨਸ਼ੇ ਨਾਲ ਵੀ ਓਵਰਡੋਜ਼ ਹੋ ਸਕਦਾ ਤੇ ਕੋਈ ਬਹੁਤ ਸਾਰਾ ਨਸ਼ਾ ਕਰਕੇ ਵੀ ਬਚਿਆ ਰਹਿ ਸਕਦਾ। ਪਤਾ ਸਭ ਨੂੰ ਹੈ ਕਿ ਆਲੇ-ਦੁਆਲੇ ਕੀ ਹੋ ਰਿਹਾ ਪਰ ਕੋਈ ਬੋਲਦਾ ਨਹੀਂ।

ਦੂਜਾ ਵੱਡਾ ਕਾਰਨ ਹੈ ਮਾਨਸਿਕ ਤਣਾਅ, ਜਿਸਦੇ ਚਲਦਿਆਂ ਨੌਜਵਾਨ ਨਸ਼ੇ ਕਰਦੇ ਹਨ ਜਾਂ ਖੁਦਕੁਸ਼ੀ। ਨਵੇਂ ਆਇਆਂ ਨੂੰ ਉਸ ਕੈਨੇਡਾ ਦੇ ਦਰਸ਼ਨ ਹੁੰਦੇ ਹਨ, ਜੋ ਪੰਜਾਬ ਨਾਲੋਂ ਵੀ ਭੈੜਾ। ਨਾ ਕੰਮ ਮਿਲਦਾ, ਨਾ ਵਰਕ ਪਰਮਿਟ। ਕੰਮ ਕਰਾ ਕੇ ਕਈ ਵਾਰ ਪੈਸੇ ਨਹੀਂ ਮਿਲਦੇ ਜਾਂ ਘੱਟ ਮਿਲਦੇ ਹਨ। ਰਹਿਣ ਦੀ ਟੈਂਸ਼ਨ, ਪੱਕੇ ਹੋਣ ਦੀ ਟੈਂਸ਼ਨ, ਪਿਛਲਿਆਂ ਦੀਆਂ ਆਸਾਂ ’ਤੇ ਪੂਰਾ ਉਤਰਨ ਦੀ ਟੈਂਸ਼ਨ, ਸੈੱਟ ਹੋਣ ਦੀ ਟੈਂਸ਼ਨ, ਹੋਰਾਂ ਵਰਗੇ ਬਣਨ ਦੀ ਟੈਂਸ਼ਨ। ਇਹ ਬਹੁਤ ਵੱਡੇ ਮਾਨਸਿਕ ਤਣਾਅ ’ਚੋਂ ਗੁਜ਼ਰਨ ਵਾਲੀ ਗੱਲ ਹੁੰਦੀ। ਹਰ ਨੌਜਵਾਨ ਦਾ ਸੁਭਾਅ ਤੇ ਜੰਮਣ-ਪਲਣ ਦਾ ਮਾਹੌਲ ਵੱਖੋ ਵੱਖਰਾ ਹੁੰਦਾ, ਅੱਗੇ ਸਾਥ ਕਿਹੋ ਜਿਹਾ ਮਿਲਿਆ, ਉਸ ’ਤੇ ਵੀ ਨਿਰਭਰ ਕਰਦਾ। ਬਹੁਤੇ ਇਸ ਨਰਕ ਨੂੰ ਹੰਢਾ ਕੇ ਸਫਲ ਹੋ ਜਾਂਦੇ, ਅੱਗ ਵਿਚ ਪੈ ਕੇ ਸੋਨਾ ਬਣ ਜਾਂਦੇ ਪਰ ਕਈ ਇਸ ਕਠਿਨ ਰਾਹ ’ਤੇ ਡੋਲ ਜਾਂਦੇ ਜਾਂ ਹਾਲਾਤ ਹੀ ਅਜਿਹੇ ਬਣ ਜਾਂਦੇ ਕਿ ਕੋਈ ਰਾਹ ਹੀ ਨਹੀਂ ਦਿਸਦਾ।

ਅਸਲੀ ਦਿਲ ਦਾ ਦੌਰਾ ਪੈਣਾ, ਕਰੋਨਾ ਟੀਕੇ ਵੀ ਕਾਰਨ ਹੋ ਸਕਦੇ ਹਨ ਪਰ ਉਪਰ ਦੋ ਬਿਆਨੇ ਕਾਰਨ ਮੁੱਖ ਹਨ, ਕੋਈ ਮੰਨੇ ਜਾਂ ਨਾ।

ਇਸਦੀ ਰੋਕਥਾਮ ਇਹੀ ਹੈ ਕਿ ਪੰਜਾਬੋਂ ਆ ਰਿਹਾ ਬੱਚਾ ਮਜ਼ਬੂਤ ਮਨ ਅਤੇ ਇਹ ਸਮਝ ਕੇ ਆਵੇ ਕਿ ਉੱਥੇ ਜਾ ਕੇ ਔਖ ਆਉਣੀ ਹੀ ਆਉਣੀ ਹੈ। ਘਰਦੇ ਵੀ ਆਸਾਂ ਘਟਾ ਕੇ ਰੱਖਣ। ਨਸ਼ੇ ਬਾਰੇ ਗਿਆਨ ਬਹੁਤ ਜ਼ਰੂਰੀ ਹੈ ਕਿ ਤੁਹਾਡੀ ਇੱਕ ਹੀ ਗਲਤੀ ਆਖਰੀ ਗਲਤੀ ਹੋ ਸਕਦੀ ਹੈ।

ਬਾਕੀ ਇਧਰਲੇ ਜੰਮਪਲ ਨੌਜਵਾਨ ਵੀ ਓਵਰਡੋਜ਼ ਨਾਲ ਬਹੁਤ ਮਰ ਰਹੇ ਹਨ ਪਰ ਉਸਦਾ ਰੌਲਾ ਨਹੀਂ ਪੈਂਦਾ। ਸਿਰਫ ਨਜ਼ਦੀਕੀਆਂ ਨੂੰ ਪਤਾ ਹੁੰਦਾ, ਪਰਿਵਾਰ ਵਾਲੇ ਮੀਡੀਏ ’ਚ ਗੱਲ ਨਹੀਂ ਲੈ ਕੇ ਆਉਂਦੇ ਤੇ ਪੰਜਾਬ ਵਾਲੇ ਹਰ ਇੱਕ ਦੀ ਗੱਲ ਮੀਡੀਏ ਵਿਚ ਆ ਜਾਂਦੀ।

ਹੋਰਾਂ ਦਾ ਪਤਾ ਨਹੀਂ, ਹਰ ਹਫਤੇ ਇੱਕ ਜਾਂ ਦੋ ਫੋਨ, ਜਾ ਖ਼ਬਰ ਜ਼ਰੂਰ ਸਾਹਮਣੇ ਆਉਂਦੀ ਹੈ ਕਿ ਮੁੰਡਾ ਪੂਰਾ ਹੋ ਗਿਆ, ਲਾਸ਼ ਪੰਜਾਬ ਭੇਜਣੀ, ਕੀ ਤਰੀਕਾ ਹੈ? ਜਾਂ ਭਾਈਚਾਰੇ ਤੋਂ ਮਦਦ ਹੀ ਕਰਵਾ ਦਿਓ। ਮਰਨ ਵਾਲੇ ਹਾਦਸੇ ’ਚ ਜਾਨ ਗਵਾਉਣ ਵਾਲੇ ਵੀ ਹੁੰਦੇ ਤੇ ਓਵਰਡੋਜ਼ ਵਾਲੇ ਵੀ। ਮਰਨ ਵਾਲਿਆਂ ਵਿਚ ਕੁੜੀਆਂ ਘੱਟ ਹੁੰਦੀਆਂ ਤੇ ਮੁੰਡੇ ਵੱਧ। ਅਜਿਹਾ ਹੋਰ ਪੱਤਰਕਾਰਾਂ ਨਾਲ ਵੀ ਹੁੰਦਾ ਹੋਵੇਗਾ। ਆਓ! ਸੱਚ ਦਾ ਸਾਹਮਣਾ ਕਰੀਏ ਤੇ ਫਿਰ ਓਸ ਨਾਲ ਜੂਝੀਏ। ਪਰਦੇ ਪਾ-ਪਾ ਗੱਲ ਕਿਸੇ ਸਿਰੇ ਨਹੀਂ ਲੱਗਣੀ। ਹਰੇਕ ਦੇ ਬੱਚੇ ਬਾਰੇ ਇਹ ਕਹਿਣਾ ਵੀ ਵਾਜਿਬ ਨਹੀਂ ਕਿ ਓਵਰਡੋਜ਼ ਨਾਲ ਮਰਿਆ, ਹੋਰ ਕਾਰਨ ਵੀ ਹੋ ਸਕਦੇ ਪਰ ਬਹੁਤਾਤ ਕਾਰਨ ਇਹੀ ਹੈ।

ਕਲਮਾਂ ਦੇ ਜਜ਼ਬਾਤ

# ਰਿਸ਼ਤਿਆਂ ਦੀ ਅਹਿਮੀਅਤ



ਜਗਮੀਤ ਸਿੰਘ ਬਰੜਵਾਲ
ਮੋ. 96536-39891

ਜਿੰਦਗੀ ਦੀ ਭੱਜ ਦੌੜ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਅਤੇ ਉਨ੍ਹਾਂ ਵਿਚਲਾ ਪਿਆਰ ਅਜੋਕੇ ਸਮੇਂ ਦੌਰਾਨ ਫਿੱਕਾ ਜਾਪਦਾ ਹੈ ਰਿਸ਼ਤੇ ਜਿਸ ਵਿੱਚ ਪਿਆਰ, ਮੁਹੱਬਤ ਅਤੇ ਦਿਲਾਂ ਦੀ ਸਾਂਝ ਹੁੰਦੀ ਹੈ ਇਹ ਬਿਨਾਂ ਕਿਸੇ ਲੋੜ, ਮਤਲਬ ਤੋਂ ਬੇਝਿੱਜਕ ਨਿਭਾਏ ਜਾਂਦੇ ਹਨ। ਰਿਸ਼ਤਿਆਂ ਵਿੱਚ ਕਿਸੇ ਪ੍ਰਕਾਰ ਦਾ ਲਾਲਚ ਜਾਂ ਮਤਲਬ ਕਿਸੇ ਵੀ ਰਿਸ਼ਤੇ ਦੀ ਲੰਬੀ ਨੀਂਹ ਨਹੀ ਰੱਖ ਸਕਦਾ, ਕਿਉਂਕਿ ਅਜਿਹਾ ਰਿਸ਼ਤਾ ਜੋੜਨਾ ਪਾਣੀ ਦੇ ਬੁਲਬਲੇ ਦੀ ਤਰ੍ਹਾਂ ਹੁੰਦਾ ਹੈ ਜਿਸਦੀ ਟੁੱਟਣ ਜਾਂ ਫੁੱਟਣ ਦੀ ਬਹੁਤੀ ਜਿਆਦਾ ਮਿਆਦ ਨਹੀ ਹੁੰਦੀ ਜਦੋਂ ਲੋੜ ਜਾਂ ਮਤਲਬ ਖਤਮ ਸਮਝੋ ਰਿਸ਼ਤਾ ਖਤਮ।

ਅੱਜ ਦੀ ਇਸ ਮੋਹ ਮਾਇਆ ਭਿੱਜੀ ਦੁਨੀਆਂ ਵਿੱਚ ਪਿਆਰ, ਰਿਸ਼ਤੇ-ਨਾਤੇ ਸਭ ਲੋੜ ਅਤੇ ਮਤਲਬ ਤੱਕ ਹੀ ਸੀਮਿਤ ਹੋ ਗਏ ਹਨ ਅੱਜ ਹਰ ਕੋਈ ਦੋਸਤ, ਮਿੱਤਰ ਜਾਂ ਫਿਰ ਆਪਣੇ ਸਕੇ ਭੈਣ-ਭਰਾ, ਧੀਆਂ-ਨੂੰਹਾਂ, ਪੁੱਤਰ ਸਭ ਪੈਸੇ ਤੱਕ ਹੀ ਨਿਰਭਰ ਹੋਕੇ ਰਿਸ਼ਤਿਆਂ ਨੂੰ ਲੋੜ ਮੁਤਾਬਿਕ ਨਿਭਾਉਂਦੇ ਹਨ। ਇਸ ਤਰ੍ਹਾਂ ਸਾਡੇ ਸਮਾਜ ਵਿੱਚ ਤਰੱਕੀ ਦੀ ਇਸ ਦੌੜ ਵਿੱਚ ਹਰ ਇੱਕ ਵਿਅਕਤੀ ਪੈਸੇ ਪਿੱਛੇ ਅੰਨ੍ਹਾ ਹੋਇਆ ਸਭ ਰਿਸ਼ਤਿਆਂ ਨੂੰ ਪਿੱਛੇ ਛੱਡ ਕੇ ਇਸ ਪੈਸੇ ਦੀ ਮੋਹ ਮਾਇਆ ਵਿੱਚ ਫਸ ਕੇ ਆਪਣੇ ਜਿੰਦਗੀ ਦੇ ਅਸਲੀ ਰਿਸ਼ਤਿਆਂ ਨੂੰ ਭੁੱਲਦਾ ਜਾ ਰਿਹਾ ਹੈ। ਇੱਕ ਦਿਨ ਅਜਿਹਾ ਵੀ ਆਉਂਦਾ ਹੈ ਕਿ ਉਹ ਅੱਧ ਵਿਚਕਾਰ ਫਸਕੇ ਰਹਿ ਜਾਂਦਾ ਹੈ ਜਿਸ ਵਿੱਚ ਉਸਨੂੰ ਜਨਮ ਦੇਣ ਵਾਲੀ ਮਾਂ ਅਤੇ ਉਸਦੀ ਘਰਵਾਲੀ ਚੱਕੀ ਦੇ ਦੋ ਧੁੜ ਜਾਪਦੇ ਹਨ ਕਿ ਉਹ ਹਰ ਰੋਜ ਉਨ੍ਹਾਂ ਵਿਚਕਾਰ ਪਿਸ ਰਿਹਾ ਹੋਵੇ। ਉਸ ਸਮੇਂ ਉਸਨੂੰ ਜਾਪਦਾ ਹੈ ਕਿ ਉਹ ਦੋ ਹਿੱਸਿਆਂ ਵਿੱਚ ਵੰਡਕੇ ਰਹਿ ਗਿਆ ਹੋਵੇ। ਇਸ ਲਈ ਸਭ ਤੋਂ ਅਹਿਮ ਅਤੇ ਵਿਸ਼ੇਸ ਗੱਲ ਕਿ ਸਾਨੂੰ ਹਰ ਇੱਕ ਰਿਸ਼ਤੇ ਨੂੰ ਚੰਗੀ ਤਰ੍ਹਾਂ ਨਿਭਾਉਣਾ ਚਾਹੀਦਾ ਹੈ। ਜਦੋਂ ਜਿਸ ਜਗ੍ਹਾ ਲੋੜ ਹੋਵੇ ਉੱਸੇ ਸਮੇਂ ਮੁਤਾਬਿਕ ਖੜ੍ਹਨਾ ਚਾਹੀਦਾ ਹੈ, ਉਹ ਭਾਵੇਂ ਮਾਂ ਹੋਵੇ ਜਾਂ ਘਰਵਾਲੀ। ਸਮੇਂ ਮੁਤਾਬਿਕ ਆਪਣੇ ਨੂੰਹਾਂ-ਪੁੱਤਰਾਂ ਨੂੰ ਘਰ ਦੀਆਂ ਸਭ ਜਿੰਮੇਵਾਰੀਆਂ ਸੰਭਾਲ ਕੇ ਆਪ ਕਿਸੇ ਨਾ ਕਿਸੇ ਕੰਮ ਵਿੱਚ ਲੋੜ ਪੈਣ ਸਮੇਂ ਸਲਾਹ ਦਿੰਦੇ ਰਹਿਣਾ ਚਾਹੀਦਾ ਹੈ। ਕਈ ਵਾਰ ਅਜਿਹਾ ਨਹੀਂ ਹੁੰਦਾ, ਉਹ ਸਮਝਦੇ ਹਨ ਕਿ ਸਾਡੇ ਜਿਉਂਦੇ ਜੀਅ ਕੋਈ ਹੋਰ ਸਾਡੇ ਉੱਪਰ ਰੋਹਬ ਜਾਂ ਹੁਕਮ ਨਾ ਚਲਾਵੇ, ਸਗੋਂ ਉਹ ਆਪ ਉਨ੍ਹਾਂ ਉੱਤੇ ਰੋਅਬ ਰੱਖਦੇ ਹਨ। ਪਰ ਰੋਅਬ ਰਾਹ ਸਿਰ ਦਾ ਹੀ ਚੰਗਾ ਲੱਗਦਾ ਹੈ। ਜਿਸ ਕਾਰਨ ਘਰ ਪਰਿਵਾਰ ਵਿੱਚ ਰਿਸ਼ਤਿਆਂ ਵਿੱਚ ਖਟਾਸ ਵੱਧਣ ਲੱਗ ਜਾਂਦੀ ਹੈ। ਅਤੇ ਇਸ ਤਰ੍ਹਾਂ ਵਿਅਕਤੀ ਜਦੋਂ ਇਸ ਰਿਸ਼ਤਿਆਂ ਦਾ ਤਾਣਾ-ਬਾਣਾ ਉਲਝਾ ਲੈਂਦਾ ਹੈ ਅਤੇ ਉਹ ਆਪਣੇ ਆਖਰੀ ਸਮੇਂ ਜਾਂ ਬਿਰਧ ਅਵਸਥਾ ਵਿੱਚ ਪਹੁੰਚ ਜਾਂਦਾ ਹੈ। ਬੁੱਢਾ ਹੋਇਆ ਵਿਅਕਤੀ ਫਿਰ ਰਿਸ਼ਤਿਆਂ ਦੀ ਇਸ ਦੋੜ ਵਿੱਚ ਪਿੱਛੇ ਰਹਿ ਜਾਂਦਾ ਹੈ ਜਿਸ ਸਮੇਂ ਉਹ ਹਰ ਇੱਕ ਕੰਮ ਵਿੱਚ ਜਿਵੇਂ ਨੂੰਹ-ਪੁੱਤ ਦੇ ਕੱਪੜੇ ਪਾਉਣ ਤੇ ਖਾਣ-ਪੀਣ ਵਿੱਚ ਖਾਹ-ਮਖਾਹ ਦਖਲ ਦਿੰਦਾ ਰਹਿੰਦਾ ਹੈ। ਜਿਸ ਕਾਰਨ ਉਸ ਲਈ ਨੂੰਹ ਦਾ ਵਰਤਾਰਾ ਜਾਂ ਖਿਆਲ ਕੁੱਝ ਚੰਗਾ ਨਹੀਂ ਹੁੰਦਾ। ਇਥੇ ਹੀ ਬਸ ਨਹੀਂ ਸੱਸ ਨੂੰਹ ਦੀ ਲੜਾਈ ਵਿੱਚ ਬੁੱਢਾ ਅਤੇ ਉਸਦਾ ਪੁੱਤਰ ਦੋਵੇਂ ਆਪਣੇ ਆਪ ਨੂੰ ਫੱਸਿਆ ਹੋਇਆ ਮਹਿਸੂਸ ਕਰਦੇ ਹਨ। ਇੱਥੋਂ ਤੱਕ ਕਿ ਆਪਣੇ ਢਿੱਡੋ ਜੰਮੇ ਪੁੱਤ ਨੂੰ ਵੀ ਮਾਂ ਆਖਦੀ ਹੈ ਕਿ ਉਹ ਹੁਣ ਆਪਣੀ ਤੀਂਵੀ ਦੇ ਪਿੱਛੇ ਲੱਗ ਮੈਨੂੰ ਭੁੱਲ ਗਿਆ ਹੈ ਅਤੇ ਉਸ ਸਮੇਂ ਮਾਂ ਦੇ ਵਿਚਾਰ ਅਤੇ ਖਿਆਲ ਆਪਣੇ ਪੁੱਤ ਪ੍ਰਤੀ ਕੁੱਝ ਚੰਗਾ ਨਹੀਂ ਹੁੰਦਾ। ਜਦੋਂ ਦੋ ਜਣੀਆਂ ਇਕੱਠੀਆਂ ਹੋ ਕੇ ਬੁੱਢੀਆਂ ਗੱਲਾਂ ਕਰਦੀਆਂ ਹਨ, ਇੱਕ ਪੁੱਛਦੀ ਹੈ ਸੁਣਾ ਭੈਣੇ ਪੁੱਤ ਦਾ ਹਾਲ਼..? ਅੱਗੋਂ ਉੱਤਰ ਹੁੰਦਾ ਹੈ...ਪੁੱਤ ਹੁਣ ਮੇਰਾ ਨਹੀਂ, ਹੁਣ ਪੁੱਤ ਬਹੂ ਦਾ ਹੈ, ਇਸੇ ਤਰ੍ਹਾਂ ਕੁਝ ਡੋਲੀ ਉਤਰਦੀ ਨੂੰ ਪੜ੍ਹਾ ਦਿੰਦੀਆਂ ਹਨ :-

ਨਿਕਲ ਸੱਸੜੀਏ ਘਰ ਮੇਰਾ
ਤੇਰਾ ਰੂੜੀ ਉੱਤੇ ਡੇਰਾ
ਨੀ ਤੂੰ ਵਣਜ ਲਿਆ ਬਥੇਰਾ।

ਇਸ ਪ੍ਰਕਾਰ ਜੇਕਰ ਹਰ ਇੱਕ ਰਿਸ਼ਤੇ ਨੂੰ ਸਮੇਂ ਸਿਰ ਸਹੀ ਪਿਆਰ ਨਾਂ ਦਿੱਤਾ ਗਿਆ ਅਤੇ ਸਮੇਂ ਸਿਰ ਰਿਸ਼ਤਿਆਂ ਨੂੰ ਸਮਝਕੇ ਸੰਭਾਲਿਆ ਨਾ ਗਿਆ ਤਾਂ ਇਨ੍ਹਾਂ ਵਿੱਚ ਫਿੱਕਾਪਣ ਪੈਦਾ ਹੋ ਜਾਂਦਾ ਹੈ ਅਤੇ ਇਹ ਰਿਸ਼ਤੇ ਜੋ ਕਿ ਸਿਰਫ ਨਾਮ ਦੇ ਹੀ ਰਿਸ਼ਤੇ ਬਣਕੇ ਰਹਿ ਜਾਂਦੇ ਹਨ, ਜਿਸਦਾ ਹੋਣਾ ਜਾਂ ਨਾ ਹੋਣਾ ਕੋਈ ਮਾਇਨੇ ਨਹੀਂ ਰੱਖਦਾ। ਅੱਜ ਦੀ ਇਸ ਮੋਹ ਮਾਇਆ ਭਰੀ ਦੁਨੀਆਂ ਵਿੱਚ ਹਰ ਕੋਈ ਲੋੜ ਮੁਤਾਬਿਕ ਹੀ ਰਿਸ਼ਤੇ ਨਿਭਾਉਂਦਾ ਹੋਇਆ ਨਜ਼ਰ ਆਉਂਦਾ ਹੈ। ਜਦੋਂ ਲੋੜ ਖਤਮ, ਸਮਝੋ ਰਿਸ਼ਤਾ ਖਤਮ, ਹਰ ਰਿਸ਼ਤਾ ਜੋ ਕਿ ਇੱਕ ਵਾਰ ਹੀ ਜਿੰਦਗੀ ਵਿੱਚ ਜੁੜਦਾ ਹੈ, ਉਹ ਭਾਣੇ ਮਾਂ-ਪਿਉ ਦਾ ਰਿਸ਼ਤਾ ਹੋਵੇ ਜਾਂ ਫਿਰ ਭੈਣ-ਭਰਾਵਾਂ ਦਾ ਅਤੇ ਸਾਨੂੰ ਇਹ ਵੱਡਮੁਲਾ ਜੀਵਨ ਵੀ ਇੱਕ ਵਾਰ ਹੀ ਮਿਲਦਾ ਹੈ। ਪੁਰਾਣੇ ਸਮਿਆਂ ਦੇ ਮੁਕਾਬਲੇ ਅੱਜ-ਕੱਲ੍ਹ ਰਿਸ਼ਤੇ ਜੋ ਕਿ ਇੱਕ ਡੰਗ ਟਪਾਉ ਤੱਕ ਹੀ ਸੀਮਿਤ ਹੋ ਕੇ ਰਹਿ ਗਏ ਹਨ, ਇਕ ਸਮਾਂ ਹੁੰਦਾ ਸੀ ਜਦੋਂ ਚਾਚੇ-ਤਾਏ ਸਕੇ ਪਿਉ ਵਾਂਗ ਆਪਣੇ ਰਿਸ਼ਤੇ ਨਿਭਾਉਂਦੇ ਨਜ਼ਰ ਆਉਂਦੇ ਸੀ ਅਤੇ ਕਦੇ ਵੀ ਕਿਸੇ ਨੂੰ ਪਿਉ ਦੀ ਘਾਟ ਮਹਿਸੂਸ ਨਹੀਂ ਸੀ ਹੋਣ ਦਿੰਦੇ। ਪਰ ਅੱਜ ਕੱਲ੍ਹ ਜਮਾਨਾ ਕੁੱਝ ਹੋਰ ਹੈ, ਜਿਥੇ ਕਿ ਅੱਜ ਸ਼ਰੀਕ ਸ਼ਬਦ ਆਮ ਲੜਾਈ ਝਗੜੇ ਵਿੱਚ ਆਪਣੇ ਦੁਸ਼ਮਣਾਂ ਲਈ ਵਰਤਿਆ ਜਾਣ ਲੱਗ ਪਿਆ ਜਦੋਂ ਕਿ ਇਹ ਕੋਈ ਹੋਰ ਨਹੀਂ ਸਕੇ ਚਾਚੇ-ਤਾਏ ਹੀ ਹੁੰਦੇ ਹਨ ਜਿਸ ਕਾਰਨ ਪੈਸੇ ਦੀ ਇਸ ਭੱਜ ਦੌੜ ਵਿੱਚ ਸਭ ਰਿਸ਼ਤੇ ਉੱਲਝਕੇ ਬਿਖਰ ਗਏ ਹਨ। ਇਸੇ ਲਈ ਅੱਜ ਰਿਸ਼ਤਿਆਂ ਦੀ ਇਸ ਭੱਜ-ਦੌੜ ਵਿੱਚ ਹਰ ਦੂਜਾ-ਤੀਜਾ ਵਿਅਕਤੀ ਕਹਿੰਦਾ ਜਾਪਦਾ ਹੈ।

ਸਰਵਣ ਪੁੱਤ ਨਾ ਕਿਸੇ ਨੇ ਬਣ ਜਾਣਾ, ਘਰ-ਘਰ ਪੁੱਤ ਜੰਮਦੇ। ਸੋ ਇਸ ਤਰਾਂ ਅੱਜ ਸਮੇਂ ਦੀ ਲੋੜ ਹੈ ਕਿ ਜੇਕਰ ਅਸੀ ਆਪਣੇ ਹਸਦੇ-ਵਸਦੇ ਪੰਜਾਬੀ ਸਭਿਆਚਾਰ ਅਤੇ ਪੰਜਾਬੀਅਤ ਨੂੰ ਕਾਇਮ ਰੱਖਣਾ ਹੈ ਤਾਂ ਸਾਨੂੰ ਸਾਡੇ ਸਮਾਜ ਵਿੱਚ ਸਾਡੇ ਆਪਣੇ ਇਨ੍ਹਾਂ ਰਿਸ਼ਤਿਆਂ ਵਿੱਚ ਮਿਠਾਸ ਭਰਨੀ ਹੋਵੇਗੀ ਅਤੇ ਹਰ ਇੱਕ ਰਿਸ਼ਤੇ ਦੀ ਸਮੇਂ ਅਤੇ ਲੋੜ ਤੋਂ ਵਧਕੇ ਸਤਿਕਾਰ ਕਰਨਾ ਹੋਵੇਗਾ ਫਿਰ ਹੀ ਇੱਕ ਚੰਗੇ ਪਰਿਵਾਰ ਅਤੇ ਖੁਸ਼ਹਾਲ ਜੀਵਨ ਦੀ ਸਿਰਜਣਾ ਕਰ ਸਕਦੇ ਹਾਂ। ਕਿਉਂਕਿ ਜੇਕਰ ਰਿਸ਼ਤਿਆਂ ਵਿੱਚ ਹੀ ਖਟਾਸ ਮੌਜੂਦ ਰਹੀ ਤਾਂ ਕਦੇ ਵੀ ਇੱਕ ਚੰਗੇ ਸਮਾਜ ਅਤੇ ਇੱਕ ਖੁਸ਼ਹਾਲ ਜੀਵਨ ਦੀ ਸਿਰਜਣਾ ਨਹੀਂ ਹੋ ਸਕਦੀ। ਇਸ ਲਈ ਸਾਨੂੰ ਹਰ ਇੱਕ ਰਿਸ਼ਤੇ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਉਸ ਸਮੇਂ ਸਾਡੇ ਮਨ ਵਿੱਚ ਕਿਸੇ ਪ੍ਰਕਾਰ ਦਾ ਲੋਭ, ਲਾਲਚ, ਅਮੀਰੀ-ਗਰੀਬੀ ਵਰਗੇ ਭੈੜੇ ਵਿਚਾਰ ਤਿਆਗ ਕੇ ਇਨਸਾਨੀਅਤ ਨੂੰ ਅੱਗੇ ਰੱਖਕੇ ਪਿਆਰ ਦਾ ਸੁਨੇਹਾ ਦੇਣਾ ਚਾਹੀਦਾ ਹੈ ਕਿਉਂਕਿ ਜੇਕਰ ਅਸੀਂ ਪਿਆਰ ਵੰਡਾਂਗੇ ਤਾਂ ਪਿਆਰ ਹੀ ਮਿਲੇਗਾ ਅਤੇ ਸੱਚੇ ਰਿਸ਼ਤੇ ਕਿਸੇ ਲੋਭ-ਲਾਲਚ, ਮਤਲਬ ਅਤੇ ਪੈਸੇ ਦੇ ਮੁਹਤਾਜ ਨਹੀਂ ਹੁੰਦੇ।

ਜਦੋਂ ਜਿਸ ਜਗ੍ਹਾ ਲੋੜ ਹੋਵੇ ਉੱਸੇ ਸਮੇਂ ਮੁਤਾਬਿਕ ਖੜ੍ਹਨਾ ਚਾਹੀਦਾ ਹੈ, ਉਹ ਭਾਵੇਂ ਮਾਂ ਹੋਵੇ ਜਾਂ ਘਰਵਾਲੀ। ਸਮੇਂ ਮੁਤਾਬਿਕ ਆਪਣੇ ਨੂੰਹਾਂ-ਪੁੱਤਰਾਂ ਨੂੰ ਘਰ ਦੀਆਂ ਸਭ ਜਿੰਮੇਵਾਰੀਆਂ ਸੰਭਾਲ ਕੇ ਆਪ ਕਿਸੇ ਨਾ ਕਿਸੇ ਕੰਮ ਵਿੱਚ ਲੋੜ ਪੈਣ ਸਮੇਂ ਸਲਾਹ ਦਿੰਦੇ ਰਹਿਣਾ ਚਾਹੀਦਾ ਹੈ। ਕਈ ਵਾਰ ਅਜਿਹਾ ਨਹੀਂ ਹੁੰਦਾ, ਉਹ ਸਮਝਦੇ ਹਨ ਕਿ ਸਾਡੇ ਜਿਉਂਦੇ ਜੀਅ ਕੋਈ ਹੋਰ ਸਾਡੇ ਉੱਪਰ ਰੋਹਬ ਜਾਂ ਹੁਕਮ ਨਾ ਚਲਾਵੇ, ਸਗੋਂ ਉਹ ਆਪ ਉਨ੍ਹਾਂ ਉੱਤੇ ਰੋਅਬ ਰੱਖਦੇ ਹਨ। ਪਰ ਰੋਅਬ ਰਾਹ ਸਿਰ ਦਾ ਹੀ ਚੰਗਾ ਲੱਗਦਾ ਹੈ। ਜਿਸ ਕਾਰਨ ਘਰ ਪਰਿਵਾਰ ਵਿੱਚ ਰਿਸ਼ਤਿਆਂ ਵਿੱਚ ਖਟਾਸ ਵੱਧਣ ਲੱਗ ਜਾਂਦੀ ਹੈ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035






ਤਸਲੀਮਾ ਨਸਰੀਨ



# ਭਾਰਤ ਵਿਚ ਔਰਤਾਂ ਉਪਰ ਜ਼ੁਲਮ ਦਾ ਆਧਾਰ ਜ਼ਹਿਰੀਲੀ ਮਰਦਾਨਗੀ ਤੇ ਪਿੱਤਰ ਸੱਤਾ ਵਾਲਾ ਸਮਾਜ

ਪ੍ਰੇਮਿਕਾਵਾਂ, ਲਿਵ ਇਨ ਰਿਲੇਸ਼ਨ 'ਚ ਰਹਿਣ ਵਾਲੀਆਂ ਕੁੜੀਆਂ ਅਤੇ ਵਿਆਹੁਤਾ ਔਰਤਾਂ ਦੀਆਂ ਬੇਰਹਿਮੀ ਨਾਲ ਹੱਤਿਆਵਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਇਸ ਤਰ੍ਹਾਂ ਦੀਆਂ ਘਟਨਾਵਾਂ ਉਦੋਂ ਤੋਂ ਕੁਝ ਜ਼ਿਆਦਾ ਹੀ ਚਰਚਾ 'ਚ ਹਨ, ਜਦੋਂ ਤੋਂ ਆਫ਼ਤਾਬ ਪੂਨਾਵਾਲਾ ਨਾਂ ਦੇ ਇਕ ਸ਼ਖ਼ਸ ਨੇ ਆਪਣੀ ਪ੍ਰੇਮਿਕਾ ਸ਼ਰਧਾ ਵਾਲਕਰ ਦੀ ਹੱਤਿਆ ਕਰਨ ਤੋਂ ਬਾਅਦ ਉਸ ਦੀ ਲਾਸ਼ ਦੇ 32 ਟੁਕੜੇ ਕਰ ਦਿੱਤੇ। ਆਫ਼ਤਾਬ ਅਤੇ ਸ਼ਰਧਾ ਦੋਵੇਂ ਮੁੰਬਈ ਛੱਡ ਕੇ ਦਿੱਲੀ 'ਚ ਰਹਿ ਰਹੇ ਸਨ। ਦੋਵਾਂ 'ਚ ਅਕਸਰ ਝਗੜਾ ਹੁੰਦਾ ਸੀ। ਕਿਹਾ ਜਾ ਰਿਹਾ ਹੈ ਕਿ ਆਫ਼ਤਾਬ ਦੇ ਦੂਜੀਆਂ ਕੁੜੀਆਂ ਨਾਲ ਸਰੀਰਕ ਸਬੰਧ ਸਨ। ਸ਼ਰਧਾ ਆਫ਼ਤਾਬ 'ਤੇ ਵਿਆਹ ਲਈ ਦਬਾਅ ਬਣਾਉਂਦੀ ਸੀ। ਆਫ਼ਤਾਬ ਨੇ ਪੁਲਿਸ ਨੂੰ ਦੱਸਿਆ ਕਿ ਉਹ ਇਸ ਦਬਾਅ ਨੂੰ ਸਹਿਣ ਨਹੀਂ ਕਰ ਸਕਿਆ। ਇਕ ਦਿਨ ਉਸ ਦਾ ਗੁੱਸਾ ਇਸ ਕਦਰ ਵਧ ਗਿਆ ਕਿ ਉਸ ਨੇ ਸ਼ਰਧਾ ਦੀ ਗਲ਼ ਵੱਢ ਕੇ ਹੱਤਿਆ ਕਰ ਦਿੱਤੀ। ਆਫ਼ਤਾਬ ਨੇ ਇਹ ਵੀ ਕਿਹਾ ਕਿ ਉਸ ਨੇ ਕ੍ਰਾਈਮ ਸੀਰੀਜ਼ 'ਡੈਕਸਟਰ' ਦੇਖ ਕੇ ਸਿੱਖਿਆ ਕਿ ਕਿਵੇਂ ਹੱਤਿਆ ਕਰ ਕੇ ਸਬੂਤ ਨੂੰ ਮਿਟਾਇਆ ਜਾਂਦਾ ਹੈ।

ਆਫ਼ਤਾਬ ਦੇ ਇਸ ਕਰੂਰ ਕਾਰਨਾਮੇ ਬਾਰੇ ਸੁਣ ਕੇ ਦੇਹਰਾਦੂਨ ਦੇ ਰਾਜੇਸ਼ ਗੁਲਾਟੀ ਦੀ ਯਾਦ ਆ ਗਈ। ਅਮਰੀਕਾ ਤੋਂ ਪਰਤੇ ਇੰਜੀਨੀਅਰ ਰਾਜੇਸ਼ ਨੇ ਪਤਨੀ ਅਨੁਪਮਾ ਦੀ ਹੱਤਿਆ ਇਸੇ ਤਰ੍ਹਾਂ ਹੀ ਕਰ ਦਿੱਤੀ ਸੀ। ਅਨੁਪਮਾ ਦੇ ਪਰਿਵਾਰ ਤੋਂ ਮੰਗ ਅਨੁਸਾਰ ਦਾਜ ਨਾ ਮਿਲਣ 'ਤੇ ਉਹ ਨਾਰਾਜ਼ ਸੀ। ਜਿਉਂ ਹੀ ਮੈਂ ਇਨ੍ਹਾਂ ਦੋਵਾਂ ਹੱਤਿਆਵਾਂ 'ਚ ਸਮਾਨਤਾ ਵੱਲ ਇਸ਼ਾਰਾ ਕੀਤਾ, ਅਣਗਿਣਤ ਲੋਕ ਮੇਰੇ 'ਤੇ ਟੁੱਟ ਪਏ। ਉਨ੍ਹਾਂ ਅਨੁਸਾਰ ਮੁਸਲਿਮ ਆਫ਼ਤਾਬ ਨੇ ਆਪਣੇ ਧਰਮਗ੍ਰੰਥਾਂ ਤੋਂ ਪ੍ਰੇਰਿਤ ਹੋ ਕੇ ਇਕ ਗ਼ੈਰ-ਮੁਸਲਿਮ ਕੁੜੀ ਨੂੰ ਪ੍ਰੇਮ ਦੇ ਜਾਲ 'ਚ ਫਸਾਇਆ ਤੇ ਫਿਰ ਉਸ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ।

ਦੂਜੇ ਪਾਸੇ ਜ਼ਿਆਦਾਤਰ ਮੁਸਲਮਾਨ ਆਫ਼ਤਾਬ ਨੂੰ ਮੁਸਲਮਾਨ ਰੂਪ 'ਚ ਸਵੀਕਾਰ ਨਹੀਂ ਸੀ ਕਰਨਾ ਚਾਹੁੰਦੇ ਕਿਉਂਕਿ ਉਹ ਸ਼ਰਾਬ ਪੀਂਦਾ ਸੀ, ਗ਼ੈਰ-ਮੁਸਲਿਮ ਕੁੜੀਆਂ ਨਾਲ ਸਰੀਰਕ ਸਬੰਧ ਬਣਾਉਂਦਾ ਸੀ, ਸਮਲਿੰਗੀ ਸਬੰਧਾਂ ਦਾ ਸਮਰਥਨ ਕਰਦਾ ਸੀ ਅਤੇ ਨਮਾਜ਼ ਨਹੀਂ ਪੜ੍ਹਦਾ ਸੀ। ਆਮ ਤੌਰ 'ਤੇ ਕੱਟੜ ਹਿੰਦੂਤਵਵਾਦੀ ਮੁਸਲਿਮ ਨੌਜਵਾਨਾਂ 'ਤੇ ਲਵ ਜਿਹਾਦ ਦਾ ਦੋਸ਼ ਲਾਉਂਦੇ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਮੁਸਲਿਮ ਨੌਜਵਾਨ ਗ਼ੈਰ-ਮੁਸਲਿਮ ਕੁੜੀਆਂ ਨਾਲ ਰੋਮਾਂਸ ਕਰਦੇ ਹਨ ਅਤੇ ਉਨ੍ਹਾਂ ਦੀ ਧਰਮ ਤਬਦੀਲੀ ਕਰਵਾ ਕੇ ਉਨ੍ਹਾਂ ਨਾਲ ਵਿਆਹ ਕਰ ਲੈਂਦੇ ਹਨ। ਇਹ ਅਸਲ 'ਚ ਧਰਮ ਤਬਦੀਲੀ ਦਾ ਜਿਹਾਦ ਹੈ।

ਜਦੋਂ ਵੀ ਕਿਸੇ ਸਮਾਜਿਕ ਸਮੱਸਿਆ ਨੂੰ ਰਾਜਨੀਤੀ ਦਾ ਔਜ਼ਾਰ ਬਣਾ ਦਿੱਤਾ ਜਾਂਦਾ ਹੈ ਤਾਂ ਬਹੁਤ ਕੌੜੇ ਸੱਚ ਨੂੰ ਜਲਦਬਾਜ਼ੀ 'ਚ ਕਾਲੀਨ ਥੱਲੇ ਦਬਾ ਦਿੱਤਾ ਜਾਂਦਾ ਹੈ। ਹਾਲੇ ਕੁਝ ਦਿਨ ਪਹਿਲਾਂ ਮੱਧ ਪ੍ਰਦੇਸ਼ ਦੇ ਜਬਲਪੁਰ 'ਚ ਇਕ ਹੋਟਲ 'ਚ ਅਭਿਜੀਤ ਪਾਟੀਦਾਰ ਨਾਂ ਦੇ ਇਕ ਵਿਅਕਤੀ ਨੇ ਆਪਣੀ ਪ੍ਰੇਮਿਕਾ ਨੂੰ ਉਸ ਦੇ ਵਪਾਰਕ ਮਿੱਤਰ ਨਾਲ ਨਾਜਾਇਜ਼ ਸਬੰਧ ਹੋਣ ਦਾ ਦੋਸ਼ ਲਾ ਕੇ ਉਸ ਦੀ ਹੱਤਿਆ ਕਰ ਦਿੱਤੀ। ਪਿਛਲੇ ਮਹੀਨੇ ਦਿੱਲੀ ਦੇ ਇਕ ਅਧਿਆਪਕ ਸੰਜੈ ਪੰਡਿਤਾ ਨੇ ਆਪਣੀ ਨੌਂ ਸਾਲ ਦੀ ਧੀ ਦੇ ਸਾਹਮਣੇ ਪਤਨੀ ਦੀ ਤੇਜ਼ਧਾਰ ਹਥਿਆਰ ਨਾਲ ਹੱਤਿਆ ਕਰ ਦਿੱਤੀ।

ਆਮ ਤੌਰ 'ਤੇ ਅਪਰਾਧੀ ਸਬੂਤ ਨਸ਼ਟ ਕਰਨ ਲਈ ਸਰੀਰ ਦੇ ਟੁਕੜੇ-ਟੁਕੜੇ ਕਰ ਦਿੰਦੇ ਹਨ। ਕਈ ਅਪਰਾਧੀ ਭੱਜ ਜਾਂਦੇ ਹਨ। ਹੱਤਿਆ ਇਕ ਵੱਡਾ ਅਪਰਾਧ ਹੈ। ਹੱਤਿਆ ਕਰ ਕੇ ਲਾਸ਼ ਦੇ ਟੁਕੜੇ ਕਰਨ ਵਾਲੇ ਵੀ ਘੱਟ ਨਹੀਂ ਹਨ। ਹਾਲੇ ਪਿਛਲੇ ਮਹੀਨੇ ਹੀ ਕੇਰਲ 'ਚ ਆਯੁਰਵੈਦ ਦੇ ਮਸਾਜ ਕਾਰੋਬਾਰੀ ਨੇ ਆਪਣੇ ਕਾਰੋਬਾਰ ਨੂੰ ਬੜ੍ਹਾਵਾ ਦੇਣ ਲਈ ਦੋ ਔਰਤਾਂ ਪਦਮਾ ਅਤੇ ਰੋਜ਼ਲੀਨ ਦੀ ਬਲੀ ਦੇ ਦਿੱਤੀ ਸੀ। ਪਦਮਾ ਦੇ 56 ਟੁਕੜੇ ਕੀਤੇ ਗਏ ਸਨ। ਕੁਝ ਸਾਲ ਪਹਿਲਾਂ ਇਕ ਫਰਾਂਸੀਸੀ ਨਾਗਰਿਕ ਮਧੂਬੰਤੀ ਪਾਠਕ ਨੂੰ ਉਸ ਦੇ ਪਤੀ ਗਿਰੀਸ਼ ਨੇ ਟੁਕੜੇ-ਟੁਕੜੇ ਕਰ ਕੇ ਫਰੀਜਰ 'ਚ ਰੱਖ ਦਿੱਤਾ ਸੀ। ਮਧੂਬੰਤੀ ਮੁੰਬਈ ਤੋਂ ਫਰਾਂਸ ਵਾਪਸ ਜਾਣਾ ਚਾਹੁੰਦੀ ਸੀ। ਇਸ ਲਈ ਗਿਰੀਸ਼ ਨੇ ਉਸ ਦੀ ਹੱਤਿਆ ਕਰ ਦਿੱਤੀ। ਕੁਝ ਸਾਲ ਪਹਿਲਾਂ ਭੁਵਨੇਸ਼ਵਰ 'ਚ ਕਰਨਲ ਸੋਮਨਾਥ ਪਰਿਦਾ ਨੇ ਪਤਨੀ ਨੂੰ ਗਲ਼ ਵੱਢ ਕੇ ਮਾਰ ਦਿੱਤਾ ਸੀ। ਇਸ ਤੋਂ ਬਾਅਦ ਉਸ ਦੀ ਲਾਸ਼ ਦੇ ਟੁਕੜੇ ਕਰ ਕੇ ਸੁੱਟ ਦਿੱਤੇ। ਇਸ ਹੱਤਿਆ ਦਾ ਕਾਰਨ ਇਹ ਸੀ ਕਿ ਸੋਮਨਾਥ ਦੀ ਇਕ ਕੁੜੀ ਨਾਲ ਦੋਸਤੀ 'ਤੇ ਉਸ ਦੀ ਪਤਨੀ ਨੇ ਇਤਰਾਜ਼ ਕੀਤਾ ਸੀ।

ਪੂਰੇ ਭਾਰਤ ਵਿਚ ਔਰਤਾਂ ਦੇ ਸ਼ੋਸ਼ਣ, ਜਬਰ ਜਨਾਹ, ਹੱਤਿਆ ਦਾ ਸਿਲਸਿਲਾ ਚੱਲ ਰਿਹਾ ਹੈ। ਹੱਤਿਆ ਕਰਨ ਤੋਂ ਬਾਅਦ ਲਾਸ਼ ਦੇ ਟੁਕੜੇ-ਟੁਕੜੇ ਕਰ ਕੇ ਸੂਟਕੇਸ, ਟਰੰਕ, ਪਲਾਸਟਿਕ ਦੀ ਥੈਲੀ 'ਚ ਭਰ ਕੇ ਕੂੜੇ 'ਚ ਪਾਉਣਾ, ਜੰਗਲ, ਮੈਨਹੋਲ ਜਾਂ ਨਦੀ 'ਚ ਸੁੱਟਣਾ ਕੋਈ ਨਵੀਂ ਗੱਲ ਨਹੀਂ ਹੈ। ਇਸ ਸਮੱਸਿਆ ਦੀ ਜੜ੍ਹ ਹਿੰਦੂ-ਮੁਸਲਿਮ ਨਹੀਂ ਹੈ ਸਗੋਂ ਔਰਤਾਂ ਪ੍ਰਤੀ ਨਫ਼ਰਤ, ਜ਼ਹਿਰੀਲੀ ਮਰਦਾਨਗੀ ਅਤੇ ਪਿੱਤਰ ਸੱਤਾ ਵਾਲਾ ਸਮਾਜ ਹੈ।

ਔਰਤਾਂ ਦੀਆਂ ਹੱਤਿਆਵਾਂ ਸਾਰੇ ਦੇਸ਼ਾਂ, ਸਾਰੇ ਧਰਮਾਂ, ਸਮਾਜਾਂ, ਜਾਤੀਆਂ ਅਤੇ ਵਰਗਾਂ 'ਚ ਹੋ ਰਹੀਆਂ ਹਨ। ਕੇਵਲ ਅਵਿਕਸਿਤ ਦੇਸ਼ਾਂ 'ਚ ਹੀ ਨਹੀਂ ਸਗੋਂ ਕਥਿਤ ਵਿਕਸਿਤ ਦੇਸ਼ਾਂ 'ਚ 'ਚ ਵੀ ਅਸੀਂ ਔਰਤਾਂ ਦੀ ਹੱਤਿਆ ਦੇ ਕਈ ਮਾਮਲੇ ਦੇਖਦੇ ਹਾਂ। ਹਾਲੇ ਪਿਛਲੇ ਮਹੀਨੇ ਬੋਸਟਨ ਸ਼ਹਿਰ 'ਚ ਇਕ ਵਿਅਕਤੀ ਨੇ ਆਪਣੀ ਪ੍ਰੇਮਿਕਾ ਦੀ ਹੱਤਿਆ ਕਰ ਕੇ ਉਸ ਦੇ ਟੁਕੜੇ ਕਰ ਕੇ ਪਾਰਕ 'ਚ ਸੁੱਟ ਦਿੱਤੇ। ਲੱਗਦਾ ਹੈ ਕਿ ਔਰਤਾਂ ਨਾਲ ਜਬਰ ਜਨਾਹ ਅਤੇ ਉਨ੍ਹਾਂ ਦੀ ਹੱਤਿਆ ਕਰਨਾ ਕੋਈ ਮੁਸ਼ਕਲ ਕੰਮ ਨਹੀਂ ਹੈ। ਪਿੱਤਰ ਸੱਤਾ ਪ੍ਰਧਾਨ ਸਮਾਜ 'ਚ ਪੁਰਸ਼ ਇਸ ਕੰਮ ਨੂੰ ਲੰਬੇ ਸਮੇਂ ਤੋਂ ਕਰਦੇ ਆ ਰਹੇ ਹਨ। ਘਰ 'ਚ ਔਰਤਾਂ ਨਾਲ ਸਭ ਤੋਂ ਜ਼ਿਆਦਾ ਦੁਰਵਿਵਹਾਰ ਅਕਸਰ ਪਰਿਵਾਰ ਦੇ ਕਰੀਬੀ ਮੈਂਬਰਾਂ ਵੱਲੋਂ ਕੀਤਾ ਜਾਂਦਾ ਹੈ। ਔਰਤ ਦਾ ਗਲ਼ ਘੁੱਟਣ ਲਈ ਪਤੀ ਜਾਂ ਪ੍ਰੇਮੀ ਦਾ ਹੱਥ ਸਭ ਤੋਂ ਜ਼ਿਆਦਾ ਤਿਆਰ ਰਹਿੰਦਾ ਹੈ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਦੁਨੀਆ 'ਚ ਹਰ ਤਿੰਨ ਕੁੜੀਆਂ 'ਚੋਂ ਇਕ ਕੁੜੀ ਆਪਣੀ ਜ਼ਿੰਦਗੀ 'ਚ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ। ਕੁੜੀਆਂ ਨੂੰ ਉਨ੍ਹਾਂ ਦੇ ਜੀਵਨ 'ਚ ਸਭ ਤੋਂ ਜ਼ਿਆਦਾ ਦੁਰਵਿਵਹਾਰ ਦਾ ਸਾਹਮਣਾ ਉਨ੍ਹਾਂ ਦੇ ਕਰੀਬੀਆਂ ਯਾਨੀ ਪਤੀ ਜਾਂ ਪ੍ਰੇਮੀ ਵੱਲੋਂ ਹੀ ਕਰਨਾ ਪੈਂਦਾ ਹੈ। ਦੁਨੀਆ ਦੀਆਂ 15 ਤੋਂ 49 ਸਾਲ ਦੀਆਂ ਕੁੜੀਆਂ 'ਚੋਂ ਇਕ ਤਿਹਾਈ ਯਾਨੀ 100 'ਚੋਂ 27 ਕਰੀਬੀ ਲੋਕਾਂ ਵੱਲੋਂ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਹਨ। ਕੁੜੀਆਂ ਜਿਸ ਘਰ ਨੂੰ ਸਭ ਤੋਂ ਸੁਰੱਖਿਅਤ ਮਹਿਸੂਸ ਕਰਦੀਆਂ ਹਨ, ਆਮ ਤੌਰ 'ਤੇ ਉੱਥੇ ਹੀ ਉਨ੍ਹਾਂ ਨਾਲ ਅੱਤਿਆਚਾਰ ਹੁੰਦਾ ਹੈ।

ਸੰਯੁਕਤ ਰਾਸ਼ਟਰ ਅਨੁਸਾਰ 2020 'ਚ ਪੂਰੀ ਦੁਨੀਆ ਵਿਚ 81 ਹਜ਼ਾਰ ਕੁੜੀਆਂ ਦੀਆਂ ਹੱਤਿਆਵਾਂ ਹੋਈਆਂ ਸਨ। ਇਨ੍ਹਾਂ 81 ਹਜ਼ਾਰ 'ਚੋਂ 47 ਹਜ਼ਾਰ ਕੁੜੀਆਂ ਨੂੰ ਪਤੀਆਂ ਜਾਂ ਪ੍ਰੇਮੀਆਂ ਨੇ ਮਾਰਿਆ। ਯਾਨੀ ਹਰ 11 ਮਿੰਟ 'ਚ ਇਕ ਕੁੜੀ ਦੀ ਹੱਤਿਆ ਕੀਤੀ ਗਈ।

(ਬਾਕੀ ਸਫ਼ਾ 31 'ਤੇ)



ਅਮਰਦੀਪ ਕੌਰ

# ਆਹ ਦੇਖ ਕਲਾਵਾਂ ਚੜ੍ਹਦੀਆਂ ਨੇ

ਇਹ ਤਾਂ ਖ਼ੁਮਾਰ ਦੇ ਕਲਮੇ ਪੜ੍ਹਦੀਆਂ ਨੇ, ਇਨ੍ਹਾਂ ਐਨੀ ਛੇਤੀ ਹਰਨਾ ਨਹੀਂ..। ਇਨਸਾਨ ਦੀ ਜ਼ਿੰਦਗੀ ਵਿੱਚ ਹਾਦਸਿਆਂ ਦਾ ਵਾਪਰਨਾ ਕੋਈ ਨਵੀਂ ਗੱਲ ਨਹੀਂ ਸਗੋਂ ਉਨ੍ਹਾਂ ਹਾਦਸਿਆਂ ਦੇ ਰੁਬਰੂ ਹੋ ਕੇ ਜਾਂ ਉਨ੍ਹਾਂ ਨੂੰ ਆਪਣੇ ਉੱਤੇ ਝੱਲ ਕੇ, ਉਹ ਇਨਸਾਨ ਕਿੰਨੇ ਹੌਸਲੇ ਅਤੇ ਦ੍ਰਿੜਤਾ ਦੇ ਨਾਲ ਆਮ ਜੀਵਨ ਨਾਲ ਦੁਬਾਰਾ ਇੱਕਮਿੱਕਤਾ ਕਾਇਮ ਕਰਦਾ ਹੈ, ਜ਼ਰੂਰ ਇੱਕ ਅਸਰਦਾਰ ਅਤੇ ਵੱਡੀ ਗੱਲ ਹੈ। ਕਈ ਵਾਰ ਜ਼ਿੰਦਗੀ ਦੀਆਂ ਅਜਿਹੀਆਂ ਦੁਰਘਟਨਾਵਾਂ ਅਤੇ ਹਾਦਸਿਆਂ ਦਾ ਸ਼ਿਕਾਰ ਹੋਏ ਲੋਕਾਂ ਦੀ ਜਾਨ ਬਚਾਉਣ ਲਈ ਡਾਕਟਰਾਂ ਨੂੰ ਲੱਤਾਂ ਜਾਂ ਬਾਹਾਂ ਵੀ ਕੱਟਣੀਆਂ ਪੈਂਦੀਆਂ ਹਨ। ਇਨ੍ਹਾਂ ਸਰੀਰਕ ਅੰਗਾਂ ਦੀ ਅਣਹੋਂਦ ਵਿੱਚ ਜਦੋਂ ਅਜਿਹੇ ਲੋਕ ਸਾਡੇ ਵਰਗੇ ਆਮ ਲੋਕਾਂ ਸਾਹਮਣੇ ਨਵੇਂ ਕੀਰਤੀਮਾਨ ਸਥਾਪਤ ਕਰਦੇ ਹਨ ਤਾਂ ਸਾਡੀ ਹੈਰਾਨੀ ਵਿੱਚ ਵਾਧਾ ਹੋਣਾ ਸੁਭਾਵਿਕ ਹੁੰਦਾ ਹੈ।

ਭਾਵੇਂ ਕਿ ਲੱਤਾਂ ਬਾਹਾਂ ਦੀ ਅਣਹੋਂਦ ਵਿੱਚ ਜ਼ਿੰਦਗੀ ਜਿਉਣਾ ਸੌਖਾ ਨਹੀਂ ਹੁੰਦਾ, ਪਰ ਮਜ਼ਬੂਤ ਮਨੋਬਲ ਸੰਗ ਹਰ ਪਲ ਨਵੀਆਂ ਚੁਣੌਤੀਆਂ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਉਨ੍ਹਾਂ ਨੂੰ ਖਿੜੇ ਮੱਥੇ ਸਵੀਕਾਰਨ ਵਾਲੇ ਲੋਕ ਸ਼ੁਕਰਾਨੇ ਨਾਲ ਭਰਪੂਰ ਹੁੰਦੇ ਹਨ।



ਅਜਿਹੇ ਲੋਕਾਂ ਬਾਰੇ ਅਸੀਂ ਅਕਸਰ ਪੜ੍ਹਦੇ ਸੁਣਦੇ ਹਾਂ ਪਰ ਜੇਕਰ ਕਿਸੇ ਇਨਸਾਨ ਅੰਦਰ ਧੜਕਣ ਵਾਲਾ ਦਿਲ ਹੀ ਨਾ ਰਹੇ ਤਾਂ ਅਜਿਹੇ ਵਿੱਚ ਉਸ ਲਈ ਜੀਵਨ ਦੀ ਉਮੀਦ ਹੀ ਮੁੱਕ ਜਾਂਦੀ ਹੈ।

ਪਰਤਸਵੀਰ ਵਿੱਚ ਦਿਖਾਈ ਦੇ ਰਹੀ ਔਰਤ ਕੋਈ ਆਮ ਔਰਤ ਨਹੀਂ ਹੈ। ਇਹ ਬਰਤਾਨੀਆ ਦੇ ਕਲੇਅਹਾਲ ਸ਼ਹਿਰ ਦੀ ਸਲਵਾ ਹੁਸੈਨ ਹੈ ਜਿਸ ਕੋਲ ਸੀਨੇ ਵਿੱਚ ਦਿਲ ਨਾ ਹੋਣ ਕਾਰਨ ਉਸਨੂੰ ਜਿਉਂਦੇ ਰਹਿਣ ਲਈ ਇਕ ਬਣਾਵਟੀ ਦਿਲ ਵਾਲੇ ਬੈਗ ਨੂੰ ਹਮੇਸ਼ਾ ਆਪਣੇ ਨਾਲ ਰੱਖਣਾ ਪੈਂਦਾ ਹੈ। ਜਿਸਨੂੰ ਉਹ ਆਪਣੀ ਪਿੱਠ ਉੱਤੇ ਲੱਦ ਕੇ ਰੁਜ਼ਾਨਾ ਦੇ ਕਾਰ ਵਿਹਾਰ ਕਰਦੀ ਨਜ਼ਰ ਆਉਂਦੀ ਹੈ।

ਸਲਵਾ ਨੂੰ ਸਾਲ 2017 ਵਿੱਚ ਇੱਕ ਜ਼ਬਰਦਸਤ ਦਿਲ ਦਾ ਦੌਰਾ ਪਿਆ ਸੀ। ਉਸ ਸਮੇਂ ਉਹ ਆਪਣੇ ਘਰ ਵਿੱਚ ਇਕੱਲੀ ਸੀ ਜਦੋਂ ਉਸ ਨੂੰ ਛਾਤੀ ਵਿੱਚ ਤਿੱਖਾ ਦਰਦ ਮਹਿਸੂਸ ਹੋਇਆ ਅਤੇ ਉਹ ਇੱਕਲੀ ਕਰਾ ਚਲਾ ਕੇ ਨੇੜਲੇ ਹਸਪਤਾਲ ਪਹੁੰਚ ਗਈ। ਉਹ ਦਿਲ ਦਾ ਦੌਰਾ ਐਨਾ ਖ਼ਤਰਨਾਕ ਸੀ ਕਿ ਉਸਦਾ ਦਿਲ ਪੂਰੀ ਤਰ੍ਹਾਂ ਨਕਾਰਾ ਹੋ ਗਿਆ। ਜਦੋਂ ਚਾਰ ਦਿਨ ਉਸਨੂੰ ਜ਼ਿੰਦਗੀ ਅਤੇ ਮੌਤ ਦੀ ਜੱਦੋ ਜਹਿਦ ਨਾਲ ਜੂਝਦਿਆਂ ਦੇਖ ਉਸ ਅੰਦਰ ਦਿਲ ਧੜਕਾਉਣ ਦੀ ਡਾਕਟਰਾਂ ਦੀ ਕੋਸ਼ਿਸ਼ ਨਾਕਾਮ ਰਹੀ ਤਾਂ ਉਸ ਦਾ ਦਿਲ ਸਰੀਰ ਵਿੱਚੋਂ ਹਟਾਉਣਾ ਪਿਆ। ਅਖੀਰ ਡਾਕਟਰਾਂ ਨੇ ਉਸ ਦੇ ਪਤੀ ਦੀ ਇਜਾਜ਼ਤ ਨਾਲ ਇੱਕ ਬੈਟਰੀ ਨਾਲ ਚੱਲਣ ਵਾਲੀ ਪਲਾਸਟਿਕ ਦੇ ਮਸ਼ੀਨ ਰੂਪੀ ਬਣਾਵਟੀ ਦਿਲ ਨਾਲ ਦੋ ਨਾਲੀਆਂ ਜੋੜ ਕੇ ਉਨ੍ਹਾਂ ਨੂੰ ਢਿੱਡ ਦੀ ਧੁੰਨੀ ਵਾਲੇ ਰਸਤੇ ਤੋਂ ਅੰਦਰ ਦੀਆਂ ਨਾਲੀਆਂ ਨਾਲ ਜੋੜ ਦਿੱਤਾ। ਇਹ ਆਪਣੇ ਆਪ ਵਿੱਚ ਇੱਕ ਵਿਲੱਖਣ ਕਿਸਮ ਦਾ ਅਪਰੇਸ਼ਨ ਸੀ ਜਿਸ ਤਹਿਤ ਡਾਕਟਰ ਸਲਵਾ ਨੂੰ ਨਵਾਂ ਜੀਵਨ ਦੇਣ ਵਿੱਚ ਕਾਮਯਾਬ ਹੋਏ ਸਨ। ਸਲਵਾ ਹੁਣ ਇਸੇ ਬਣਾਵਟੀ ਦਿਲ ਨਾਲ ਜ਼ਿੰਦਗੀ ਜਿਉ ਰਹੀ ਹੈ। ਇਸ ਮਸ਼ੀਨ ਦਾ ਭਾਰ ਸਾਢੇ ਛੇ ਕਿੱਲੋ ਤੋਂ ਵੀ ਵੱਧ ਹੈ ਅਤੇ ਸਲਵਾ ਤੁਰਨ ਵੇਲੇ ਇਸ ਬੈਗ ਨੂੰ ਪਿੱਠ ਉੱਤੇ ਲੱਦ ਲੈਂਦੀ ਹੈ ਅਤੇ ਬੈਠਣ ਸਮੇਂ ਉਸਨੂੰ ਗੋਦੀ ਵਿੱਚ ਰੱਖ ਲੈਂਦੀ ਹੈ। ਉਸ ਨੂੰ ਕਿਸੇ ਤਰਾਂ ਦੀ ਅਚਾਨਕ ਲੋੜ ਸਮੇਂ ਇਕ ਦੇਖਭਾਲ ਕਰਨ ਵਾਲਾ ਹਮੇਸ਼ਾ ਉਸਦੇ ਨਾਲ ਹੁੰਦਾ ਹੈ। ਉਸ ਦੀ ਮਸ਼ੀਨ ਨੂੰ ਮਾਤਰ 90 ਸੈਕੰਡ ਦੇ ਸਮੇਂ ਵਿੱਚ ਹੀ ਜੋੜਨਾ ਪੈਂਦਾ ਹਾਂ ਨਹੀਂ ਤਾਂ ਉਸਦੀ ਜਾਨ ਨੂੰ ਖਤਰਾ ਹੋ ਸਕਦਾ ਹੈ।

ਸਲਵਾ ਲਈ ਜ਼ਿੰਦਗੀ ਦੇ ਅਰਥ ਬਦਲ ਚੁੱਕੇ ਹਨ, ਉਸਦੇ ਅਨੁਸਾਰ ਜਦੋਂ ਮੈਂ ਮੌਤ ਦੀ ਸੇਜ ਉੱਤੇ ਲੇਟੀ ਹੋਈ ਸਾਂ ਤਾਂ ਅਸਲ ਵਿੱਚ ਉਦੋਂ ਹੀ ਮੈਂ ਜ਼ਿੰਦਗੀ ਦੀ ਅਹਿਮੀਅਤ ਨੂੰ ਜਾਣਿਆ ਅਤੇ ਮੈਨੂੰ ਪਤਾ ਲੱਗਾ ਕਿ ਸਾਡੀਆਂ ਚਿੰਤਾਵਾਂ ਕਿੰਨੀਆਂ ਬੇਅਰਥ ਹਨ। ਅਸੀਂ ਸਭ ਕੁਝ ਹੋਣ ਦੇ ਬਾਵਜੂਦ ਸ਼ਿਕਾਇਤਾਂ ਨਾਲ ਭਰੇ ਹੋਏ ਹਾਂ। ਸਾਡੀ ਜ਼ਿੰਦਗੀ ਵਿੱਚ ਚੀਜ਼ਾਂ ਜਾਂ ਲੋਕਾਂ ਦਾ ਹੋਣਾ ਅਹਿਮ ਨਹੀਂ ਸਗੋਂ ਜ਼ਿੰਦਗੀ ਵਿੱਚ ਜੀਵਨ ਦਾ ਹੋਣਾ ਅਹਿਮ ਹੈ ਸਾਨੂੰ ਹਰ ਪਲ ਇਸ ਜੀਵਨ ਲਈ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ।

ਸਲਵਾ ਦੀ ਉਮਰ ਹੁਣ 41 ਸਾਲ ਹੈ, ਦੋ ਬੱਚਿਆਂ ਦੀ ਮਾਂ ਸਲਵਾ ਹੁਸੈਨ ਇਹਨਾਂ ਕਠੋਰ ਸਥਿਤੀਆਂ ਵਿੱਚ ਵੀ ਮਜ਼ਬੂਤ ਮਨੋਬਲ ਨਾਲ ਆਮ ਵਰਗੀ ਜ਼ਿੰਦਗੀ ਜੀਅ ਰਹੀ ਹੈ। ਉਸ ਨੂੰ ਨਵਾਂ ਦਿਲ ਕਦੋਂ ਮਿਲੇਗਾ ਅਜੇ ਪਤਾ ਨਹੀਂ ਪਰ ਇਸ ਮਸ਼ੀਨ ਸਦਕਾ ਉਸ ਅੰਦਰ ਖ਼ੂਨ ਸੰਚਾਰ ਦੀ ਪ੍ਰਕਿਰਿਆ

(ਬਾਕੀ ਸਫ਼ਾ 31 'ਤੇ)



ਹਰਦੇਵ ਗਰੇਵਾਲ

ਨਾਵਲ

ਕਿਸ਼ਤ-13

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

'ਅਰੇ ਇਸਮੇਂ ਬੁਰਾ ਮਾਨਨੇ ਕੀ ਕਯਾ ਬਾਤ ਹੈ ਬੜੇ ਮੀਆਂ? ਬੇਤਕੱਲੁਫ਼ ਪੂਛਿਏ!' ਉਸਦੇ ਉਰਦੂ ਲਹਿਜੇ ਦਾ ਭਰਪੂਰ ਅਨੁਸਰਣ ਕਰਦਿਆਂ ਤੇਜਵੀਰ ਬੜੀ ਨਫ਼ਾਸਤ ਨਾਲ ਬੋਲਿਆ।

'ਅਰੇ ਵਾਹ ਬਾਬੂ ਸਾਹਬ, ਆਪਕਾ ਉਰਦੂ ਤਲੱਫ਼ੁਜ਼ ਤੋ ਬੜਾ ਸਾਫ਼ ਹੈ, ਪੰਜਾਬ ਮੇਂ ਤੋ ਯੇ ਲਹਜਾ ਕਮ ਹੀ ਸੁਨਾਈ ਪੜਤਾ ਹੈ।'

'ਅਰੇ ਕਯਾ ਬਾਤ ਕਰਤੇ ਹੈਂ ਬੜੇ ਮੀਆਂ ਪੰਜਾਬ ਔਰ ਉਰਦੂ ਕਾ ਤੋ ਬੜਾ ਗਹਰਾ ਨਾਤਾ ਹੈ।'

'ਹਾਂ, ਯੇ ਤੋ ਬਜਾ ਫ਼ਰਮਾਯਾ ਆਪਨੇ ਬਾਬੂ ਸਾਹਬ।' 'ਲੇਕਿਨ ਅਬ ਵੋਹ ਦੌਰ ਕਹਾਂ ਰਹਾ, ਅਬ ਤੋ ਯੇ ਆਲਮ ਹੈ ਕਿ 'ਕਾਰਵਾਂ ਗੁਜ਼ਰ ਗਯਾ, ਗੁਬਾਰ ਦੇਖਤੇ ਰਹੇ।'

ਮੁੱਦੇ ਤੋਂ ਭਟਕ ਰਹੇ ਸ਼ਾਇਰੀ ਦੇ ਸ਼ੌਕੀਨ 'ਬੜੇ ਮੀਆਂ' ਨੂੰ, ਮੁੱਦੇ 'ਤੇ ਲਿਆਉਂਦਾ ਤੇਜਵੀਰ ਬੋਲਿਆ, 'ਹਾਂ ਤੋ ਬੜੇ ਮੀਆਂ, ਕੁਛ ਕਹ ਰਹੇ ਥੇ ਆਪ?'

ਬੰਟੇ ਵਾਲੇ ਲੈਮਨ ਦੇ ਬੰਟੇ 'ਤੇ ਖੱਬੇ ਹੱਥ ਦਾ ਅੰਗੂਠਾ ਟਿਕਾ, ਸੱਜੀ ਹਥੇਲੀ ਨਾਲ ਉਸ 'ਤੇ ਸੱਟ ਮਾਰ, ਲੈਮਨ ਦੀ ਬੋਤਲ ਖੋਲ੍ਹਦਿਆਂ 'ਬੜੇ ਮੀਆਂ' ਨੇ ਰਤਾ ਕੁ ਅੱਗੇ ਝੁਕ ਕੇ ਬੜੀ ਧੀਮੀ ਜਿਹੀ ਆਵਾਜ਼ 'ਚ ਕਿਹਾ, 'ਬੜੇ ਜਿਗਰ ਕਾ ਕਾਮ ਕੀਯਾ ਬਾਬੂ ਸਾਹਬ, ਮਾਨ ਗਏ, ਏਕ ਤੋ ਪਹਲੀ ਦਫ਼ਾ, ਔਰ ਉਪਰ ਸੇ ਦਿਨ ਦਿਹਾੜੇ? ਕਯਾ ਬਾਤ ਹੈ!'

'ਤੋ ਕਯਾ ਔਰ ਭੀ ਆਤਾ ਹੈ ਕੋਈ?' ਤੇਜਵੀਰ ਨੇ ਬੜੀ ਹੈਰਾਨੀ ਦਾ ਪ੍ਰਦਰਸ਼ਨ ਕਰਦਿਆਂ ਪੁੱਛਿਆ।

'ਆਤਾ ਹੈ' ਨਹੀਂ ਜਨਾਬ, ਯੇ ਕਹਿਏ ਕਿ 'ਆਤੇ ਹੈਂ।'

'ਕਯਾ ਬਾਤ ਕਰਤੇ ਹੈਂ ਬੜੇ ਮੀਆਂ, ਯਾਨੀ ਕਿ ਦੋ-ਦੋ?'

'ਦੋ-ਦੋ ਨਹੀਂ ਬਾਬੂ ਸਾਹਬ! ਯੇ ਕਹਿਏ ਕਿ ਪਾਂਚ-ਪਾਂਚ, ਲੇਕਿਨ ਆਤੇ ਹੈਂ ਸਭੀ ਰਾਤ ਕੋ ਹੀ,' ਖੱਬੇ ਹੱਥ ਦਾ ਪੰਜਾ ਦਿਖਾਉਂਦਿਆਂ 'ਬੜੇ ਮੀਆਂ' ਨੇ ਬੜੀ-ਰਹੱਸਮਈ ਆਵਾਜ਼ 'ਚ ਕਿਹਾ।

'ਆਪਕੀ ਬਾਤ ਸੁਨਕੇ ਮੇਰਾ ਤੋ ਦਿਲ ਬੈਠਾ ਜਾ ਰਹਾ ਹੈ ਬੜੇ ਮੀਆਂ, ਕਯਾ ਪਾਂਚ ਪਾਂਡਵ ਏਕ ਸਾਥ ਹੀ?' ਚਿਹਰੇ 'ਤੇ ਭਰਸਕ ਮਾਯੂਸੀ ਦਾ ਆਲਮ ਪੈਦਾ ਕਰਦੇ ਹੋਏ ਤੇਜਵੀਰ ਨੇ ਮਰੀ ਜਿਹੀ ਆਵਾਜ਼ 'ਚ ਪੁੱਛਿਆ।

'ਅਰੇ ਨਹੀਂ-ਨਹੀਂ, ਏਕ-ਏਕ ਕਰਕੇ। ਪਰ ਆਪ ਦਿਲ ਛੋਟਾ ਮਤ ਕੀਜਿਏ ਬਾਬੂ ਸਾਹਬ, ਯੇ ਮਹਾਂਭਾਰਤ ਕੀ ਕਥਾ ਹੋਨੇ ਕੀ ਬਜਾਏ ਦਾਸਤਾਨੇ ਲੈਲਾ-ਮਜਨੂੰ ਭੀ ਤੋ ਹੋ ਸਕਤੀ ਹੈ, ਅਗਰ ਮਜਨੂੰ ਪਾਂਚ ਯਾਨੀ ਕਿ ਆਪ ਕੋ ਮਿਲਾ ਕਰ ਛਯ ਹੋਤੇ ਹੈਂ, ਤੋ ਅੰਦਰ ਕਯਾ ਲੈਲਾਓਂ ਕੀ ਕੋਈ ਕਮੀ ਹੈ ਭਲਾ? ਆਪ ਖ਼ਾਤਿਰ ਜਮਾ ਰਖਿਏ।'

'ਅਬ ਆਪ ਯੇ ਭੀ ਤੋ ਕਹ ਰਹੇ ਹੈਂ ਕਿ ਸਭੀ ਅਲਗ-ਅਲਗ ਆਤੇ ਹੈਂ, ਤੋ ਸ਼ਕ ਕੀ ਸੂਰਤ ਤੋ ਬਨਤੀ ਹੈ ਨਾ ਬੜੇ ਮੀਆਂ?'

'ਹਾ, ਯੇ ਬਾਤ ਤੋ ਹੈ ਕਿ ਆਤੇ ਸਭੀ ਏਕ-ਏਕ ਕਰਕੇ ਹੀ ਹੈਂ, ਏਕ ਰਾਤ ਮੇਂ ਸਿਰਫ਼ ਏਕ ਸਿਵਾਏ ਪਰਸੋਂ ਰਾਤ ਕੇ।'

'ਯਾਨੀ ਪਰਸੋਂ ਰਾਤ ਦੋ ਜਨੇ ਆਏ ਥੇ? ਏਕ ਸਾਥ?'

'ਨਹੀਂ ਬਾਬੂ ਸਾਹਬ ਏਕ ਸਾਥ ਤੋ ਨਹੀਂ, ਅਲਗ-ਅਲਗ ਵਕਤ ਪਰ।'

'ਯਾਨੀ? ਜ਼ਰਾ ਤਫ਼ਸੀਲ ਸੇ ਬਤਾਏਂ ਬੜੇ ਮੀਆਂ, ਕਿ ਆਖ਼ਿਰ ਯੇ ਮਾਜਰਾ ਹੈ ਕਯਾ?'

'ਤੋ ਬਾਤ ਯੂੰ ਹੈ ਬਾਬੂ ਸਾਹਬ ਕਿ ਉਨ ਪਾਂਚੋਂ ਮੇਂ ਸੇ ਚਾਰ ਕਾ ਤੋ ਅਕਸਰ ਆਨਾ ਜਾਨਾ ਹੈ। ਉਨ੍ਹੀਂ ਮੇਂ ਸੇ ਏਕ ਪਰਸੋਂ ਰਾਤ ਪਹਲੇ ਆਯਾ। ਯੇ ਬੜੀ ਸੀ ਗਾੜੀ ਹੈ ਉਸਕੀ ਸਾਹਬ! ਤਬੀਅਤ ਕਾ ਏਕਦਮ ਕੜਕ। ਕਿਸੀ ਬੜੇ ਬਾਪ ਕੀ ਬਿਗੜੀ ਔਲਾਦ ਲਗਤਾ ਹੈ ਸਾਹਬ! ਤਮੀਜ਼ ਕਿਸ ਚਿੜਿਯਾ ਕਾ ਨਾਮ ਹੈ? ਸਾਹਬਜ਼ਾਦੇ ਕੋ ਮਾਲੂਮ ਹੀ ਨਹੀਂ।'

'ਅੱਛਾ! ਫਿਰ?'

'ਫਿਰ ਉਸਕੀ ਗਾੜੀ ਰਵਾਨਾ ਹੋਨੇ ਕੇ ਤੁਰੰਤ ਬਾਦ ਦੂਸਰਾ ਆਯਾ, ਔਰ ਵੋਹ ਭੀ ਪੈਦਲ। ਔਰ ਬਾਬੂ ਸਾਹਬ। ਆਪ ਕੀ ਤਰਹ ਉਸਕੀ ਭੀ ਯੇ ਪਹਲੀ ਬਾਰ ਹੀ ਥੀ।'

'ਕਯਾ? ਪਹਲੀ ਬਾਰ?' 'ਜੀ ਬਾਬੂ ਸਾਹਬ, ਪਹਲਵਾਨੋਂ ਜੈਸੀ ਕਦ-ਕਾਠੀ ਵਾਲਾ ਥਾ ਸਾਹਬ। ਏਕਦਮ ਮਸਤ ਹਾਥੀ ਜੈਸੀ ਚਾਲ ਥੀ ਉਸਕੀ।'

'ਫਿਰ ਤੋਂ ਮੁੱਛੇਂ ਭੀ ਪਹਲਵਾਨੋਂ ਜੈਸੀ ਹੀ ਹੋਂਗੀ ਪਠੇਕੀ?'

'ਅਬ ਯੇ ਮੈਂ ਕੈਸੇ ਬਤਾ ਸਕਤਾ ਹੂੰ ਬਾਬੂ ਸਾਹਬ?'

'ਕਯੂੰ?'

'ਸੂਰਤ ਨਹੀਂ ਨਾ ਦੇਖ ਪਾਯਾ ਉਸਕੀ?'

'ਵੋ ਕਯੂੰ?'

'ਉਸਕੇ ਲਿਬਾਸ ਕੀ ਵਜਹ ਸੇ।'

'ਮਤਲਬ?'

'ਵੋਹ ਜੋ ਸੁਬਹ-ਸੁਬਹ ਪਹਨਕਰ ਦੌੜਤੇ ਹੈਂ ਨਾ? ਵੋਹੀ ਲਿਬਾਸ ਪਹਨਾ ਥਾ ਉਸਨੇ ਬਾਬੂ ਸਾਹਬ, ਔਰ ਉਸਕੀ ਪੀਠ ਪਰ ਜੋ ਟੋਪੀ ਲਟਕੀ ਰਹਤੀ ਹੈ, ਉਸੇ ਉਸਨੇ ਅਪਨੇ ਸਰ ਪੇ ਪਹਨ ਰੱਖਾ ਥਾ। ਔਰ ਸੜਕ ਕੀ ਦੂਸਰੀ ਤਰਫ਼ ਸੇ ਉਸਨੇ ਮੇਰੀ ਤਰਫ਼ ਦੇਖਾ ਭੀ ਨਹੀਂ। ਲਿਹਾਜ਼ਾ ਉਸਕੀ ਸੂਰਤ ਕੇ ਦੀਦਾਰ ਤੋ ਨਾ ਹੋ ਸਕੇ।'

'ਤੋ ਫਿਰ ਕੈਸੇ ਯਕੀਨ ਸੇ ਕਹ ਸਕਤੇ ਹੈਂ ਬੜੇ ਮੀਆਂ, ਕਿ ਵੋ ਪਹਲੀ ਦਫ਼ਾ ਆਯਾ ਥਾ? ਵੋ ਉਨ੍ਹੀਂ ਚਾਰੋਂ ਮੇਂ ਸੇ ਭੀ ਤੋ ਕੋਈ ਹੋ ਸਕਤਾ ਹੈ?'

'ਅਰੇ ਨਹੀਂ ਬਾਬੂ ਸਾਹਬ, ਐਸੀ ਕਦ-ਕਾਠੀ ਤੋ ਉਨ ਚਾਰੋਂ ਮੇਂ ਸੇ ਕਿਸੀ ਕੀ ਨਹੀਂ ਹੈ। ਵੋ ਉਨਮੇਂ ਸੇ ਨਹੀਂ ਥਾ।' 'ਬੜੇ ਮੀਆਂ' ਨੇ ਆਪਣੀ ਗੱਲ 'ਤੇ ਅੜਦੇ ਹੋਏ ਕਿਹਾ।

'ਤੋ ਬਾਕੀ ਚਾਰੋਂ ਸੇ ਤੋ ਵਾਕਫ਼ੀਅਤ ਹੋਗੀ ਆਪਕੀ ਬੜੇ ਮੀਆਂ? ਆਖ਼ਿਰ ਵੋ ਤੋ ਪੁਰਾਨੇ ਆਨੇ-ਜਾਨੇ ਵਾਲੇ ਹੈਂ। ਔਰ ਨਹੀਂ ਤੋ ਕਮ ਸੇ ਕਮ ਪਰਸੋਂ ਰਾਤ ਵਾਲੇ ਕੋ ਤੋ ਆਪ ਜਾਨਤੇ ਹੀ ਹੋਂਗੇ?' ਨਿੰਬੂ-ਲੈਮਨ ਦਾ ਆਖ਼ਰੀ ਘੁੱਟ ਭਰਦਿਆਂ ਤੇਜਵੀਰ ਨੇ ਪੁੱਛਿਆ।

ਇਸ ਸਵਾਲ 'ਤੇ 'ਬੜੇ ਮੀਆਂ' ਦੇ ਕੰਨ ਖੜ੍ਹੇ ਹੋ ਗਏ।

'ਕਯੂੰ ਬਾਬੂ ਸਾਹਬ? ਉਨਕੇ ਬਾਰੇ ਮੇਂ ਜਾਨਕਰ, ਉਨ ਸੇ ਦੰਗਾ ਕਰਨੇ ਕਾ ਇਰਾਦਾ ਹੈ ਕਯਾ?'

'ਅਰੇ ਤੌਬਾ ਕੀਜਿਏ ਬੜੇ ਮੀਆਂ, ਕੈਸੀ ਬਾਤੇਂ ਕਰਤੇ ਹੈਂ ਆਪ? ਮੈਨੇ ਤੋ ਐਸੇ ਹੀ ਪੂਛ ਲੀਆ। ਆਪਨੇ ਏਕਦਮ ਸਹੀ ਕਹਾ ਹੈ ਕਿ ਉਨਕੀ ਲੈਲਾਏਂ ਤੋ ਕੋਈ ਔਰ ਹੀ ਹੋਂਗੀ। ਔਰ ਵੈਸੇ ਭੀ ਅਪਨੀ ਮੁਹੱਬਤ ਪਰ ਮੁਝੇ ਪੂਰਾ ਯਕੀਂ ਹੈ ਬੜੇ ਮੀਆਂ।' ਆਪਣੀ ਆਵਾਜ਼ 'ਚ ਪੁਰਜ਼ੋਰ ਨਾਟਕੀ ਰੰਗ ਭਰਦਿਆਂ ਤੇਜਵੀਰ ਨੇ ਆਖਿਆ।

'ਅਰੇ-ਅਰੇ ਬਾਬੂ ਸਾਹਬ, ਵੋ ਤੋ ਯੂੰ ਹੀ ਜ਼ਰਾ ਜ਼ੁਬਾਨ ਫਿਸਲ ਗਈ, ਆਪ ਬੁਰਾ ਮਤ ਮਾਨਿਏ, ਔਰ ਵੈਸੇ ਭੀ, ਕਹਾਂ ਵੋ ਠਹਰੇ ਕਲੀਓਂ ਕਾ ਰਸ ਚੂਸਨੇ ਵਾਲੇ ਆਵਾਰਾ ਭੰਵਰੇ, ਔਰ ਕਹਾਂ ਆਪ, ਜੋ ਇਬਾਦਤੇ-ਇਸ਼ਕ ਮੇਂ ਇਸ ਕਦਰ ਮੁਬਤਲਾ ਹੈਂ।' 'ਬੜੇ ਮੀਆਂ' ਨੇ ਝੱਟ ਸੁਰ ਬਦਲ ਲਈ, 'ਔਰ ਵੈਸੇ ਭੀ, ਆਜਕਲ ਕੇ ਨੌਜਵਾਨੋਂ ਮੇਂ ਕਹਾਂ ਆਪ ਕੇ ਜੈਸੀ ਲਿਆਕਤ ਹੈ ਬਾਬੂ ਸਾਹਬ, ਜੋ ਹਮ ਜੈਸੇ ਛੋਟੇ ਲੋਗੋਂ ਸੇ ਇਤਨੀ ਮੁਹੱਬਤ ਸੇ ਪੇਸ਼ ਆਏਂ? ਖ਼ੁਦਾ ਸਲਾਮਤ ਰੱਖੇ ਆਪਕੋ ਔਰ ਆਪਕੇ ਇਸ਼ਕ ਕੋ! ਲੀਜਿਏ ਬਾਬੂ ਸਾਹਬ, ਆਪਕੇ ਪਾਨ ਭੀ ਤੱਯਾਰ ਹੋ ਗਏ।'

ਐਨੇ ਨੂੰ ਗਗਨ ਵੀ ਆ ਗਿਆ।

'ਸ਼ੁਕਰੀਆ ਬੜੇ ਮੀਆਂ, ਬੜਾ ਅੱਛਾ ਲਗਾ ਆਪਸੇ ਮੁਲਾਕਾਤ ਕਰਕੇ। ਕਿਤਨਾ ਹੁਆ?' ਕਹਿਕੇ ਪਾਨ ਗਗਨ ਦੇ ਹੱਥ ਫੜਾ, ਤੇਜਵੀਰ ਨੇ ਜੇਬ 'ਚੋਂ ਬਟੂਆ ਕੱਢ 'ਬੜੇ ਮੀਆਂ' ਦੇ ਦੱਸੇ ਅਨੁਸਾਰ ਕੀਮਤ ਅਦਾ ਕੀਤੀ।

ਪੈਸੇ ਫੜਦਿਆਂ 'ਬੜੇ ਮੀਆਂ' ਨੇ ਕਿਹਾ, 'ਖ਼ਾਕਸਾਰ ਕੋ ਭੀ ਬੜਾ ਸੁਕੂਨ ਮਿਲਾ ਆਪਸੇ ਗੁਫ਼ਤਗੂ ਕਰਕੇ ਬਾਬੂ ਸਾਹਬ, ਆਤੇ ਰਹਿਏਗਾ' ਅਤੇ ਨਾਲ ਹੀ ਸੱਜੀ ਅੱਖ ਨੱਪਦਿਆਂ ਜੋੜਿਆ, 'ਔਰ ਵੈਸੇ ਭੀ, ਅਬ ਤੋ ਆਨਾ-ਜਾਨਾ ਲਗਾ ਹੀ ਰਹੇਗਾ।'

ਭਰਸਕ ਹਾਸਾ ਰੋਕਦਿਆਂ ਤੇਜਵੀਰ ਬੋਲਿਆ, 'ਹਾਂ-ਹਾਂ, ਕਯੂੰ ਨਹੀਂ ਬੜੇ ਮੀਆਂ।'

ਆਖਦਿਆਂ ਪਿੱਛੇ ਮੁੜਕੇ ਗਗਨ ਦੇ ਹੱਥੋਂ ਪਾਨ ਫੜ ਆਪਣੇ ਮੂੰਹ ਦੇ ਹਵਾਲੇ ਕਰਦਿਆਂ, ਤੇਜਵੀਰ ਬਾਈਕ ਦੀ ਪਿਛਲੀ ਸੀਟ 'ਤੇ ਜਾ ਵਿਰਾਜਿਆ।



ਆਪਣੇ ਹਿੱਸੇ ਦਾ ਪਾਨ ਪਹਿਲਾਂ ਤੋਂ ਹੀ ਮੂੰਹ 'ਚ ਪਾ ਚੁੱਕੇ ਗਗਨ ਨੇ ਬਾਈਕ ਸਟਾਰਟ ਕਰ ਅੱਗੇ ਵਧਾ ਦਿੱਤੀ।

'ਉਏ, ਆਹ ਕਿਹੜੀ ਡੇਵਿਡ ਧਵਨ ਦੀ 'ਬੜੇ ਮੀਆਂ ਛੋਟੇ ਮੀਆਂ' ਦਾ ਸੀਨ ਚੱਲ ਰਿਹਾ ਸੀ ਬਈ?'

'ਓ ਹੋ ਯਾਰ, ਤੂੰ ਅੱਗੇ ਨੂੰ ਦੇਖ। ਹਾਲੇ ਰਾਏਕੋਟ ਵੀ ਜਾਣਾ। ਤੂੰ ਸਪੀਡ ਖਿੱਚ ਮਾੜੀ ਜਿਹੀ, ਮੰਜ਼ਿਲ ਖੋਟੀ ਹੋਈ ਜਾਂਦੀ ਆ।'

'ਚੰਗਾ ਮੇਰੇ ਗੁਰੂ।' ਗਗਨ ਨੇ ਰਫ਼ਤਾਰ ਵਧਾ ਦਿੱਤੀ। ਪਿੱਛੇ ਬੈਠਾ ਤੇਜਵੀਰ ਗਹਿਰੀ ਸੋਚ ਦੇ ਸਮੁੰਦਰ 'ਚ ਗੋਤੇ ਖਾ ਰਿਹਾ ਸੀ।

ਆਵਾਜਾਈ ਕਿਸੇ ਇੱਕ ਜਣੇ ਦੀ ਨਹੀਂ, ਸਗੋਂ ਪੰਜ-ਪੰਜ ਜਣਿਆਂ ਦੀ ਸਾਹਮਣੇ ਆ ਰਹੀ ਸੀ। ਜ਼ਰੂਰ ਕਾਤਿਲ ਵੀ ਉਨ੍ਹਾਂ ਵਿੱਚੋਂ ਹੀ ਕੋਈ ਇੱਕ ਹੈ, ਬਲਕਿ ਪਰਸੋਂ ਰਾਤ ਮੌਕਾਏ ਵਾਰਦਾਤ 'ਤੇ ਫੇਰੀ ਲਾਉਣ ਵਾਲੇ ਦੋਹਾਂ ਵਿਅਕਤੀਆਂ ਵਿੱਚੋਂ ਹੀ ਕੋਈ ਨਾ ਕੋਈ ਕਾਤਿਲ ਹੈ। ਪਰ ਉਨ੍ਹਾਂ ਦੋਹਾਂ ਸ਼ੱਕੀ ਵਿਅਕਤੀਆਂ ਦੀ ਸ਼ਨਾਖ਼ਤ ਦਾ ਕੀ ਹੱਲ-ਹੀਲਾ ਕੱਢਿਆ ਜਾਏ? ਇਸ ਬਾਰੇ ਤੇਜਵੀਰ ਨੂੰ ਕੁਝ ਵੀ ਨਹੀਂ ਸੁੱਝ ਰਿਹਾ ਸੀ। ਕੀ ਉਹ ਰਾਤਾਂ ਦੇ ਮਹਿਮਾਨ, ਕੇਵਲ ਮ੍ਰਿਤਕਾ ਦੇ ਫ਼ੈਨ ਕਲੱਬ ਦੇ ਹੀ ਮੈਂਬਰ ਸਨ? ਜਾਂ ਇਹ ਸਿਲਸਿਲਾ ਹੋਸਟਲ ਦੀਆਂ ਹੋਰਨਾਂ ਕੁੜੀਆਂ ਨੇ ਵੀ ਅਪਣਾਇਆ ਹੋਇਆ ਸੀ? ਉਨ੍ਹਾਂ ਦੋਹਾਂ ਵਿੱਚੋਂ ਵੀ ਕਾਤਿਲ ਕੌਣ ਸੀ? ਪਹਿਲਾ ਵਿਗੜੈਲ ਅਮੀਰਜ਼ਾਦਾ ਜਾਂ ਦੂਸਰਾ ਫ਼ਰੈਸ਼ਰ? ਉਹ ਹੈ ਕੌਣ ਸਨ? ਕੀ ਕਾਤਿਲ ਪਹਿਲੀ ਫੇਰੀ ਵਾਲਾ ਅਮੀਰਜ਼ਾਦਾ ਸੀ? ਇਕੱਲੇ ਲੁਧਿਆਣੇ ਸ਼ਹਿਰ ਵਿੱਚ ਹੀ ਵੱਡੀ ਗੱਡੀ ਵਾਲੇ ਵਿਗੜੇ ਕਾਕਿਆਂ ਦੀ ਗਿਣਤੀ ਸੈਂਕੜਿਆਂ ਵਿੱਚ ਹੋਵੇਗੀ ਅਤੇ ਇਹ ਵੀ ਕੀ ਜ਼ਰੂਰੀ ਸੀ ਕਿ ਉਹ ਲੁਧਿਆਣੇ ਦਾ ਹੀ ਸੀ? ਅੱਜ-ਕੱਲ੍ਹ ਤਾਂ 'ਚੰਡੀਗੜ੍ਹ ਕਰੇ ਆਸ਼ਕੀ, ਮੁੰਡਾ ਜੱਟਾਂ ਦਾ ਜਲੰਧਰੋਂ ਆ ਕੇ' ਵਾਲੀ ਗੱਲ ਵੀ ਬੜੀ ਆਮ ਹੈ। ਜਾਂ ਫਿਰ ਕਾਤਿਲ ਦੂਸਰੀ ਫੇਰੀ ਵਾਲਾ ਉਹ ਰਹੱਸਮਈ ਬੰਦਾ ਸੀ? ਕਿਉਂਕਿ ਆਖ਼ਿਰ ਵਿੱਚ ਤਾਂ ਉਹੀ ਆਇਆ ਸੀ। ਪਰ 'ਬੜੇ ਮੀਆਂ' ਦੇ ਕਹਿਣ ਅਨੁਸਾਰ ਤਾਂ ਉਹ ਪਹਿਲੀ ਵਾਰ ਆਇਆ ਸੀ, ਫਿਰ ਉਹ ਕਾਤਿਲ ਕਿਵੇਂ ਹੋ ਸਕਦਾ ਹੈ? ਪਹਿਲੀ ਵਾਰ ਆਉਣ ਵਾਲੇ ਕੋਲ ਕਤਲ ਦੀ ਭਲਾਂ ਕੀ ਵਜ੍ਹਾ ਹੋ ਸਕਦੀ ਹੈ? ਕੀ ਉਹ ਅਮੀਰਜ਼ਾਦੇ ਦਾ ਕੋਈ ਰਕੀਬ ਸੀ? ਪਰ ਮ੍ਰਿਤਕਾ ਦੇ ਸੰਬੰਧ ਤਾਂ ਉਸਦੇ ਉਸੇ ਰੂਟ ਦੇ ਕਿਸੇ ਰੈਗੂਲਰ ਪਾਂਧੀ ਨਾਲ ਹੀ ਸਿੱਧ ਹੁੰਦੇ ਹਨ। ਉਸਤੋਂ ਇਲਾਵਾ ਤਾਂ ਉਸਦਾ ਕਿਸੇ ਨਾਲ ਕੋਈ ਮੇਲ-ਮਿਲਾਪ ਸਾਹਮਣੇ ਨਹੀਂ ਆਇਆ। ਜਾਂ ਫਿਰ ਉਹ ਦੂਸਰਾ ਵਿਅਕਤੀ ਕਿਸੇ ਹੋਰ ਕੁੜੀ ਲਈ ਆਇਆ ਹੋਵੇਗਾ? ਵੈਸੇ ਵੀ ਉਸ ਅਮੀਰਜ਼ਾਦੇ ਦੇ ਕਾਤਿਲ ਹੋਣ ਦੀ ਹੀ ਜ਼ਿਆਦਾ ਸੰਭਾਵਨਾ ਨਜ਼ਰ ਆਉਂਦੀ ਹੈ। ਪਰ ਜੇ 'ਪੰਜਵਾਂ ਪਾਂਡਵ' ਵੀ ਮ੍ਰਿਤਕਾ ਦੇ ਫ਼ੈਨ ਕਲੱਬ ਦਾ ਮੈਂਬਰ ਨਿੱਕਲਿਆ ਤਾਂ ਫੇਰ?

ਇਹ ਤਾਣਾ-ਬਾਣਾ ਤਾਂ ਉਲਝਦਾ ਹੀ ਜਾ ਰਿਹਾ ਸੀ। ਜਿਸ ਹੋਸਟਲ 'ਚ ਗਗਨ ਦੇ ਕਹਿਣ ਮੁਤਾਬਿਕ ਬੰਦਾ ਤਾਂ ਕੀ ਪਰਿੰਦਾ ਵੀ ਪਰ ਨਹੀਂ ਮਾਰ ਸਕਦਾ ਸੀ, ਜਿੱਥੇ ਕਿਸੇ ਗ਼ੈਰ ਮਰਦ ਦੇ ਅੰਦਰ ਘੁਸਣ ਦਾ ਕੋਈ ਸਵਾਲ ਹੀ ਨਹੀਂ ਪੈਦਾ ਹੁੰਦਾ ਸੀ; ਉਸੇ ਗਰਲਜ਼ ਹੋਸਟਲ ਨੂੰ ਰਾਤ-ਬਰਾਤੇ ਗ਼ੈਰ ਮਰਦਾਂ ਨੇ ਕੰਪਨੀ ਬਾਗ਼ ਬਣਾਇਆ ਹੋਇਆ ਸੀ। ਕਾਤਿਲ ਦੀ ਸ਼ਨਾਖ਼ਤ ਵੱਲ ਨੂੰ ਇਸ਼ਾਰਾ ਕਰਦਾ ਕੋਈ ਸੁਰਾਗ਼ ਨਜ਼ਰ ਨਹੀਂ ਆ ਰਿਹਾ ਸੀ। ਕੋਈ ਅਜਿਹਾ ਸੂਤਰ ਨਹੀਂ ਸੀ, ਜਿਸਨੂੰ ਫੜ ਕੇ ਅੱਗੇ ਵਧਿਆ ਜਾ ਸਕੇ। ਕਤਲ ਦੀ ਇਹ ਗੁੱਥੀ ਤਾਂ ਸੁਲਝਣ ਦੀ ਬਜਾਏ ਪਲ-ਪਲ ਉਲਝਦੀ ਹੀ ਜਾ ਰਹੀ ਸੀ।

ਇਹੋ ਜਿਹੀਆਂ ਸੋਚਾਂ 'ਚ ਉਲਝਿਆ ਤੇਜਵੀਰ, ਚੁੱਪਚਾਪ ਮੰਜ਼ਿਲ 'ਤੇ ਪਹੁੰਚਣ ਦਾ ਇੰਤਜ਼ਾਰ ਕਰਦਾ ਰਿਹਾ।

ਹੇਠਲੇ ਜਬਾੜੇ ਤੱਕ ਲਟਕਿਆ ਹੋਇਆ ਮੂੰਹ ਲੈ ਕੇ ਸਰਦੂਲ ਸਿੰਘ ਐੱਸ.ਐੱਸ.ਪੀ. ਦੇ ਦਫ਼ਤਰ 'ਚੋਂ ਬਾਹਰ ਨਿਕਲਿਆ। ਐੱਸ.ਐੱਸ.ਪੀ. ਨੇ ਉਸ ਨਾਲ ਉਹ ਕੁੱਤੇਖਾਣੀ ਕੀਤੀ ਸੀ ਕਿ ਰਹੇ ਰੱਬ ਦਾ ਨਾਂ! ਇੰਨੀ ਬੇਇੱਜ਼ਤੀ ਆਪਣੇ ਪੂਰੇ ਕੈਰੀਅਰ 'ਚ ਨਹੀਂ ਦੇਖੀ ਸੀ ਉਸਨੇ।

ਹੋਰ ਤਾਂ ਹੋਰ ਉਸਦੇ ਹੱਥੋਂ ਕੇਸ ਤੱਕ ਖੋਹ ਲਿਆ ਗਿਆ ਸੀ। ਨਾ ਕੇਵਲ ਉਸ ਨੂੰ ਅਹਿਮਕ ਅਤੇ ਨਾਲਾਇਕ ਕਹਿ ਕੇ ਜ਼ਲੀਲ ਕੀਤਾ ਗਿਆ, ਸਗੋਂ ਸਸਪੈਂਡ ਤੱਕ ਕਰਨ ਦੀ ਧਮਕੀ ਦੇ ਦਿੱਤੀ ਗਈ ਸੀ। ਅਤੇ ਇਹ ਸਭ ਕੁਝ ਹੋਇਆ ਕਿਸ ਦੀ ਵਜ੍ਹਾ ਨਾਲ? ਤੇਜਵੀਰ ਦੀ।

ਤੇਜਵੀਰ ਦਾ ਖ਼ਿਆਲ ਜ਼ਿਹਨ 'ਚ ਆਉਂਦੇ ਸਾਰ ਹੀ, ਸਰਦੂਲ ਸਿੰਘ ਦਾ ਪਾਰਾ ਸੱਤਵੇਂ ਅਸਮਾਨ 'ਤੇ ਜਾ ਚੜ੍ਹਿਆ। ਏਨਾ ਕੁਝ ਹੋਣ ਦੇ ਬਾਵਜੂਦ ਵੀ ਉਸਨੂੰ ਰੱਤੀ ਭਰ ਇਹ ਅਹਿਸਾਸ ਨਹੀਂ ਹੋਇਆ ਕਿ ਉਸਦੀ ਇਸ ਹਾਲਤ ਦਾ ਜ਼ਿੰਮੇਵਾਰ ਤੇਜਵੀਰ ਨਹੀਂ, ਸਗੋਂ ਉਹ ਖ਼ੁਦ ਆਪ ਹੈ। ਉਸਨੂੰ ਕੋਈ ਅਹਿਸਾਸ ਨਹੀਂ ਸੀ ਕਿ ਮੀਡੀਆ ਸਾਹਮਣੇ ਉਹ ਕੀ ਅਵਾ-ਤਵਾ ਬੋਲ ਗਿਆ ਸੀ, ਜਦਕਿ ਉਹ ਭਲੀ-ਭਾਂਤੀ ਜਾਣਦਾ ਸੀ ਕਿ ਅੱਜ-ਕੱਲ੍ਹ ਮੀਡੀਆ ਵਾਲੇ ਕਿਵੇਂ ਖੰਭਾਂ ਦੀਆਂ ਡਾਰਾਂ ਬਣਾ ਲੈਂਦੇ ਹਨ। ਆਪਣੀ ਇਸ ਬੇਵਕੂਫ਼ੀ ਸਦਕਾ ਉਹ ਘਰ-ਘਰ ਵਿੱਚ ਹਾਸੇ ਦਾ ਪਾਤਰ ਬਣ ਗਿਆ ਸੀ। ਉਸਨੂੰ ਇਹ ਵੀ ਅਹਿਸਾਸ ਨਹੀਂ ਹੋਇਆ ਕਿ ਤੇਜਵੀਰ ਦੀ ਇੱਕ ਜਾਇਜ਼ ਤਜਵੀਜ਼ ਸੁਣਨ ਦੀ ਬਜਾਏ, ਉਸਨੇ ਅੜਬਾਈ ਦਿਖਾ ਕੇ ਕਿੰਨੀ ਵੱਡੀ ਮੂਰਖ਼ਤਾ ਕੀਤੀ ਸੀ। ਪਰ ਜਿਸਨੇ ਆਪਣੇ ਅਹੁਦੇ, ਲਾਲਚ ਅਤੇ ਗ਼ਰੂਰ ਸਦਕਾ ਨਿਰਦੋਸ਼ ਇਨਸਾਨੀ ਜਾਨਾਂ ਦੀ ਪਰਵਾਹ ਤੱਕ ਨਾ ਕੀਤੀ ਹੋਵੇ, ਜਿਸਨੇ ਜਿਉਂਦੇ ਜਾਗਦੇ ਮਾਸੂਮ ਨੌਜਵਾਨਾਂ ਨੂੰ ਬਲੀ ਦਾ ਬੱਕਰਾ ਬਣਾ ਕੇ ਖ਼ੂਨ ਦੀ ਹੋਲੀ ਖੇਡੀ ਹੋਵੇ, ਅਜਿਹੇ ਰਾਖ਼ਸ਼ ਪ੍ਰਵਿਰਤੀ ਵਾਲੇ ਅਮਾਨਵ ਤੋਂ ਹੋਰ ਆਸ ਵੀ ਕੀਤੀ ਜਾ ਸਕਦੀ ਹੈ?

'ਸਰਦੂਲ ਸਿਆਂ! ਜੇ ਇਸ ਪਿੱਦੀ ਜਿਹੇ ਛੋਕਰੇ ਦਾ ਡੰਡਾ-ਡੁੱਕ ਨਾ ਕੀਤਾ, ਤਾਂ ਤੂੰ ਆਪਣੇ ਅਸਲ ਦੀ ਔਲਾਦ ਨਹੀਂ।'

ਆਪਣੇ ਆਪ ਨੂੰ ਚੈਲੇਂਜ ਕਰਦਾ ਹੋਇਆ ਸਰਦੂਲ ਸਿੰਘ, ਆਪਣੀ ਹਉਮੈ 'ਤੇ ਮਣਾਂ-ਮੂੰਹੀਂ ਭਾਰ ਚੁੱਕੀ, ਚੌਕੀ ਵੱਲ ਰਵਾਨਾ ਹੋ ਗਿਆ।

ਰਾਹ ਵਿੱਚ ਵੀ ਉਸਦੇ ਜ਼ਿਹਨ 'ਤੇ ਕਿਸੇ ਭਾਰੀ ਹਥੌੜੇ ਵਾਂਗ ਥਾੜ੍ਹ-ਥਾੜ੍ਹ ਇੱਕੋ ਨਾਮ ਵੱਜੀ ਜਾ ਰਿਹਾ ਸੀ। ਤੇਜਵੀਰ - ਤੇਜਵੀਰ - ਤੇਜਵੀਰ।

ਉਸਦੀ ਸੰਪੂਰਣ ਦਿਮਾਗੀ ਸ਼ਕਤੀ, ਆਪਣੇ ਸਮੂਹ ਪੁਲਸੀਆ ਤਜਰਬੇ ਸਮੇਤ, ਏਸੇ ਉਧੇੜਬੁਣ 'ਚ ਲੱਗੀ ਹੋਈ ਸੀ, ਕਿ ਤੇਜਵੀਰ ਤੋਂ ਬਦਲਾ ਕਿਵੇਂ ਲਿਆ ਜਾਵੇ?

ਇਉਂ ਜਾਪ ਰਿਹਾ ਸੀ ਜਿਵੇਂ ਕਿ ਉਸਦੀ ਜ਼ਿੰਦਗੀ ਦਾ ਸਿਰਫ਼ ਇੱਕ ਹੀ ਮਕਸਦ ਰਹਿ ਗਿਆ ਹੋਵੇ।

ਤੇਜਵੀਰ ਤੋਂ ਬਦਲਾ। ਆਪਣੇ ਜਾਂਚੇ-ਪਰਖੇ ਤਰੀਕਿਆਂ ਨੂੰ ਤੋਲਦਾ-ਪਰਖਦਾ ਸਰਦੂਲ ਸਿੰਘ ਚੌਕੀ ਜਾ ਪੁੱਜਾ।

ਸਲਾਮਾਂ ਠੋਕਦੇ ਸਿਪਾਹੀਆਂ ਨਾਲ ਨਜ਼ਰਾਂ ਮਿਲਾਉਣ ਤੋਂ ਕਤਰਾਉਂਦਾ ਹੋਇਆ, ਉਹ ਵਾਹੋ-ਦਾਹੀ ਆਪਣੇ ਦਫ਼ਤਰ 'ਚ ਪਹੁੰਚ, ਆਪਣੀ ਕੁਰਸੀ ਵਿਚ ਜਾ ਧਸਿਆ।

ਅਗਲਾ ਅੱਧਾ ਘੰਟਾ ਉਹ ਏਸੇ ਉਧੇੜਬੁਣ 'ਚ ਲੱਗਿਆ ਰਿਹਾ ਕਿ ਤੇਜਵੀਰ ਦੀ ਬੱਕਰੀ ਕਿਵੇਂ ਗੁੱਲਾਂ 'ਤੇ ਚਾੜ੍ਹੀ ਜਾਵੇ। ਅਖ਼ੀਰ ਉਹ ਨਤੀਜੇ 'ਤੇ ਪਹੁੰਚਿਆ।

ਉਸਨੇ ਪੂਰੀ ਚੌਕੀ ਵਿੱਚ ਆਪਣੇ ਸਭ ਤੋਂ ਵਿਸ਼ਵਾਸਪਾਤਰ ਸਿਪਾਹੀ ਗੁਰਦੇਵ ਰਾਮ ਨੂੰ ਤਲਬ ਕੀਤਾ। ਇਹ ਉਹੀ ਸਿਪਾਹੀ ਸੀ, ਜਿਸਨੇ 'ਉਸਦੇ ਅੱਲ੍ਹੇ ਫੱਟਾਂ 'ਤੇ ਲੂਣ ਭੁੱਕਣ ਦਾ ਕੰਮ' ਕੀਤਾ ਸੀ।

ਗੁਰਦੇਵ ਰਾਮ ਫ਼ੌਰਨ 'ਜਨਾਬ' ਦੇ 'ਹਜ਼ੂਰ' 'ਚ ਆ ਪੇਸ਼ ਹੋਇਆ। 'ਗੁਰਦੇਵ ਰਾਮਾ, ਸਰਦੂਲ ਸਿੰਘ ਏ.ਐੱਸ.ਆਈ. ਨੇ ਆਪਣੇ ਪੂਰੇ ਕੈਰੀਅਰ 'ਚ, ਅੱਜ ਤੱਕ, ਕਦੇ ਕਿਸੇ ਨੂੰ ਇਹ ਨਹੀਂ ਆਖਿਆ, ਜੋ ਅੱਜ ਤੈਨੂੰ ਆਖਣ ਜਾ ਰਿਹਾ। ਕੰਨ ਖੜ੍ਹੇ ਕਰ ਕੇ ਸੁਣ, ਬਈ ਅੱਜ ਤੇਰੀ ਨਮਕ-ਹਲਾਲੀ ਸਾਬਿਤ ਕਰਨ ਦਾ ਸਮਝਲਾ, ਇਮਤਿਹਾਨ ਆ ਗਿਆ। ਸਰਦੂਲ ਸਿੰਘ ਏ.ਐੱਸ.ਆਈ. ਨੇ ਅੱਜ ਤੱਕ ਕਿਸੇ ਸਾਹਮਣੇ ਸਵਾਲ ਨਹੀਂ ਪਾਇਆ, ਅੱਜ ਤੇਰੇ ਅੱਗੇ ਪਾਉਣ ਲੱਗਿਆ।'

ਆਪਣੀ ਆਖੀ ਗੱਲ ਦਾ ਅਸਰ ਜਾਂਚਣ ਲਈ ਉਹ ਕੁਝ ਦੇਰ ਲਈ ਬੋਲਦਾ-ਬੋਲਦਾ ਰੁਕ ਗਿਆ।

ਪੂਰੇ ਪੁਲਿਸ ਮਹਿਕਮੇ ਨੂੰ ਆਪਣੇ ਬਾਪ ਦੀ ਜਾਗੀਰ ਸਮਝਣ ਵਾਲਾ ਸਰਦੂਲ ਸਿੰਘ ਇਹ ਭੁੱਲ ਹੀ ਗਿਆ ਸੀ ਕਿ ਗੁਰਦੇਵ ਰਾਮ ਨਮਕ ਕਾਨੂੰਨ ਅਤੇ ਜਨਤਾ ਦੀ ਸਰਕਾਰ ਦਾ ਖਾਂਦਾ ਸੀ, ਨਾ ਕਿ ਉਸਦਾ।

'ਜਨਾਬ। ਹੁਕਮ ਕਰੋ, ਮੈਂ ਤਾਂ ਹਮੇਸ਼ਾਂ ਤੁਹਾਡੀ ਤਾਬਿਆ ਖੜ੍ਹਾਂ ਜੀ।' ਅੰਦਰੋਂ-ਅੰਦਰੀਂ ਡਰਦੇ, ਪਰ ਉੱਪਰੋਂ-ਉੱਪਰੀਂ ਖ਼ੁਸ਼ੀ ਜ਼ਾਹਿਰ ਕਰਦੇ ਗੁਰਦੇਵ ਰਾਮ ਨੇ ਦੋਵੇਂ ਹੱਥ ਜੋੜਦਿਆਂ ਕਿਹਾ।

'ਤਾਂ ਫਿਰ ਸੁਣ।' ਸਰਦੂਲ ਸਿੰਘ ਨੇ ਬੜੀ ਸ਼ਿੱਦਤ ਨਾਲ ਤੇਜਵੀਰ ਨੂੰ ਨੱਪਣ ਦੀ ਸਕੀਮ ਉਜਾਗਰ ਕਰਨੀ ਸ਼ੁਰੂ ਕਰ ਦਿੱਤੀ। (ਚਲਦਾ)

# ਕਾਵਿ ਸੰਸਾਰ

## ਕਵਿਤਾ
### ਸਰਬਜੀਤ ਕੌਰ ਪੀਸੀ

ਵਿਛੜੇ ਮਾਰੂਥਲਾਂ ਲੱਭਦੀ ਨੂੰ
ਮੈਨੂੰ ਰੇਤਾ ਹਿੱਕ ਨਾਲ਼ ਲਾ ਲਿਆ।
ਮੈਂ ਚਾਹੁੰਦੀ ਸੀ ਤੇਰੀ ਰਹਿਣਾ
ਤੱਤੀ ਹਵਾ ਸਾਹਾਂ ਵਲ਼ ਪਾ ਲਿਆ।
ਦਿਲਾਂ ਦੇ ਜਾਨੀਆਂ, ਤੂੰ ਕੀ ਜਾਣੇ
ਕੀ ਜਾਣੇ ਊਠਾਂ ਵਾਲੜਿਆ
ਤੱਤੀ ਰੇਤ ਨੇ ਕਿੰਵ ਉਬਾਲ਼ਿਆ
ਦਿਨ ਜੇਠ ਹਾੜ੍ਹ ਦੀਆਂ ਧੁੱਪਾਂ ਦੇ
ਸਿਰ ਸੜ੍ਹ ਗਿਆ, ਕਿੱਥੇ ਲੁਕਾਂ ਵੇ
ਨੰਗੇ ਪੈਰੀਂ ਜਦ ਤੁਰ ਲੱਭਣ ਤੁਰੀ
ਮੈਨੂੰ ਖਿੱਚ ਸੀਨੇ ਨਾਲ਼ ਲਾ ਲਿਆ
ਦਿਲਾਂ ਦਿਆ ਜਾਨੀਆਂ,ਤੂੰ ਕੀ ਜਾਣੇ
ਕੀ ਜਾਣੇ ਊਠਾਂ ਵਾਲੜਿਆ
ਤੱਤੀ ਰੇਤ ਨੇ ਕਿੰਵ ਉਬਾਲ਼ਿਆ।
ਤੇਰੇ ਪੈੜ੍ਹ ਮੈਂ ਲੱਭਣੇ ਚਾਹਵਾਂ ਵੇ
ਮੁੱਲ ਪਾ ਕਰੀਰਾਂ ਛਾਵਾਂ ਦੇ।
ਡਾਚੀ ਨੂੰ ਮੁੜਨ ਲਈ ਹਾਕ ਮਾਰੀ
ਮੈਂ ਲੱਭ ਦੇਊਂ, ਕਹਿ ਭਰਮਾ ਲਿਆ
ਦਿਲਾਂ ਦਿਆ ਜਾਨੀਆਂ, ਤੂੰ ਕੀ ਜਾਣੇ
ਕੀ ਜਾਣੇ ਊਠਾਂ ਵਾਲੜਿਆ
ਤੱਤੀ ਰੇਤ ਨੇ ਕਿੰਵ ਉਬਾਲ਼ਿਆ।
ਤੱਕ ਨਜ਼ਰ ਨਾ ਆਉਂਦਾ ਪਿਆਰ ਵੇ
ਤਾਂ ਬਹਿ ਕੇ ਪੱਬਾਂ ਭਾਰ ਵੇ
ਕਰ ਡਾਹਡੇ ਤੇ ਇਤਬਾਰ ਵੇ
ਜਦ ਓਸ ਦਾ ਨਾਮ ਧਿਆ ਲਿਆ
ਦਿਲਾਂ ਦਿਆ ਜਾਨੀਆਂ, ਤੂੰ ਕੀ ਜਾਣੇ
ਕੀ ਜਾਣੇ ਊਠਾਂ ਵਾਲੜਿਆ
ਕਿੰਵ ਸਰਬ ਨੇ ਪਿਆਰ ਨਿਭਾ ਲਿਆ।

## ਕਵਿਤਾ
### ਗੁਰਪ੍ਰੀਤ ਸਿੰਘ 'ਆਫ਼ਤਾਬ'

ਇੱਥੇ ਹਰ ਇੱਕ ਚੀਜ਼ ਉਧਾਰੀ ਏ।।
ਗੱਲ ਇੱਕ ਸੋਚ ਵਿਚਾਰੀ ਏ।
ਇਥੇ ਹਰ ਇੱਕ ਚੀਜ਼ ਉਧਾਰੀ ਏ।
ਮਾਂ-ਪਿਉ ਭੈਣ-ਭਾਈ ਸੰਬੰਧੀ,
ਜਾਂ ਹੋਰ ਵੀ ਰਿਸ਼ਤੇਦਾਰੀ ਏ।
ਇਥੇ ਹਰ ਇੱਕ ਚੀਜ਼ ਉਧਾਰੀ ਏ।
ਦੋਸਤ ਹੈ ਕੋਈ ਪੱਕਾ ਜਿਗਰੀ,
ਤੇ ਜਾਂ ਕੋਈ ਰੂਹ ਦਾ ਆੜੀ ਏ।
ਇਥੇ ਹਰ ਇੱਕ ਚੀਜ਼ ਉਧਾਰੀ ਏ।
ਰਾਜਾ ਪਰਜਾ, ਨੌਕਰ ਚਾਕਰ,
ਜਾਂ ਰਿਆਸਤ ਦੀ ਸਰਦਾਰੀ ਏ।
ਇਥੇ ਹਰ ਇੱਕ ਚੀਜ਼ ਉਧਾਰੀ ਏ।
ਮਹਿਲ ਚੁਬਾਰੇ ਸੋਨਾ ਤੇ ਚਾਂਦੀ,
ਹੀਰੇ ਆਦਿ ਖਜ਼ਾਨਾ ਭਾਰੀ ਏ।
ਇਥੇ ਹਰ ਇੱਕ ਚੀਜ਼ ਉਧਾਰੀ ਏ।
ਸੂਰਜ ਧਰਤੀ ਹਵਾ ਚੰਦਰਮਾ,
ਜਾਂ ਦਿਨ ਸ਼ਾਮ ਰੈਣਾਰੀ ਏ।
ਇਥੇ ਹਰ ਇੱਕ ਚੀਜ਼ ਉਧਾਰੀ।
ਹੱਢ ਚੰਮ ਸਭ ਕੁੱਝ ਉਧਾਰਾ,
ਵਿਚ ਵਸੀ ਰੂਹ ਅਨਾੜੀ ਏ।
ਇਥੇ ਹਰ ਇੱਕ ਚੀਜ਼ ਉਧਾਰੀ ਏ।
ਕਣ ਤੋਂ ਲੈ ਕੇ ਪਰਬਤ ਉਧਾਰਾ,
ਸੱਚੀ ਗੱਲ ਕਲਮ ਉਚਾਰੀ ਏ।
ਆਫ਼ਤਾਬ ਇਥੇ ਹਰ ਇੱਕ ਚੀਜ਼ ਉਧਾਰੀ ਏ।

## ਇਨਸਾਨ ਵਰਗਾ ਕਿਰਦਾਰ
### ਡਾ: ਸੰਦੀਪ ਸਿੰਘ ਮੁੰਡੇ
### ਮੋ. 9413652646



ਕੁੱਝ ਬੋਲਿਆ ਤਾਂ ਚੁਭਣਗੇ ਬੋਲ ਉਨ੍ਹਾਂ ਨੂੰ,
ਜੋ ਆਪਣੀ ਹੀ ਕਿਰਤ ਦੇ ਵਫਾਦਾਰ ਨਾਹੀਂ।
ਦੁਨੀਆ 'ਤੇ ਉਸ ਮਨੁੱਖ ਦਾ ਜਿਉਣਾ ਬਿਰਥਾ,
ਜਿਸ ਨੂੰ ਆਪਣੇ ਹੀ ਹੁਨਰ ਦੀ ਕਦਰ ਨਾਹੀਂ।
ਸਫਲਤਾ ਦੀਆਂ ਬੁਲੰਦੀਆਂ ਕਦੇ ਉਹ ਛੂਹੰਦੇ ਨਾ,
ਜੋ ਕਰਨ ਸਮੇਂ ਦਾ ਸਦਉਪਯੋਗ ਨਾਹੀਂ।
ਨਵਾਂ ਕੁੱਝ ਹੋਰ ਨਹੀਂ ਸਿਰਜ ਸਕਦੇ,
ਜਿਨ੍ਹਾਂ ਨੂੰ ਆਪਣੇ ਆਪ ਤੇ ਇਤਬਾਰ ਨਾਹੀਂ।
ਹਰ ਥਾਂ ਜੋ ਪੈਸੇ ਨੂੰ ਹੀ ਮੁੱਖ ਰੱਖਦੇ,
ਉਨ੍ਹਾਂ ਦੇ ਜੀਵਨ ਵਿਚ ਹੁੰਦੀ ਬਹਾਰ ਨਾਹੀਂ।
ਬੰਦਾ ਬਣਕੇ ਵੀ ਜੇਕਰ ਨਾਮ ਕਮਾਇਆ ਨਾ ,
ਮਨੁੱਖੀ ਜੀਵਨ ਦਾ ਉਹ ਹੱਕਦਾਰ ਨਾਹੀਂ।
ਸੋਹਣੀ ਸੂਰਤ ਸੀਰਤ ਦਾ ਕੀ ਫ਼ਾਇਦਾ,
ਜੇਕਰ ਮੂੰਹ ਵਿੱਚ ਪਿਆਰ ਦੇ ਦੋ ਬੋਲ ਨਾਹੀਂ।
ਦੁਨੀਆਂ ਸਾਹਮਣੇ ਚੰਗੇ ਬਣਨ ਦਾ ਕੀ ਫ਼ਾਇਦਾ,
ਜੇਕਰ ਕੀਤਾ ਮਾਂ-ਬਾਪ ਦਾ ਸਤਿਕਾਰ ਨਾਹੀਂ।
'ਮੁੰਡੇ' ਇਸ ਜਹਾਨ ਵਿਚ ਆਕੇ ਕੀ ਖੱਟਿਆ ਤੂੰ,
ਜੇਕਰ ਸਿਰਜਿਆ ਇਨਸਾਨ ਵਰਗਾ ਕਿਰਦਾਰ ਨਾਹੀਂ।

## ਗੁਣਵਾਨਹੁ ਗੋਬਿੰਦ
### ਗਗਨਪ੍ਰੀਤ ਕੌਰ

ਸਿਮਰ ਸਿਮਰ ਵਾਹੁ ਵਾਹੁ ਗੋਬਿੰਦ
ਹਰ ਛਿਣ ਹਰ ਸਾਹੁ ਸਾਹੁ ਗੋਬਿੰਦ
ਕੱਪੜਿ ਮਲੀਨ ਬੇਸ਼ਕ ਹੋਵਇ
ਮੈਲ਼ੇ ਮਨੁ ਨਹਿ ਪਾਵਹੁ ਗੋਬਿੰਦ।

ਕਣ ਕਣ ਮਾਹਿ ਸਮਾਹੁ ਗੋਬਿੰਦ
ਐਸਨਿ ਬੈਠੁ ਧਿਆਵਹੁ ਗੋਬਿੰਦ
ਜੀਹਵਾ ਜਪਿਐ ਹਰ ਦਮ ਭਾਈਆ
ਮ੍ਰਿਤੁ ਜਾਨੋ ਜਿ ਵਿਸਾਰਹੁ ਗੋਬਿੰਦ।

ਹਮ ਨੀਚ ਨ ਸਕੈਂ ਸਲਾਹੁ ਗੋਬਿੰਦ
ਰੁਲ਼ੈ ਫਿਰਹਿ ਜਗਿ ਮਾਹੁ ਗੋਬਿੰਦ
ਦਇਆਵਾਨਿ ਹੋ ਪ੍ਰੀਤਮ ਮੇਰੇ
ਹਮ ਨਿਰਗੁਣ ਤੂ ਗੁਣਵਾਨਹੁ ਗੋਬਿੰਦ।

## ਕਵਿਤਾ
### ਅਫਜਲ ਸਾਹਿਰ

ਸਾਡੇ ਬਾਬੇ ਲੀਕਾਂ ਚੁੰਮੀਆਂ, ਸਾਨੂੰ ਮੱਤ ਕੀ ਆਉਣੀ
ਅੰਗ ਲਮਕਣ ਨੰਗੀ ਤਾਰ 'ਤੇ, ਵਿੱਚ ਰੱਤ ਕੀ ਆਉਣੀ
ਅਸੀਂ ਝੂਠੋ ਝੂਠੀ ਖੇਡ ਕੇ, ਇੱਕ ਸੱਚ ਬਣਾਇਆ
ਫਿਰ ਉਸ ਨੂੰ ਧਰਮੀ ਲਹਿਰ ਦਾ, ਇੱਕ ਤੜਕਾ ਲਾਇਆ
ਅਸੀਂ ਪਾਕ ਪਲੀਤੇ ਪਾਣੀਆਂ ਵਿੱਚ, ਰਿੱਝਦੇ ਜਾਈਏ
ਜਾਂ ਹੱਸੀਏ ਘੂਰੀ ਵੱਟ ਕੇ, ਜਾਂ ਖਿਝਦੇ ਜਾਈਏ
ਕੋਈ ਨੇਜ਼ੇ ਉੱਤੇ ਸੱਚ ਵੀ, ਇੱਥੇ ਨਹੀਂ ਪਚਣਾ
ਭਾਵੇਂ ਈਸਾ ਮੁੜ ਕੇ ਆ ਜਾਏ, ਇੱਥੇ ਨਹੀਂ ਬਚਣਾ
ਅਸੀਂ ਅੱਖਾਂ ਮਲ਼ ਮਲ਼ ਵੇਖੀਏ, ਕੀ ਖੇਡਾਂ ਹੋਈਆਂ
ਕਿਤੇ ਸ਼ੇਰਾਂ ਵਰਗੇ ਸੂਰਮੇ, ਅੱਜ ਭੇਡਾਂ ਹੋਈਆਂ
ਚੰਗਾ ਈ ਸੀ ਪੁੱਤਰਾ, ਜੇ ਦੇਸ਼ 'ਚ ਰਹਿੰਦੇ
ਸਾਨੂੰ ਆਣ ਅੰਗਰੇਜਾਂ ਰੋਲਿਆ, ਸਾਡੇ ਬਾਬੇ ਕਹਿੰਦੇ
ਸਾਨੂੰ ਸੱਜਾ ਹੱਥ ਵਿਖਾ ਕੇ, ਮਾਰੀ ਸੁ ਖੱਬੀ
ਅਸੀਂ ਜੰਨਤ ਵੱਲ ਨੂੰ ਨੱਠ ਪਏ, ਤੇ ਦੋਜ਼ਖ਼ ਲੱਭੀ
ਅਸੀਂ ਜੁੱਤੇ ਵਿੱਚ ਪੰਜਾਲੀਆਂ, ਹਲ਼ ਬਣ ਗਏ ਫਾਹੀਆਂ
ਅਸੀਂ ਖੇਤਾਂ ਵਿੱਚ ਈ ਬੀਜੀਆਂ, ਕਈ ਸਾਲ, ਛਮਾਹੀਆਂ
ਅਸੀਂ ਵਿਲਕੇ ਰੋਏ ਭੁੱਖ ਤੋਂ, ਸਾਹ ਟੁੱਟਣ ਲੱਗ ਪਏ
ਫਿਰ ਲੱਤਾਂ ਕੱਢੀਆਂ ਚੌਧਰੀ, ਅਸੀਂ ਘੁੱਟਣ ਲੱਗ ਪਏ
ਨਹੀਂ ਖਾਣ ਪੀਣ ਨੂੰ ਲੱਭਦਾ, ਸਾਡੇ ਘਰ 'ਚ ਸਾਇਆ
ਅਖ਼ੇ ਬੋਤਲ 'ਚੋਂ ਨਹੀਂ ਪੀਵਣਾ, ਇਹ ਦੱਮ ਕਰਵਾਇਆ
ਅਸੀਂ ਛਿੱਟੀ ਚਰਾਵਣ ਲੈ ਗਏ, ਕਿੰਜ ਬੂਹਾ ਨਿਕਲੇ
ਜਿਉਂ ਬੀਨ ਵਜਾਈਏ ਰੁੱਡ 'ਤੇ, ਤਾਂ ਚੂਹਾ ਨਿਕਲੇ
ਗਏ ਵੱਡੇ ਬਾਹਰ ਵਲੈਤ 'ਚੋਂ, ਸ਼ਾਹੂਕਾਰ ਲਿਆਏ,
ਸਾਡੀ ਖਿੜੀ ਕਪਾਹ ਨੂੰ ਵੇਚਿਆ, ਅਸੀਂ ਮੰਗ ਕੇ ਪਾਏ
ਜਦ ਸ਼ੀਸ਼ੇ ਮੂਹਰੇ ਆ ਗਏ, ਬਣ ਅਫ਼ਲਾਤੂਨੀ
ਤਦ ਸ਼ਕਲਾਂ ਦਿਸੀਆਂ ਕਾਲੀਆਂ, ਹੱਥ ਖ਼ੂਨੋ ਖ਼ੂਨੀ
ਅਸੀਂ ਖੜੇ ਖਲੋਤੇ ਕੰਬ ਗਏ, ਪਰਛਾਵੇਂ ਬਦਲੇ
ਸਾਡੇ ਆਪਣਿਆਂ ਪਟਵਾਰੀਆਂ, ਸਾਡੇ ਨਾਵੇਂ ਬਦਲੇ
ਸਾਨੂੰ ਸੁਰਤ ਨਾ ਆਈ ਹੋਵੰਦੇ, ਕਿੰਜ ਘਾਟੇ ਵਾਧੇ
ਅਸੀਂ ਬਾਂਦਰ-ਕਿੱਲਾ ਖੇਡਿਆ, ਤੇ ਛਿੱਤਰ ਖਾਧੇ
ਸਾਨੂੰ ਟੁੱਕ ਦਾ ਫਾਹਾ ਲੈ ਗਿਆ ਸੀ, ਮਿੱਲਾਂ ਵੱਲੇ
ਦੋ ਮਾਲਿਕ ਜੁੜ ਕੇ ਬਹਿ ਗਏ, ਅਸੀਂ ਲੱਖਾਂ ਕੱਲੇ
ਸਾਡਾ ਗੰਨਾ ਮਿਲ ਨੇ ਪੀੜਿਆ, ਰੌਹ ਰੱਤੀ ਨਕਲੀ
ਉਸ ਰੱਤ 'ਚੋਂ ਪੱਗਾਂ ਵਾਲਿਆਂ ਦੀ, ਪੱਤੀ ਨਕਲੀ
ਅਸੀਂ ਮੀਂਹ ਤੋਂ ਕਣਕਾਂ ਸਾਂਭੀਆਂ, ਸਾਨੂੰ ਚੌਧਰ ਪੈ ਗਈ
ਸਾਡਾ ਮਿੱਟੀ ਵਿੱਚ ਮੂੰਹ ਤੁੰਨ ਕੇ, ਸਾਡੇ ਸਿਰ 'ਤੇ ਬਹਿ ਗਈ
ਕੀ ਦੱਸਾਂ, ਸਾਹ ਦੀ ਮੰਡੀਏ, ਕਿੰਜ ਮੰਦਾ ਹੁੰਦਾ
ਮੈਂ ਰੱਬ ਨਾਲ ਦੁਖੜੇ ਫੋਲਦਾ, ਜੇ ਬੰਦਾ ਹੁੰਦਾ ...।

## ਕਵਿਤਾ
### ਕੁਲਦੀਪ ਸਿੰਘ ਦੀਪ

ਸੱਪ ਵੀ ਬੈਠਾ ਹੱਸੀ ਜਾਵੇ
ਬੰਦਾ ਬੰਦੇ ਨੂੰ ਡੱਸੀ ਜਾਵੇ,
ਆਪਣਾ ਖ਼ੂਨ ਵੀ ਪਾਣੀ ਹੋਇਆ
ਭਾਈ ਭਾਈ ਤੋਂ ਨੱਸੀ ਜਾਵੇ,
ਮੌਤ ਤਾਂ ਸੱਜਣਾਂ ਸਭ ਨੂੰ ਆਉਣੀ
ਵੈਰੀ ਦੀ ਤੇ ਹੱਸੀ ਜਾਵੇਂ,
ਆਪਣੇ ਤੋਂ ਕੁਝ ਹੁੰਦਾ ਨਹੀਓ
ਕਿਉਂ ਦੂਜੇ ਉੱਤੇ ਮੱਚੀ ਜਾਵੇ,
ਹੁਨਰ ਤਾਂ ਤੇਰੇ ਕੋਲ ਬਹੁਤ ਹੈ
ਡਰਦਾ ਕਾਹਤੋਂ ਨੱਪੀ ਜਾਵੇ,
ਰੱਬ ਦੀ ਮਾਰ ਤੋਂ ਡਰਿਆ ਕਰ ਤੂੰ
ਹੰਕਾਰ ਦੇ ਵਿੱਚ ਕਿਉਂ ਟੱਪੀ ਜਾਵੇ,
ਕਮਾਈ ਸੱਚੀ ਨਾਲ ਹੈ ਜਾਂਦੀ
ਗਰੀਬ ਦੀ ਫਿਰ ਵੀ ਡੱਕੀ ਜਾਵੇ
ਸੱਚੇ ਤੇ ਇਲਜ਼ਾਮ ਜੋ ਲਾਉਂਦਾ
ਨਰਕਾਂ ਦੀ ਉਹ ਭੱਠੀ ਜਾਵੇ,
ਆਪਣਾ ਪਰਦਾ ਫਿਰੇ ਲੁਕਾਉਦਾ
ਦੂਜਿਆਂ ਦਾ ਕਿਉਂ ਚੱਕੀ ਜਾਵੇ,
ਦਾਨ ਕਦੇ ਤਾਂ ਕਰ ਲੈ ਬੰਦਿਆਂ
ਭਰ ਭਰ ਜੇਬਾਂ ਰੱਖੀ ਜਾਵੇ
'ਦੀਪ' ਦੇ ਵਿੱਚ ਵੀ ਔਗੁਣ ਬੜੇ ਨੇ
ਹਮੇਸ਼ਾ ਕਹੀ ਗੱਲ ਸੱਚੀ ਜਾਵੇ।

## .ਗ਼ਜ਼ਲ
### ਜੀਵਨ ਪਾਇਲ ਜ਼ਿਲ੍ਹਾ ਲੁਧਿਆਣਾ



ਅੰਦਰ ਬੈਠੇ ਜੋਗੀ ਨੂੰ ਮੈਂ ਭੁੱਲ ਗਿਆ ਸੀ,
ਤਾਹਿਓ ਤੇ ਮੈਂ ਇਸ ਦੁਨੀਆਂ ਵਿੱਚ ਰੁੱਲ ਗਿਆ ਸੀ,
ਕ੍ਰਿਪਾ ਮੇਹਰ ਤੇਰੀ ਦੇ ਸਦਕੇ ਸਤਿਗੁਰੂ ਪੂਰਾ ਤੂੰ ਮਿਲਾਇਆ,
ਮਨ ਦਾ ਬੁਝਿਆ ਦੀਪ ਜਲਾ ਕੇ ਨਿੱਜ ਘਰ ਜਿਉਂਦੇ ਜੀਅ ਦਿਖਲਾਇਆ,
ਤੂੰ ਸਤਿਗੁਰੂ ਨਾ ਮਿਲਾਉਂਦਾ ਮੈ ਤਾਂ ਰੁਲ ਗਿਆ ਸੀ,
ਅੰਦਰ ਬੈਠੇ ਜੋਗੀ ਨੂੰ ਮੈਂ ਭੁੱਲ ਗਿਆ ਸੀ,
ਤਾਹਿਓ ਤੇ ਮੈਂ ਇਸ ਦੁਨੀਆਂ ਵਿੱਚ ਰੁੱਲ ਗਿਆ ਸੀ,
ਭੁੱਲਿਆਂ ਨੂੰ ਗਲ ਲਾ ਕੇ ਪਿਆਰ ਜਤਾਇਆ ਤੂੰ,
ਕਣ-ਕਣ ਦੇ ਵਿੱਚ ਆਪਣਾ ਰੂਪ ਦਿਖਾਇਆ ਤੂੰ,
ਫਸਿਆ ਸੀ ਵਿੱਚ ਉਲਝਨ ਇਹ ਨਾ ਖੁੱਲ ਰਿਹਾ ਸੀ,
ਅੰਦਰ ਬੈਠੇ ਜੋਗੀ ਨੂੰ ਮੈਂ ਭੁੱਲ ਗਿਆ ਸੀ,
ਤਾਹਿਓ ਤੇ ਮੈਂ ਇਸ ਦੁਨੀਆਂ ਵਿੱਚ ਰੁੱਲ ਗਿਆ ਸੀ,
ਬਿਨ ਜਾਣੇ ਤੈਨੂੰ ਰੱਬਾ ਭਗਤੀ ਹੋ ਨੀ ਸਕਦੀ,
ਗਲ ਵਿੱਚ ਪਉ ਚੁਰਾਸੀ ਖਲਾਸੀ ਹੋ ਨੀ ਸਕਦੀ,
ਤੂੰ ਰਹਿਮ ਮੇਰੇ ਤੇ ਕੀਤਾ ਗੁਰੂ ਪੂਰਾ ਮਿਲ ਗਿਆ ਸੀ,
ਅੰਦਰ ਬੈਠੇ ਜੋਗੀ ਨੂੰ ਮੈਂ ਭੁੱਲ ਗਿਆ ਸੀ,
ਤਾਹਿਓ ਤੇ ਮੈਂ ਇਸ ਦੁਨੀਆਂ ਵਿੱਚ ਰੁੱਲ ਗਿਆ ਸੀ,
ਸੇਵਾ ਸਿਮਰਨ ਸਤਿਸੰਗ ਕਰਨਾ ਬਹੁਤ ਜ਼ਰੂਰੀ ਏ,
(ਜੀਵਨ ਪੈਲ ਵਾਲੇ) ਦੀ ਹਰ ਗੱਲ ਹੁੰਦੀ ਪੂਰੀ ਏ,
ਰੋਮ-ਰੋਮ ਵਿੱਚ ਬੈਠਾ ਭੇਦ ਇਹ ਖੁਲ ਗਿਆ ਸੀ,
ਅੰਦਰ ਬੈਠੇ ਜੋਗੀ ਨੂੰ ਮੈਂ ਭੁੱਲ ਗਿਆ ਸੀ,
ਤਾਹਿਓ ਤੇ ਮੈਂ ਇਸ ਦੁਨੀਆਂ ਵਿੱਚ ਰੁੱਲ ਗਿਆ ਸੀ।

## ਪਤਝੜ
### ਅਮਨਦੀਪ ਸਿੰਘ ਅਮਨ

ਪਤਝੜਾਂਦਾ ਮੌਸਮ ਸੀ, ਬਹੁਤ ਲੰਮਾਂ,
ਮਸੀਂ ਮੁੜੀ ਬਹਾਰ, ਪੰਜਾਬ ਵੱਲੇ ।
ਰੁੱਖੇ, ਲਿੱਸੇ ਜਿਹੇ ਮੁਖੜੇ ਹੋਏ ਸੂਹੇ,
ਲਾਲੀ ਪਰਤੀ ਏ ਫੁੱਲ ਗੁਲਾਬ ਵੱਲੇ।
ਮਾਂਵਾਂ ਆਪਣੇ ਪੁੱਤ ਲੈ ਹੋਣ ਹਾਜ਼ਰ,
ਭਾਵੇਂ ਰੱਖ ਲੈ ਭਾਵੇਂ ਦੇ ਮਾਰ ਬਾਬਾ।
ਇਸਨੂੰ ਨਸ਼ੇ ਦੇ ਕੋਹੜ ਤੋਂ ਦੂਰ ਕਰ ਦੇ,
ਬਾਣੀ ਬਾਣੇ ਨੂੰ ਲਵੇ ਇਹ ਧਾਰ ਬਾਬਾ।
ਕਰੇ ਸ਼ਬਦਾਂ 'ਚ ਹੇਰ ਨਾ ਫੇਰ ਕੋਈ,
ਖੜ੍ਹੇ ਬੰਦੇ ਨੂੰ ਸ਼ੀਸ਼ਾ ਦਿਖਾਈ ਜਾਂਦੈਂ।
ਖੜ੍ਹੇ ਪੈਰ ਹੀ ਪੜ੍ਹੇ ਪ੍ਰੋਫ਼ੈਸਰਾਂ ਨੂੰ,
ਮੁੰਡਾ ਸਿੱਧਾ ਹੀ ਪੜ੍ਹਨੇ ਪਾਈ ਜਾਂਦੈਂ।
ਲੀਕ ਵਾਹ ਕੇ ਖੜ ਗਿਆ ਭਾਊ ਏਦਾਂ,
ਜਿਵੇਂ ਨੇਜ਼ੇ ਦੀ ਮੂਹਰਲੀ ਨੋਕ ਹੁੰਦੀ।
ਕੌਣ ਡੱਕੇਗਾ ਸਤਲੁਜ ਮੇਲ੍ਹਦੇ ਨੂੰ,
ਪੌਣ ਕਦੋਂ ਏ ਕਿਸੇ ਤੋਂ ਰੋਕ ਹੁੰਦੀ।
ਭਾਵੇਂ ਲੱਖ ਸਪੇਰਿਆਂ ਦਾਓ ਖੇਲ੍ਹੇ,
ਪਰ ਨਾ ਪੈਣ ਭੁਝੰਗ ਪਟਾਰੀਆਂ ਵਿਚ,
ਸੀਨਾ ਅੰਬਰ ਦਾ ਚਾਕ ਜੋ ਕਰ ਜਾਵਣ,
ਹਿੰਮਤ ਹੈ ਨਹੀਂ, ਅਜੇ ਕਟਾਰੀਆਂ ਵਿਚ।
ਹਾਥੀ ਸੂਈ ਦੇ ਨੱਕਿਉਂ ਲੰਘਣੇ ਨੇ,
ਸ਼ੇਰ ਜੰਗਲਾਂ ਵਿਚ ਘਾਹ ਖਾਣਗੇ ਜੀ।
ਪੌੜੀ ਧਰਤ ਤੋਂ ਅੰਬਰ ਨੂੰ ਲੱਗਣੀ ਹੈ,
ਤੇ ਅਮਨ ਵਰਗੇ ਚੜ੍ਹ ਕੇ ਜਾਣਗੇ ਜੀ।

# ਹਾਕੀ ਵਿਸ਼ਵ ਕੱਪ ਦੇ ਹੁਣ ਤੱਕ ਦੇ ਅੰਕੜਿਆਂ ਅਨੁਸਾਰ ਭਾਰਤ ਦੀ ਸਥਿਤੀ ਬਿਹਤਰ ਨਹੀਂ ਰਹੀ

**ਪ੍ਰੋ. ਪਰਮਜੀਤ ਸਿੰਘ**

ਓਡੀਸ਼ਾ ਵਿਸ਼ਵ ਕੱਪ ਹਾਕੀ ਵਿਚ ਕਿਹੜੀ ਟੀਮ ਜੇਤੂ, ਉਪ ਜੇਤੂ ਅਤੇ ਤੀਜੇ ਸਥਾਨ ’ਤੇ ਆਵੇਗੀ, ਇਹ ਸਭ ਕੁਝ ਅਜੇ ਭਵਿੱਖ ਦੇ ਗਰਭ ਵਿਚ ਲੁਕਿਆ ਹੋਇਆ। ਆਓ, ਅੱਜ ਵਿਸ਼ਵ ਕੱਪ ਹਾਕੀ ਦੀ ਸ਼ੁਰੂਆਤ ਤੋਂ ਲੈ ਕੇ ਪਿਛਲੇ 14ਵੇਂ ਐਡੀਸ਼ਨ ਤੱਕ ਵਿਸ਼ਵ ਦੀਆਂ ਬਿਹਤਰੀਨ ਹਾਕੀ ਟੀਮਾਂ ਦੀ ਇਸ ਵਿਸ਼ਵ ਪੱਧਰੀ ਟੂਰਨਾਮੈਂਟ ਵਿਚ ਹੁਣ ਤੱਕ ਦੇ ਅੰਕੜਿਆਂ ’ਤੇ ਝਾਤ ਮਾਰੀਏ।

ਵਿਸ਼ਵ ਕੱਪ ਹਾਕੀ ਦੀ ਸ਼ੁਰੂਆਤ 1971 ਵਿਚ ਹੋਈ। ਪਹਿਲਾ ਐਡੀਸ਼ਨ ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿਖੇ ਖੇਡਿਆ ਗਿਆ। ਏਸ਼ੀਆ ਮਹਾਂਦੀਪ ਇਸ ਟੂਰਨਾਮੈਂਟ ਵਿਚ ਚਮਕਿਆ। ਪਾਕਿਸਤਾਨ ਚੈਂਪੀਅਨ ਬਣਿਆ ਮੇਜ਼ਬਾਨ ਦੇਸ਼ ਸਪੇਨ ਦੂਜੇ ਨੰਬਰ ’ਤੇ ਰਿਹਾ ਅਤੇ ਭਾਰਤ ਤੀਜੇ ’ਤੇ ਰਿਹਾ। ਯਾਦ ਰਹੇ ਉਦੋਂ ਭਾਰਤ ਨੇ ਤੀਜੇ ਸਥਾਨ ਲਈ ਕੀਨੀਆ ਨੂੰ ਹਰਾਇਆ ਸੀ। ਦੂਸਰੇ ਐਡੀਸ਼ਨ ਦੀ ਮੇਜ਼ਬਾਨੀ ਫਿਰ ਯੂਰਪੀਨ ਮਹਾਂਦੀਪ ਨੂੰ ਮਿਲੀ। 1973 ਵਾਲਾ ਇਹ ਐਡੀਸ਼ਨ ਨੀਦਰਲੈਂਡ ਦੇ ਸ਼ਹਿਰ ਐਮਸੇਲਵੀਨ ਵਿਖੇ ਆਯੋਜਿਤ ਹੋਇਆ ਮੇਜ਼ਬਾਨ ਦੇਸ਼ ਫ਼ਤਹਿਯਾਬ ਰਿਹਾ। ਭਾਰਤ ਉਪ ਜੇਤੂ ਅਤੇ ਤੀਜਾ ਸਥਾਨ ਪੱਛਮੀ ਜਰਮਨੀ ਨੇ ਪਾਕਿਸਤਾਨ ਨੂੰ ਹਰਾ ਕੇ ਹਾਸਲ ਕੀਤਾ। ਤੀਜਾ ਐਡੀਸ਼ਨ 1975 ’ਚ ਮਲੇਸ਼ੀਆ ਦੀ ਧਰਤੀ ’ਤੇ ਸ਼ਹਿਰ ਕੁਆਲਾਲੰਪੁਰ ਵਿਖੇ ਖੇਡਿਆ ਗਿਆ ਅਤੇ ਭਾਰਤ ਚੈਂਪੀਅਨ ਬਣਿਆ। ਪਾਕਿਸਤਾਨ ਉਪ ਜੇਤੂ ਅਤੇ ਪੱਛਮੀ ਜਰਮਨੀ ਨੇ ਮਲੇਸ਼ੀਆ ਨੂੰ ਹਰਾ ਕੇ 4-0 ਨਾਲ ਇਹ ਤੀਜਾ ਸਥਾਨ ਹਾਸਲ ਕੀਤਾ। ਇਸ ਐਡੀਸ਼ਨ ’ਚ ਵੀ ਏਸ਼ੀਆ ਮਹਾਂਦੀਪ ਚਮਕਿਆ।

1978 ਵਾਲਾ ਟੂਰਨਾਮੈਂਟ ਅਰਜਨਟੀਨਾ ਦੇ ਸ਼ਹਿਰ ਬਿਓਨਿਸ ਆਇਰਸ ਵਿਚ ਹੋਇਆ ਪਾਕਿਸਤਾਨ ਚੈਂਪੀਅਨ ਬਣਿਆ। ਨੀਦਰਲੈਂਡ ਦੂਜੇ ਸਥਾਨ ’ਤੇ ਅਤੇ ਆਸਟ੍ਰੇਲੀਆ ਨੇ ਪੱਛਮੀ ਜਰਮਨੀ ਨੂੰ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। ਆਸਟ੍ਰੇਲੀਆ ਐਤਕੀਂ ਜੇਤੂ ਮੰਚ ’ਤੇ ਪਹਿਲੀ ਵਾਰ ਸੁਸ਼ੋਭਿਤ ਹੋਇਆ। 1982 ਦੇ ਟੂਰਨਾਮੈਂਟ ਦੀ ਮੇਜ਼ਬਾਨੀ ਭਾਰਤ ਨੂੰ ਮਿਲੀ ਬੰਬੇ ਸ਼ਹਿਰ ਵਿਚ। ਪਾਕਿਸਤਾਨ ਫਿਰ ਜੇਤੂ ਬਣਿਆ। ਵੈਸਟ ਜਰਮਨੀ ਦੂਜੇ ਸਥਾਨ ’ਤੇ ਅਤੇ ਆਸਟ੍ਰੇਲੀਆ ਨੇ ਨੀਦਰਲੈਂਡ ਨੂੰ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ।

1986 ਵਿਚ ਵਿਸ਼ਵ ਕੱਪ ਹਾਕੀ ਇੰਗਲੈਂਡ ਦੇ ਸ਼ਹਿਰ ਲੰਡਨ ਵਿਚ ਖੇਡੀ ਗਈ। ਆਸਟ੍ਰੇਲੀਆ ਪਹਿਲੀ ਵਾਰ ਚੈਂਪੀਅਨ ਬਣਿਆ। ਇੰਗਲੈਂਡ ਉਪ ਜੇਤੂ, ਪੱਛਮੀ ਜਰਮਨੀ ਨੇ ਸੋਵੀਅਤ ਯੂਨੀਅਨ ਨੂੰ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। 1990 ਵਾਲੇ ਵਿਸ਼ਵ ਕੱਪ ਦਾ ਆਯੋਜਨ ਪਾਕਿਸਤਾਨ ਦੇ ਲਾਹੌਰ ਸ਼ਹਿਰ ’ਚ ਹੋਇਆ ਅਤੇ ਨੀਦਰਲੈਂਡ ਚੈਂਪੀਅਨ ਬਣਿਆ। ਪਾਕਿਸਤਾਨ ਦੂਜੇ ਸਥਾਨ ’ਤੇ, ਆਸਟ੍ਰੇਲੀਆ ਨੇ ਜਰਮਨੀ ਨੂੰ ਤੀਜੇ ਸਥਾਨ ਲਈ ਹਰਾਇਆ। 1994 ਵਿਚ ਵਿਸ਼ਵ ਕੱਪ ਦੀ ਮੇਜ਼ਬਾਨੀ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਨੂੰ ਮਿਲੀ। ਪਾਕਿਸਤਾਨ ਜੇਤੂ ਰਿਹਾ, ਨੀਦਰਲੈਂਡ ਉਪ ਜੇਤੂ ਤੀਜੇ ਸਥਾਨ ਲਈ ਆਸਟ੍ਰੇਲੀਆ ਨੇ ਜਰਮਨੀ ਨੂੰ ਹਰਾਇਆ।

1998 ਦਾ ਮੇਜ਼ਬਾਨ ਦੇਸ਼ ਨੀਦਰਲੈਂਡ ਸੀ, ਓਤਰੈਖਤ ਸ਼ਹਿਰ ਵਿਚ ਮੇਜ਼ਬਾਨ ਦੇਸ਼ ਦੀ ਟੀਮ ਹੀ ਚੈਂਪੀਅਨ ਬਣੀ। ਸਪੇਨ ਦੂਜੇ ਸਥਾਨ ’ਤੇ ਰਿਹਾ, ਜਰਮਨੀ ਨੇ ਆਸਟ੍ਰੇਲੀਆ ਨੂੰ ਹਰਾਇਆ, ਤੀਜੇ ਸਥਾਨ ਲਈ। 2002 ਵਾਲਾ ਵਿਸ਼ਵ ਕੱਪ ਹਾਕੀ ਮਲੇਸ਼ੀਆ ਦੇ ਸ਼ਹਿਰ ਕੁਆਲਾਲੰਪੁਰ ਵਿਖੇ ਖੇਡਿਆ ਗਿਆ। ਜਰਮਨੀ ਆਸਟ੍ਰੇਲੀਆ ਨੂੰ ਹਰਾ ਕੇ ਕਾਮਯਾਬ ਬਣਿਆ। ਨੀਦਰਲੈਂਡ ਨੇ ਕੋਰੀਆ ਨੂੰ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। 2006 ਵਾਲਾ ਵਿਸ਼ਵ ਕੱਪ ਹਾਕੀ ਦਾ ਮਹਾਂਭਾਰਤ ਜਰਮਨੀ ਦੇ ਸ਼ਹਿਰ ਮੋਨਚੈਨਗਲੈਬੈਚ ਵਿਖੇ ਆਯੋਜਿਤ ਹੋਇਆ। ਮੇਜ਼ਬਾਨ ਦੇਸ਼ ਫ਼ਤਹਿਯਾਬ ਰਿਹਾ। ਆਸਟ੍ਰੇਲੀਆ ਦੂਜੇ ਨੰਬਰ ’ਤੇ, ਸਪੇਨ ਨੇ ਦੱਖਣੀ ਕੋਰੀਆ ਨੂੰ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ।

2010 ਵਿਸ਼ਵ ਕੱਪ ਹਾਕੀ ਦੀ ਮੇਜ਼ਬਾਨੀ ਭਾਰਤ ਦੇ ਸ਼ਹਿਰ ਨਵੀਂ ਦਿੱਲੀ ਨੂੰ ਮਿਲੀ। ਆਸਟ੍ਰੇਲੀਆ ਪਹਿਲੇ ਸਥਾਨ ’ਤੇ, ਜਰਮਨੀ ਦੂਜੇ ਅਤੇ ਨੀਦਰਲੈਂਡ ਤੀਜੇ ਸਥਾਨ ’ਤੇ ਰਿਹਾ। ਇੰਗਲੈਂਡ ਨੂੰ ਚੌਥਾ ਸਥਾਨ ਮਿਲਿਆ। 2014 ਵਾਲੇ ਵਿਸ਼ਵ ਕੱਪ ਹਾਕੀ ਦਾ ਆਯੋਜਨ ਨੀਦਰਲੈਂਡ ਦੇ ਸ਼ਹਿਰ ਹੇਗ ਵਿਚ ਆਯੋਜਿਤ ਹੋਇਆ, ਆਸਟ੍ਰੇਲੀਆ ਪਹਿਲੇ ਸਥਾਨ ’ਤੇ, ਨੀਦਰਲੈਂਡ ਦੂਜੇ ਸਥਾਨ ’ਤੇ, ਅਰਜਨਟੀਨਾ ਤੀਜੇ ਸਥਾਨ ’ਤੇ ਅਤੇ ਇੰਗਲੈਂਡ ਇਸ ਵਾਰ ਵੀ ਚੌਥੇ ਸਥਾਨ ਜੋਗਾ ਹੀ ਰਹਿ ਗਿਆ। ਸਾਲ 2018 ਵਿਚ 14ਵਾਂ ਵਿਸ਼ਵ ਕੱਪ ਭਾਰਤ ਦੇ ਸ਼ਹਿਰ ਭੁਵਨੇਸ਼ਵਰ ’ਚ ਖੇਡਿਆ ਗਿਆ ਜਿਸ ਵਿਚ ਬੈਲਜੀਅਮ ਚੈਂਪੀਅਨ ਬਣਿਆ। ਨੀਦਰਲੈਂਡ ਉਪ ਜੇਤੂ ਹੋਇਆ, 2018 ਵਾਲੇ ਇਸ ਵਿਸ਼ਵ ਕੱਪ ਵਿਚ। ਹੁਣ ਰੁੜਕੇਲਾ ਅਤੇ ਭੁਵਨੇਸ਼ਵਰ ਵੱਲ ਵਿਸ਼ਵ ਕੱਪ ਹਾਕੀ 2023 ਦੇ ਦੇਖਦੇ ਹਾਂ ਕੌਣ ਚੈਂਪੀਅਨ ਬਣਦਾ ?



27/01/2023 - **ਪਹਿਲਾ ਸੈਮੀਫਾਈਨਲ - ਭੁਵਨੇਸ਼ਵਰ - ਸ਼ਾਮ 4:30 ਵਜੇ**
27/01/2023 - **ਦੂਜਾ ਸੈਮੀਫਾਈਨਲ - ਭੁਵਨੇਸ਼ਵਰ - ਸ਼ਾਮ 7 ਵਜੇ**
28/01/2023 - **ਪਲੇਸਮੈਂਟ ਮੈਚ (13ਵੇਂ-16ਵੇਂ ਅਤੇ 9ਵੇਂ-12ਵੇਂ)**
**ਫਾਈਨਲ :**
29/01/2023 - **ਕਾਂਸੀ ਦਾ ਤਗਮਾ ਮੈਚ - ਸ਼ਾਮ 4:30 ਵਜੇ**
29/01/2023 - **ਗੋਲਡ-ਮੈਡਲ ਮੈਚ - ਸ਼ਾਮ 7 ਵਜੇ**

## ਭਾਰਤ ਦੇ ਟਾਪ ਖਿਡਾਰੀ



ਪੰਜਾਬ ਦੇ ਅੰਮ੍ਰਿਤਸਰ ਦਾ ਰਹਿਣ ਵਾਲੇ, 27 ਸਾਲਾ ਹਰਮਨਪ੍ਰੀਤ ਸਿੰਘ ਡਰੈਗ ਫਲਿੱਕਰ ਟੋਕੀਓ ਓਲੰਪਿਕ ਵਿੱਚ ਕਾਂਸੀ ਦਾ ਤਮਗਾ ਜਿੱਤਣ ਵਾਲੀ ਟੀਮ ਦਾ ਹਿੱਸਾ ਸਨ ਅਤੇ ਵਿਸ਼ਵ ਕੱਪ 2018 ਦੇ ਵਿੱਚ ਵੀ ਮੁੱਖ ਮੈਂਬਰ ਸੀ। ਭਰੋਸੇਮੰਦ ਪੈਨਲਟੀ ਕਾਰਨਰ ਮਾਹਿਰ ਪਿਛਲੇ ਸਾਲ ਕਪਤਾਨ ਚੁਣੇ ਜਾਣ ਤੋਂ ਬਾਅਦ ਆਪਣੇ ਪਹਿਲੇ ਵੱਡੇ ਮੈਚਾਂ ਵਿੱਚ ਟੀਮ ਦੀ ਅਗਵਾਈ ਕਰ ਰਹੇ ਹਨ। ਉਨ੍ਹਾਂ ਦੀ ਮਾਨਸਿਕ ਤਾਕਤ ਕਪਤਾਨ ਦੇ ਰੂਪ ਵਿੱਚ ਉਨ੍ਹਾਂ ਦੀ ਨਵੀਂ ਭੂਮਿਕਾ ਵਿੱਚ ਪਰਿਪੱਕਤਾ ਜੋੜਦੀ ਹੈ। 150 ਤੋਂ ਵੱਧ ਕੌਮਾਂਤਰੀ ਮੈਚਾਂ ਵਿੱਚ ਖੇਡ ਚੁੱਕੇ ਹਰਮਨਪ੍ਰੀਤ ਦੇ ਨਾਮ 125 ਤੋਂ ਵੱਧ ਗੋਲ ਕਰਨ ਦਾ ਸਿਹਰਾ ਹੈ।ਸਾਬਕਾ ਭਾਰਤੀ ਕਪਤਾਨ ਸਰਦਾਰ ਸਿੰਘ ਕਹਿੰਦੇ ਹਨ, ‘ਸ਼ਾਰਟ ਕਾਰਨਰ ਦੀ ਆਪਣੀ ਚੰਗੀ ਪਰਿਵਰਤਨ ਦਰ ਤੋਂ ਇਲਾਵਾ, ਹਰਮਨਪ੍ਰੀਤ ਬਚਾਅ ਪੱਖ ਵਿੱਚ ਬਹੁਤ ਪ੍ਰਭਾਵਸ਼ਾਲੀ ਹੈ।ਇੱਕ ਡਿਫੈਂਡਰ ਵਜੋਂ ਉਸ ਦਾ ਹੁਨਰ ਵਿਸ਼ਵ ਪੱਧਰੀ ਹੈ ਅਤੇ ਉਸ ਕੋਲ ਮੈਚ ਦੇ ਪੂਰੇ ਕੋਰਸ ਦੌਰਾਨ, ਡਿਫੈਂਸ ਤੋਂ ਫਾਰਵਰਡ ਲਾਈਨ ਤੱਕ, ਦੂਜੇ ਖਿਡਾਰੀਆਂ ਨਾਲ ਸੰਚਾਰ ਕਰਨ ਦੀ ਗੁਣਵੱਤਾ ਹੈ।’

ਕਰਨਾਲ, ਹਰਿਆਣਾ ਦਾ ਇੱਕ ਤਜਰਬੇਕਾਰ ਖਿਡਾਰੀ, ਸੁਰਿੰਦਰ ਭਾਰਤ ਦੇ ਭਰੋਸੇਮੰਦ ਡਿਫੈਂਡਰਾਂ ਵਿੱਚੋਂ ਇੱਕ ਹੈ। 29 ਸਾਲਾ ਖਿਡਾਰੀ ਨੇ 174 ਕੌਮਾਂਤਰੀ ਮੈਚ ਖੇਡੇ ਹਨ ਅਤੇ ਉਹ ਟੋਕੀਓ ਜਾਣ ਵਾਲੀ ਟੀਮ ਦਾ ਵੀ ਹਿੱਸਾ ਸੀ।ਭੁਵਨੇਸ਼ਵਰ ਵਿੱਚ 2018 ਵਿੱਚ ਹੋਏ ਵਿਸ਼ਵ ਕੱਪ ਦੇ ਪਿਛਲੇ ਐਡੀਸ਼ਨ ਵਿੱਚ, ਭਾਰਤ ਕੁਆਰਟਰ ਫਾਈਨਲ ਵਿੱਚ ਹਾਰ ਗਿਆ ਸੀ, ਪਰ ਸੁਰਿੰਦਰ ਭਾਰਤ ਦੀ ਮੁਹਿੰਮ ਲ਼ਈ ਖੇਡ ਸ਼ਾਨਦਾਰ ਰਹੀ। ਨੀਦਰਲੈਂਡਜ਼ (1-2) ਤੋਂ ਹਾਰਨ ਦੇ ਬਾਵਜੂਦ, ਉਨ੍ਹਾਂ ਦੇ ਪ੍ਰਦਰਸ਼ਨ ਨੇ ਉਨ੍ਹਾਂ ਨੂੰ ‘ਮੈਨ ਆਫ ਦਿ ਮੈਚ’ ਦਾ ਪੁਰਸਕਾਰ ਦਿੱਤਾ।

ਪੰਜਾਬ ਦੀ ਹਾਕੀ ਪੱਟੀ ਜਲੰਧਰ ਤੋਂ ਆਉਣ ਵਾਲੇ ਹਾਰਦਿਕ, ਜੋ ਕਿ ਇੱਕ ਹਾਕੀ ਪਰਿਵਾਰ ਨਾਲ ਸਬੰਧ ਰੱਖਦੇ ਹਨ, ਮਿਡਫੀਲਡ ਵਿੱਚ ਇੱਕ ਮੁੱਖ ਹਨ।24 ਸਾਲਾ ਹਾਰਦਿਕ ਟੋਕੀਓ ਓਲੰਪਿਕ (2021) ਵਿੱਚ ਭਾਰਤੀ ਕਾਂਸੀ ਤਮਗਾ ਜਿੱਤਣ ਵਾਲੀ ਟੀਮ ਅਤੇ ਪਿਛਲੇ ਸਾਲ ਰਾਸ਼ਟਰਮੰਡਲ ਖੇਡਾਂ ਵਿੱਚ ਵੀ ਚਾਂਦੀ ਦਾ ਤਗਮਾ ਜਿੱਤਿਆ ਦਾ ਹਿੱਸਾ ਸੀ। ਔਖੇ ਹਾਲਾਤ ਵਿੱਚ ਵੀ ਉਨ੍ਹਾਂ ਦਾ ਜਲਦੀ ਫ਼ੈਸਲਾ ਲੈਣਾ ਉਨ੍ਹਾਂ ਦੀ ਤਾਕਤ ਹੈ। ਸਰਦਾਰ ਸਿੰਘ ਕਹਿੰਦੇ ਹਨ, ‘ਉਹ ਇੱਕ ਨੌਜਵਾਨ ਪ੍ਰਤਿਭਾ ਹੈ ਅਤੇ ਗੇਂਦ ’ਤੇ ਉਸ ਦੀ ਚੰਗੀ ਨਜ਼ਰ ਹੈ। ਉਹ ਵਿਰੋਧੀ ਦੀ ਖੇਡ ਨੂੰ ਇੰਨੀ ਚੰਗੀ ਤਰ੍ਹਾਂ ਪੜ੍ਹਦਾ ਹੈ ਕਿ ਇਹ ਉਨ੍ਹਾਂ ਦੀਆਂ ਚਾਲਾਂ ਦਾ ਅੰਦਾਜ਼ਾ ਲਗਾਉਣ ਵਿੱਚ ਉਸ ਦੀ ਮਦਦ ਕਰਦਾ ਹੈ।’

ਮਨਪ੍ਰੀਤ ਸਿੰਘ ਮੌਜੂਦਾ ਭਾਰਤੀ ਟੀਮ ਦੇ ਸਭ ਤੋਂ ਤਜਰਬੇਕਾਰ ਹੱਥਾਂ ਵਿੱਚੋਂ ਇੱਕ ਹੈ। ਪੰਜਾਬ ਦੇ 30 ਸਾਲਾ ਮਨਪ੍ਰੀਤ ਨੇ ਟੋਕੀਓ ਓਲੰਪਿਕ ਵਿੱਚ ਭਾਰਤੀ ਟੀਮ ਦੀ ਅਗਵਾਈ ਕਰਦਿਆਂ ਇਤਿਹਾਸਕ ਪੋਡੀਅਮ ਫਾਈਨਲ ਕੀਤਾ।300 ਤੋਂ ਵੱਧ ਅੰਤਰਰਾਸ਼ਟਰੀ ਮੈਚਾਂ ਦੇ ਤਜ਼ਰਬੇ ਦੇ ਨਾਲ, ਮਨਪ੍ਰੀਤ ਦੀ ਭੂਮਿਕਾ ਮਿਡਫੀਲਡ ਵਿੱਚ ਬਹੁਤ ਮਹੱਤਵਪੂਰਨ ਹੋਵੇਗੀ ਅਤੇ ਉਹ ਖੇਡ ਬਣਾਉਣ ਵਿੱਚ ਵੱਡੇ ਪੱਧਰ ’ਤੇ ਯੋਗਦਾਨ ਪਾ ਸਕਦੇ ਹਨ। ਸਰਦਾਰਾ ਸਿੰਘ ਕਹਿੰਦੇ ਹਨ, ‘ਇੱਕ ਓਲੰਪਿਕ ਤਮਗੇ ਲਈ ਟੀਮ ਦੀ ਅਗਵਾਈ ਕਰਨਾ ਇੱਕ ਵੱਡੀ ਪ੍ਰਾਪਤੀ ਹੈ। ਉਸ ਦਾ ਤਜਰਬਾ ਟੀਮ ਲਈ ਇੱਕ ਬਹਿਤਰੀਨ ਸਾਬਿਤ ਹੋਵੇਗਾ।’

**ਫਿਲਮੀ ਸੰਸਾਰ**

# ਫ਼ਿਲਮ ‘ਕਲੀ ਜੋਟਾ’ ਦਾ ਰਿਲੀਜ਼ ਹੋਇਆ ਟਰੇਲਰ

## ਖਿੱਚ ਦਾ ਕੇਂਦਰ ਹੋਣਗੇ ਸਤਿੰਦਰ ਸਰਤਾਜ, ਨੀਰੂ ਬਾਜਵਾ ਅਤੇ ਵਾਮਿਕਾ ਗੱਬੀ

ਜਲੰਧਰ/ਏ.ਟੀ.ਨਿਊਜ਼ :- ਪੰਜਾਬੀ ਫ਼ਿਲਮ ‘ਕੱਲੀ ਜੋਟਾ’ ਦਾ ਟਰੇਲਰ ਰਿਲੀਜ਼ ਹੋ ਚੁੱਕਿਆ ਹੈ, ਜਿਸ ’ਚ ਅਸੀਂ ਪਹਿਲੀ ਵਾਰ ਸਤਿੰਦਰ ਸਰਤਾਜ, ਨੀਰੂ ਬਾਜਵਾ ਅਤੇ ਵਾਮਿਕਾ ਗੱਬੀ ਨੂੰ ਇਕੱਠੇ ਦੇਖ ਰਹੇ ਹਾਂ। ਫ਼ਿਲਮ ਦਾ ਨਿਰਦੇਸ਼ਨ ਵਿਜੇ ਕੁਮਾਰ ਅਰੋੜਾ ਨੇ ਕੀਤਾ ਹੈ। ਇਹ ਫ਼ਿਲਮ ਨੀਰੂ ਬਾਜਵਾ ਐਂਟਰਟੇਨਮੈਂਟ, ਯੂ ਐਂਡ ਆਈ ਫਿਲਮਜ਼ ਤੇ ਵੀਐਚ ਐਂਟਰਟੇਨਮੈਂਟ ਦੁਆਰਾ ਪੇਸ਼ ਕੀਤੀ ਗਈ ਹੈ, ਜਿਸ ਨੂੰ ਸੰਨੀ ਰਾਜ, ਵਰੁਣ ਅਰੋੜਾ, ਸਰਲਾ ਰਾਣੀ ਅਤੇ ਸੰਤੋਸ਼ ਸੁਭਾਸ਼ ਥੀਟੇ ਦੁਆਰਾ ਨਿਰਮਿਤ ਹੈ। ਦਰਸ਼ਕਾਂ ਨੂੰ ਇਹ ਫ਼ਿਲਮ 3 ਫਰਵਰੀ 2023 ਨੂੰ ਸਿਨੇਮਾਘਰਾਂ ਵਿਚ ਦੇਖਣ ਨੂੰ ਮਿਲੇਗੀ।




ਟਰੇਲਰ ਵਿਚ ਸਤਿੰਦਰ ਸਰਤਾਜ ਅਤੇ ਨੀਰੂ ਬਾਜਵਾ ਵਿਚਕਾਰ ਇੱਕ ਸੁੰਦਰ ਪ੍ਰੇਮ ਕਹਾਣੀ ਵੇਖਣ ਨੂੰ ਮਿਲ ਰਹੀ ਹੈ, ਜੋ ਦੋਵੇਂ ਇੱਕੋ ਸਕੂਲ ਵਿਚ ਅਧਿਆਪਕ ਦੀ ਭੂਮਿਕਾ ਨਿਭਾਉਂਦੇ ਹਨ ਅਤੇ ਹੌਲੀ-ਹੌਲੀ ਪਿਆਰ ’ਚ ਪੈ ਜਾਂਦੇ ਹਨ। ਹਾਲਾਂਕਿ, ਵਾਮਿਕਾ ਗੱਬੀ ਦੁਆਰਾ ਨਿਭਾਇਆ ਗਿਆ ਇੱਕ ਮਹੱਤਵਪੂਰਨ ਕਿਰਦਾਰ ਹੈ।

ਫ਼ਿਲਮ ਦੇ ਟਰੇਲਰ ਨੂੰ ਸਾਂਝਾ ਕਰਦੇ ਹੋਏ, ਸਤਿੰਦਰ ਸਰਤਾਜ ਨੇ ਆਪਣੀ ਖ਼ੁਸ਼ੀ ਜ਼ਾਹਰ ਕਰਦੇ ਹੋਏ ਕਿਹਾ, ‘ਮੈਂ ਇੱਕ ਬਹੁਤ ਹੀ ਖ਼ੂਬਸੂਰਤ ਫ਼ਿਲਮ, ਇੱਕ ਸਧਾਰਨ ਅਤੇ ਉਭਰਦੀ ਪ੍ਰੇਮ ਕਹਾਣੀ ਦਾ ਹਿੱਸਾ ਬਣ ਕੇ ਬਹੁਤ ਖ਼ੁਸ਼ ਹਾਂ।’ ਨੀਰੂ ਬਾਜਵਾ ਅਤੇ ਵਾਮਿਕਾ ਗੱਬੀ ਨਾਲ ਪਹਿਲੀ ਵਾਰ ਕੰਮ ਕਰਨਾ ਬਹੁਤ ਵਧੀਆ ਅਨੁਭਵ ਸੀ। ਮੈਨੂੰ ਉਮੀਦ ਹੈ ਕਿ ਦਰਸ਼ਕ ਟਰੇਲਰ ਅਤੇ ਸਾਡੀ ਕੈਮਿਸਟਰੀ ਨੂੰ ਪਸੰਦ ਕਰਨਗੇ।




## ਜ਼ੀਰਾ ਦੀ ਸ਼ਰਾਬ ਫ਼ੈਕਟਰੀ ਬੰਦ ਕਰਨ

ਮਾਲਕਾਂ ਨੂੰ ਫ਼ੈਕਟਰੀ ਬੰਦ ਰਹਿਣ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ 20 ਕਰੋੜ ਰੁਪਏ ਦਾ ਮੁਆਵਜ਼ਾ ਦੇਣ ਦੇ ਫ਼ੈਸਲੇ ਦਾ ਬਿਨਾਂ ਕੋਈ ਵਿਰੋਧ ਕੀਤੇ ਰਾਜ ਸਰਕਾਰ ਨੇ ਸਰਕਾਰੀ ਖ਼ਜ਼ਾਨੇ ਵਿਚੋਂ ਤੁਰੰਤ 20 ਕਰੋੜ ਦੀ ਰਾਸ਼ੀ ਕੰਪਨੀ ਨੂੰ ਟਰਾਂਸਫ਼ਰ ਕਰ ਦਿੱਤੀ ਸੀ। ਲੇਕਿਨ ਹੁਣ ਵੀ ਜੇਕਰ ਕੰਪਨੀ ਅਦਾਲਤ ਵਿਚ ਮੁਆਵਜ਼ੇ ਦੀ ਮੰਗ ਕਰਦੀ ਹੈ ਕਿ ਕੰਪਨੀ ਵਲੋਂ ਫ਼ੈਕਟਰੀ ਲਈ ਵੱਡੇ ਬੈਂਕ ਕਰਜ਼ੇ ਵੀ ਚੁੱਕੇ ਹੋਏ ਹਨ ਤਾਂ ਰਾਜ ਸਰਕਾਰ ਕੀ ਇਸ ਦੀ ਭਰਪਾਈ ਦੁਬਾਰਾ ਸਰਕਾਰੀ ਖ਼ਜ਼ਾਨੇ ਰਾਹੀਂ ਹੀ ਕਰੇਗੀ। ਫ਼ੈਕਟਰੀ ਮਾਲਕ ਦੀਪ ਮਲਹੋਤਰਾ ਜੋ ਸ਼ਰਾਬ ਦੇ ਵੱਡੇ ਕਾਰੋਬਾਰੀ ਹਨ ਅਤੇ ਉਨ੍ਹਾਂ ਕੋਲ ਦਿੱਲੀ ਤੇ ਪੰਜਾਬ ਵਿਚ ਸ਼ਰਾਬ ਦੇ ਵਪਾਰ ਵਿਚ ਵੱਡਾ ਹਿੱਸਾ ਹੈ ਅਤੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦੇ ਵੀ ਨਿਕਟਵਰਤੀ ਦੱਸੇ ਜਾਂਦੇ ਹਨ। ਉਨ੍ਹਾਂ ਦੀਆਂ ਸ਼ਰਾਬ ਬਣਾਉਣ ਦੀਆਂ ਸੂਬੇ ਵਿਚ ਦੋ ਫ਼ੈਕਟਰੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰ ਦਾ ਫ਼ੈਸਲਾ ਸ਼ਲਾਘਾਯੋਗ ਹੈ ਲੇਕਿਨ ਜੋ ਜਥੇਬੰਦੀਆਂ ਮਗਰਲੇ 177 ਦਿਨਾਂ ਤੋਂ ਇਸ ਫ਼ੈਕਟਰੀ ਨੂੰ ਬੰਦ ਕਰਨ ਲਈ ਸੰਘਰਸ਼ ਕਰ ਰਹੀਆਂ ਹਨ, ਉਨ੍ਹਾਂ ਨੂੰ ਸ਼ੰਕਾ ਹੈ ਕਿ ਇਹ ਫ਼ੈਸਲਾ ਜਲੰਧਰ ਜ਼ਿਮਨੀ ਚੋਣ ਨੂੰ ਮੁੱਖ ਰੱਖ ਕੇ ਕਾਹਲੀ ਵਿਚ ਲਿਆ ਫ਼ੈਸਲਾ ਵੀ ਹੋ ਸਕਦਾ ਹੈ। ਜੇ ਮਾਲਕ ਅਦਾਲਤ ਤੋਂ ਸਰਕਾਰੀ ਫ਼ੈਸਲੇ 'ਤੇ ਰੋਕ ਲਗਵਾਉਂਦੇ ਹਨ ਤਾਂ ਉਨ੍ਹਾਂ ਦਾ ਰੁਖ਼ ਕੀ ਹੋਵੇਗਾ ਅਤੇ ਅੰਦੋਲਨਕਾਰੀਆਂ ਵਿਰੁੱਧ ਦਰਜ ਕੇਸ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਕੁਰਕੀ ਕਰਨ ਦੇ ਹੁਕਮਾਂ ਸੰਬੰਧੀ ਸਰਕਾਰ ਕੀ ਫ਼ੈਸਲਾ ਲੈਂਦੀ ਹੈ। ਇਸੇ ਦੌਰਾਨ ਅੰਦੋਲਨਕਾਰੀ ਜਥੇਬੰਦੀਆਂ ਨੇ ਕਿਹਾ ਹੈ ਕਿ ਉਹ ਆਪਣਾ ਅੰਦੋਲਨ ਸਰਕਾਰੀ ਹੁਕਮ ਲਿਖਤੀ ਤੌਰ 'ਤੇ ਹਾਸਲ ਕਰਨ ਤੋਂ ਬਾਅਦ ਹੀ ਵਾਪਸ ਲੈਣਗੀਆਂ। ਵਰਨਣਯੋਗ ਹੈ ਕਿ ਇਸ ਖੇਤਰ ਵਿਚ ਪਿਛਲੇ ਦਿਨਾਂ ਦੌਰਾਨ ਦੋ ਨੌਜਵਾਨਾਂ ਦੀ 'ਕਿਡਨੀ ਇਨਫੈਕਸ਼ਨ' ਕਾਰਨ ਮੌਤ ਵੀ ਹੋਈ ਅਤੇ ਕਈ ਹੋਰ ਵੀ ਪੀੜਤ ਹਨ ਅਤੇ ਇਸ ਦਾ ਕਾਰਨ ਪ੍ਰਦੂਸ਼ਿਤ ਪਾਣੀ ਨੂੰ ਦੱਸਿਆ ਜਾ ਰਿਹਾ ਸੀ। ਫ਼ੈਕਟਰੀ ਨਾਲ ਸੰਬੰਧਿਤ ਮਾਮਲਾ ਅਦਾਲਤ ਵਿਚ ਚੱਲ ਰਿਹਾ ਹੈ, ਜਿਸ 'ਤੇ ਸੁਣਵਾਈ ਅਗਲੇ ਮਹੀਨੇ 23 ਫਰਵਰੀ ਨੂੰ ਹੋਣੀ ਹੈ। ਕੰਪਨੀ ਦੇ ਚੰਡੀਗੜ੍ਹ ਸਥਿਤ ਸੀਨੀਅਰ ਵਕੀਲ ਪੁਨੀਤ ਬਾਲੀ ਵਲੋਂ ਸਪੱਸ਼ਟ ਕੀਤਾ ਗਿਆ ਕਿ ਸਰਕਾਰ ਦੇ ਫ਼ੈਸਲੇ ਸੰਬੰਧੀ ਅਦਾਲਤੀ ਦਰਵਾਜ਼ੇ ਉਨ੍ਹਾਂ ਲਈ ਖੁੱਲ੍ਹੇ ਹਨ ਅਤੇ ਉਹ ਸਰਕਾਰੀ ਫ਼ੈਸਲੇ ਦੀ ਘੋਖ ਤੋਂ ਬਾਅਦ ਅਗਲੀ ਕਾਰਵਾਈ ਕਰਨਗੇ। ਫ਼ੈਕਟਰੀ ਮਾਲਕਾਂ ਨੇ ਵੀ ਸਰਕਾਰੀ ਫ਼ੈਸਲੇ ਨੂੰ ਅਦਾਲਤ ਵਿਚ ਚੁਣੌਤੀ ਦੇਣ ਦਾ ਐਲਾਨ ਕੀਤਾ। ਦਿਲਚਸਪ ਗੱਲ ਇਹ ਹੈ ਕਿ ਸੂਬੇ ਵਿਚ ਏਥਨੋਲ ਬਣਾਉਣ ਦੇ 7-8 ਹੋਰ ਲਾਇਸੰਸ ਵੀ ਦਿੱਤੇ ਗਏ ਹਨ ਅਤੇ ਸ਼ਰਾਬ ਬਣਾਉਣ ਦੀਆਂ ਹੋਰ ਫ਼ੈਕਟਰੀਆਂ ਵੀ ਹਨ। ਹੁਣ ਉਨ੍ਹਾਂ ਪ੍ਰਤੀ ਸਰਕਾਰ ਦਾ ਕੀ ਰੁਖ਼ ਹੋਵੇਗਾ, ਇਹ ਵੀ ਵੇਖਣ ਵਾਲੀ ਗੱਲ ਹੋਵੇਗੀ। ਦਿਲਚਸਪ ਗੱਲ ਇਹ ਹੈ ਕਿ ਹੁਣ ਕਿਹਾ ਜਾ ਰਿਹਾ ਹੈ ਕਿ ਕੌਮੀ ਗਰੀਨ ਟ੍ਰਿਬਿਊਨਲ ਵਲੋਂ ਤਾਂ ਇਸ ਫ਼ੈਕਟਰੀ ਸੰਬੰਧੀ ਹੁਣ ਤੱਕ ਕੋਈ ਸੈਂਪਲ ਲਏ ਹੀ ਨਹੀਂ ਗਏ। ਸਾਲ 2006 ਤੋਂ ਚੱਲ ਰਹੀ ਇਸ ਫ਼ੈਕਟਰੀ ਨੂੰ ਬੰਦ ਕਰਨ ਸੰਬੰਧੀ ਜਦੋਂ ਇਕ ਸੀਨੀਅਰ ਅਧਿਕਾਰੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੂੰ ਪ੍ਰਦੂਸ਼ਣ ਫੈਲਾਉਣ ਵਾਲੇ ਕਿਸੇ ਵੀ ਪ੍ਰਾਜੈਕਟ ਨੂੰ ਬੰਦ ਕਰਨ ਦੇ ਪੂਰੇ ਅਖ਼ਤਿਆਰ ਹਨ ਅਤੇ ਮੁੱਖ ਮੰਤਰੀ ਨੇ ਬਕਾਇਦਾ ਕਾਨੂੰਨੀ ਰਾਏ ਪ੍ਰਾਪਤ ਕਰਨ ਤੋਂ ਬਾਅਦ ਇਹ ਫ਼ੈਸਲਾ ਲਿਆ ਹੈ। ਕਾਰਖਾਨੇ ਪਾਣੀ ਤੇ ਵਾਤਾਵਰਨ ਨੂੰ ਦੂਸ਼ਿਤ ਕਰ ਰਹੇ ਹਨ।

**ਹਾਈਕੋਰਟ ਵਲੋਂ ਗਠਿਤ ਕਮੇਟੀ ਵਲੋਂ ਸ਼ਰਾਬ ਫੈਕਟਰੀ ਦਾ ਦੌਰਾ**

ਜ਼ੀਰਾ ਵਿਖੇ ਸ਼ਰਾਬ ਫੈਕਟਰੀ ਵਿਰੁੱਧ ਚੱਲ ਰਹੇ ਧਰਨੇ ਦੇ ਮੱਦੇਨਜ਼ਰ ਲੋਕਾਂ ਵਲੋਂ ਲਗਾਏ ਗਏ ਇਲਜ਼ਾਮਾਂ ਤੋਂ ਬਾਅਦ ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਗਠਿਤ ਜਸਟਿਸ ਰਿਟਾ. ਆਰ.ਕੇ ਨਹਿਰੂ ਆਧਾਰਿਤ ਕਮੇਟੀ ਵਲੋਂ ਧਰਨੇ ਕਾਰਨ ਫੈਕਟਰੀ ਨੂੰ ਹੋ ਰਹੇ ਵਿੱਤੀ ਨੁਕਸਾਨ ਆਦਿ ਬਾਰੇ ਜਾਣਕਾਰੀ ਲੈਣ ਲਈ ਮਾਲਬਰੋਜ਼ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਮਨਸੂਰਵਾਲ ਕਲਾਂ (ਸ਼ਰਾਬ ਫੈਕਟਰੀ ਜ਼ੀਰਾ) ਦਾ ਦੌਰਾ ਕੀਤਾ ਗਿਆ। ਜਸਟਿਸ ਨਹਿਰੂ ਤੇ ਕਮੇਟੀ ਮੈਂਬਰਾਂ ਵਲੋਂ ਇਲਾਕੇ ਦੇ ਲੋਕਾਂ, ਕਿਸਾਨ ਜਥੇਬੰਦੀਆਂ, ਕਿਸਾਨਾਂ ਦੇ ਵਕੀਲਾਂ ਤੇ ਫੈਕਟਰੀ ਦੇ ਅਧਿਕਾਰੀਆ ਆਦਿ ਤੋਂ ਜਾਣਕਾਰੀ ਲਈ ਗਈ ਤੇ ਉਪਰੋਕਤ ਧਿਰਾਂ ਦੇ ਬਿਆਨ ਕਲਮਬੱਧ ਕੀਤੇ। ਇਸ ਮੌਕੇ ਜਸਟਿਸ ਨਹਿਰੂ ਨੇ ਦੱਸਿਆ ਕਿ ਇੱਥੋਂ ਦੇ ਕਿਸਾਨਾਂ, ਇਲਾਕਾ ਨਿਵਾਸੀਆਂ ਤੇ ਫੈਕਟਰੀ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਉਹ ਜਲਦ ਹੀ ਆਪਣੀ ਰਿਪੋਰਟ ਹਾਈਕੋਰਟ ਨੂੰ ਸੌਂਪਣਗੇ।

****

## ਲੋਕ ਅੰਦੋਲਨ ਕਾਰਨ ਆਪ ਸਰਕਾਰ ਨੇ ਗੋਡੇ ਟੇਕੇ

ਵਿਰੁੱਧ ਲੜਨ ਦੀ ਰਵਾਇਤ ਨੂੰ ਨਵੀਂ ਲੋਅ ਅਤੇ ਊਰਜਾ ਦਿੱਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਫੈਕਟਰੀ ਬੰਦ ਕਰਨ ਦੇ ਹੁਕਮ ਨੇ ਇਹ ਸੰਕੇਤ ਦਿੱਤਾ ਹੈ ਕਿ ਸਿਆਸੀ ਇੱਛਾ-ਸ਼ਕਤੀ ਨਾਲ ਲੋਕ-ਪੱਖੀ ਫੈਸਲੇ ਕੀਤੇ ਜਾ ਸਕਦੇ ਹਨ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਪੰਨੂੰ ਤੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਲੋਕਾਂ ਦੀ ਜਥੇਬੰਦਕ ਸ਼ਕਤੀ ਅੱਗੇ ਗੋਡੇ ਟੇਕ ਕੇ ਭਗਵੰਤ ਮਾਨ ਦੀ ਸਰਕਾਰ ਨੂੰ ਜ਼ੀਰਾ ਮਾਲਬਰੋਜ਼ ਸ਼ਰਾਬ ਫੈਕਟਰੀ ਬੰਦ ਕਰਨ ਦਾ ਅੱਕ ਚੱਬਣਾ ਹੀ ਪਿਆ। ਇਹ ਜਿੱਤ ਪਿਛਲੇ ਸਾਢੇ ਪੰਜ ਮਹੀਨਿਆਂ ਤੋਂ ਮੋਰਚਾ ਚਲਾ ਰਹੀ 50 ਪਿੰਡਾਂ ਦੀ ਕਮੇਟੀ, ਪੰਜਾਬ ਦੀਆਂ ਕਿਸਾਨ-ਮਜ਼ਦੂਰ ਜਥੇਬੰਦੀਆਂ, ਦੇਸ਼ ਤੇ ਦੁਨੀਆ ਭਰ ਦੇ ਸੰਘਰਸ਼ਸ਼ੀਲ ਲੋਕਾਂ ਦੀ ਇਤਿਹਾਸਕ ਜਿੱਤ ਹੈ।

ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਮਾਲਬਰੋਜ਼ ਫ਼ੈਕਟਰੀ ਬੰਦ ਕਰਨ ਦੇ ਐਲਾਨ ਦਾ ਸਵਾਗਤ ਕੀਤਾ ਤੇ ਇਸ ਨੂੰ ਸੰਘਰਸ਼ਸ਼ੀਲ ਲੋਕਾਂ ਦੀ ਜਿੱਤ ਕਰਾਰ ਦਿੱਤਾ। ਇਸ ਮੌਕੇ ਉਨ੍ਹਾਂ ਮੰਗ ਕੀਤੀ ਕਿ ਸਰਕਾਰ ਇਕ ਵਾਰ ਸਖ਼ਤ ਕਦਮ ਚੁੱਕ ਕੇ ਪ੍ਰਦੂਸ਼ਣ ਬੋਰਡ ਦੇ ਸਾਰੇ ਭ੍ਰਿਸ਼ਟ ਅਧਿਕਾਰੀਆਂ ਨੂੰ ਘਰਾਂ ਨੂੰ ਤੋਰ ਕੇ ਨਵੀਂ ਭਰਤੀ ਕਰੇ। ਉਨ੍ਹਾਂ ਕਿਹਾ ਕਿ ਉਹ 3 ਫਰਵਰੀ ਨੂੰ ਜੋ ਚੰਡੀਗੜ੍ਹ ਵਿਖੇ ਮੋਰਚਾ ਲਾ ਰਹੇ ਹਨ ਉਸ ਵਿਚ ਸਮੁੱਚੇ ਪੰਜਾਬ ਦਾ ਪਾਣੀ, ਹਵਾ ਤੇ ਵਾਤਾਵਰਨ ਸ਼ੁੱਧ ਕਰਨ ਲਈ ਸਰਕਾਰ ਤੋਂ ਦੂਸ਼ਿਤ ਕਰਨ ਵਾਲੀਆਂ ਫ਼ੈਕਟਰੀਆਂ ਵਿਰੁੱਧ ਜ਼ਬਰਦਸਤ ਕਾਰਵਾਈ ਦੀ ਮੰਗ ਕਰਨਗੇ।

ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਮੁੱਖ ਮੰਤਰੀ ਦੇ ਫ਼ੈਸਲੇ ਦਾ ਸਵਾਗਤ ਕਰਦੀ ਹੈ। ਇਸ ਦੇ ਨਾਲ ਉਹ ਪੰਜਾਬ ਸਰਕਾਰ ਤੋਂ ਇਹ ਵੀ ਮੰਗ ਕਰਦੇ ਹਨ ਕਿ ਜਿਨ੍ਹਾਂ ਫੈਕਟਰੀ ਮਾਲਕਾਂ ਨੇ ਪੰਜਾਬ ਦਾ ਪਾਣੀ ਪਲੀਤ ਕੀਤਾ ਹੈ ਉਨ੍ਹਾਂ ਉਪਰ ਪਰਚਾ ਦਰਜ ਹੋਣਾ ਚਾਹੀਦਾ ਹੈ। ਵਿਗਿਆਨਕ ਖੋਜ ਦੱਸਦੀ ਹੈ ਕਿ ਡਿਸਟਿਲਰੀਆਂ ਤੋਂ ਨਿਕਲੇ ਮੈਲੇ ਪਾਣੀ/ਮਵਾਦ ਵਿਚ ਪਾਏ ਜਾਂਦੇ ਮਿਲੈਨੋਈਡਿਨਜ਼ ਅਤੇ ਥੈਲੇਟ ਮਨੁੱਖ ਸਿਹਤ ਲਈ ਕਾਫੀ ਖ਼ਤਰਨਾਕ ਹੁੰਦੇ ਹਨ ਤੇ ਦੂਸਿ.ਤ ਪਾਣੀ ਨੂੰ ਇਨ੍ਹਾਂ ਪਦਾਰਥਾਂ ਤੋਂ ਮੁਕਤ ਕਾਫੀ ਮੁਸ਼ਕਿਲ ਅਤੇ ਮਹਿੰਗਾ ਕਾਰਜ ਹੁੰਦਾ ਹੈ। ਸਰਕਾਰਾਂ ਨੂੰ ਉਨ੍ਹਾਂ ਨੂੰ ਹਲਕੇ ਵਿਚ ਨਹੀਂ ਲੈਣਾ ਚਾਹੀਦਾ ਸਗੋਂ ਉਨ੍ਹਾਂ ਦਾ ਹੱਲ ਲੱਭਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਧਰਤੀ ਹੇਠਲੇ ਪਾਣੀ ਨੂੰ ਦੂਸ਼ਿਤ ਕਰਨ ਦਾ ਦੋਸ਼ ਸਿਰਫ਼ ਸਨਅਤਾਂ 'ਤੇ ਹੀ ਨਹੀਂ ਲੱਗਦਾ, ਇਸ ਦਾ ਇਕ ਹੋਰ ਵੱਡਾ ਕਾਰਨ ਕਿਸਾਨਾਂ ਵੱਲੋਂ ਵਰਤੇ ਜਾਣ ਵਾਲੇ ਕੀਟ-ਨਾਸ਼ਕਾਂ ਨੂੰ ਵੀ ਮੰਨਿਆ ਜਾਂਦਾ ਹੈ। ਇਸ ਮਸਲੇ ਨਾਲ ਨਿਪਟਣ ਲਈ ਆਮ ਜਨਤਾ ਨੂੰ ਜਾਗਰੂਕ ਕਰਨਾ ਵੀ ਡਾਹਢਾ ਜ਼ਰੂਰੀ ਹੈ। ਖ਼ੈਰ, ਪੰਜਾਬ ਸਰਕਾਰ ਦਾ ਫ਼ੈਸਲਾ ਮਨਸੂਰਵਾਲ ਦੇ ਵਾਸੀਆਂ ਦੀ ਵੱਡੀ ਜਿੱਤ ਹੈ। ਉਨ੍ਹਾਂ ਦਰਸਾ ਦਿੱਤਾ ਹੈ ਕਿ ਜੇ ਦ੍ਰਿੜ੍ਹ ਇਰਾਦੇ ਨਾਲ ਸੱਚਾਈ 'ਤੇ ਡਟਿਆ ਜਾਵੇ ਤਾਂ ਜਿੱਤ ਯਕੀਨੀ ਹੋ ਸਕਦੀ ਹੈ।

***

## ਸੰਯੁਕਤ ਰਾਸ਼ਟਰ ਨੇ ਅਬਦੁਲ ਰਹਿਮਾਨ ਮੱਕੀ

ਪ੍ਰੀਸ਼ਦ ਦੀਆਂ ਪਾਬੰਦੀਆਂ ਅਜਿਹੇ ਖਤਰਿਆਂ ਨੂੰ ਰੋਕਣ ਲਈ ਇਕ ਪ੍ਰਭਾਵਸ਼ਾਲੀ ਸਾਧਨ ਹਨ। ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਲੋਂ ਅਬਦੁਲ ਰਹਿਮਾਨ ਮੱਕੀ ਸਮੇਤ ਪਾਕਿਸਤਾਨ ਦੇ ਕਰੀਬ 150 ਅੱਤਵਾਦੀਆਂ ਅਤੇ ਅੱਤਵਾਦੀ ਸੰਗਠਨਾਂ ਨੂੰ ਕਾਲੀ ਸੂਚੀ ਵਿਚ ਪਾਇਆ ਗਿਆ ਹੈ। ਸੰਯੁਕਤ ਰਾਸ਼ਟਰ ਦੀ ਕਮੇਟੀ ਵਲੋਂ ਜਾਰੀ ਸੂਚੀ ਅਨੁਸਾਰ ਕਾਲੀ ਸੂਚੀ ਵਿਚ ਪਾਏ ਕਰੀਬ 150 ਅੱਤਵਾਦੀ ਸੰਗਠਨ ਅਤੇ ਅੱਤਵਾਦੀ ਜਾਂ ਤਾਂ ਪਾਕਿਸਤਾਨ ਵਿਚ ਸਥਿਤ ਹਨ, ਜਾਂ ਪਾਕਿ-ਅਫ਼ਗਾਨਿਸਤਾਨ ਸਰਹੱਦੀ ਖੇਤਰਾਂ ਤੋਂ ਕੰਮ ਕਰਦੇ ਹਨ। ਕਾਲੀ ਸੂਚੀ ਵਿਚ ਪਾਏ ਅੱਤਵਾਦੀਆਂ ਵਿਚ ਲਸ਼ਕਰ ਦੇ ਹਾਫ਼ਿਜ਼ ਸਈਦ ਤੇ ਜ਼ਕੀ ਉਰ ਰਹਿਮਾਨ ਲਖਵੀ ਅਤੇ ਜੈਸ਼ ਦਾ ਮਸੂਦ ਅਜ਼ਹਰ ਤੇ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਵੀ ਸ਼ਾਮਿਲ ਹੈ।



## ਸਿੱਖਾਂ ਦੀਆਂ ਪ੍ਰਸ਼ੰਸਕ ਨੇ ਅਮਰੀਕਾ,

ਲਗਭਗ 1.80 ਲੱਖ ਭਾਰਤੀ ਆਪਣੀ ਨਾਗਰਿਕਤਾ ਛੱਡ ਕੇ ਵਿਦੇਸ਼ੀ ਬਣ ਰਹੇ ਹਨ। ਇਨ੍ਹਾਂ ਵਿੱਚ 7 ਹਜ਼ਾਰ ਲੋਕ ਅਜਿਹੇ ਹਨ ਜਿਨ੍ਹਾਂ ਦੀ ਕੁੱਲ ਜਾਇਦਾਦ 8 ਕਰੋੜ ਰੁਪਏ ਤੋਂ ਵੱਧ ਹੈ। ਬਾਕੀ ਦੇ ਬਹੁਤੇ ਚੰਗੀ ਤਨਖਾਹ ਵਾਲੇ ਪੇਸ਼ੇਵਰ ਵੀ ਹਨ। 2020 ਗਲੋਬਲ ਵੈਲਥ ਮਾਈਗ੍ਰੇਸ਼ਨ ਰਿਵਿਊ ਰਿਪੋਰਟ ਦੇ ਅਨੁਸਾਰ, ਵਿਸ਼ਵ ਪੱਧਰ ਦੇ ਉੱਚ ਜਾਇਦਾਦ ਵਾਲੇ ਵਿਅਕਤੀਆਂ ਦਾ ਆਪਣੀ ਨਾਗਰਿਕਤਾ ਛੱਡਣ ਦਾ ਮੁੱਖ ਕਾਰਨ ਵਧ ਰਹੀ ਅਪਰਾਧ ਦਰਾਂ ਜਾਂ ਭਾਰਤ ਵਿੱਚ ਕਾਰੋਬਾਰੀ ਮੌਕਿਆਂ ਦੀ ਘਾਟ ਹੈ। ਰਿਪੋਰਟ ਦੇ ਅਨੁਸਾਰ, ਭਾਰਤ ਦੀ ਨਾਗਰਿਕਤਾ ਛੱਡਣ ਅਤੇ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਲੈਣ ਦੇ ਪਿੱਛੇ ਵੀ ਇਹ ਕਾਰਨ ਹਨ-ਔਰਤਾਂ ਅਤੇ ਬੱਚਿਆਂ ਲਈ ਸੁਰੱਖਿਅਤ ਵਾਤਾਵਰਣ ਦੀ ਭਾਲ, ਜੀਵਨ ਸ਼ੈਲੀ ਦੇ ਕਾਰਕ ਜਿਵੇਂ ਪ੍ਰਦੂਸ਼ਣ ਮੁਕਤ ਹਵਾ, ਆਰਥਿਕ ਚਿੰਤਾਵਾਂ ਜਿਵੇਂ ਕਿ ਵੱਧ ਕਮਾਈ ਅਤੇ ਘੱਟ ਟੈਕਸ। ਇਸ ਤੋਂ ਇਲਾਵਾ ਪਰਿਵਾਰ ਲਈ ਬਿਹਤਰ ਸਿਹਤ ਸੰਭਾਲ, ਬੱਚਿਆਂ ਲਈ ਵਿੱਦਿਅਕ ਅਤੇ ਦਮਨਕਾਰੀ ਸਰਕਾਰ ਤੋਂ ਬਚਣ ਦੇ ਕਾਰਨ ਹਨ।

ਨਾਗਰਿਕਤਾ ਛੱਡਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵਾਧੇ ਦਾ ਇੱਕ ਮਹੱਤਵਪੂਰਨ ਕਾਰਨ ਭਾਰਤ ਵਿੱਚ ਨਾਗਰਿਕਤਾ ਨਾਲ ਜੁੜੇ ਨਿਯਮ ਹਨ। ਸੰਵਿਧਾਨ ਸੋਧ ਸਿਟੀਜ਼ਨਸ਼ਿਪ ਐਕਟ 1955 ਦੇ ਅਨੁਸਾਰ, ਭਾਰਤ ਵਿੱਚ ਕੋਈ ਦੋਹਰੀ ਨਾਗਰਿਕਤਾ ਨਹੀਂ ਹੈ। ਯਾਨੀ ਕਿ ਜਿਸ ਵਿਅਕਤੀ ਕੋਲ ਭਾਰਤ ਦੀ ਨਾਗਰਿਕਤਾ ਹੈ, ਉਹ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਲਈ ਯੋਗ ਨਹੀਂ ਹੈ। ਅਜਿਹੇ ਵਿਚ ਵਿਦੇਸ਼ ਜਾਣ ਵਾਲਿਆਂ ਨੇ ਉੱਥੇ ਆਪਣਾ ਕਾਰੋਬਾਰ ਸਥਾਪਿਤ ਕੀਤਾ ਅਤੇ ਉੱਥੇ ਦੀ ਨਾਗਰਿਕਤਾ ਹਾਸਲ ਕੀਤੀ। ਹਾਲਾਂਕਿ, ਭਾਰਤ ਨਾਲ ਵਿਦੇਸ਼ਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਸਾਂਝ ਨੂੰ ਦੇਖਦੇ ਹੋਏ, ਭਾਰਤ ਸਰਕਾਰ ਨੇ 2003 ਵਿੱਚ ਪੀਆਈਓ ਯਾਨੀ ਪਰਸਨ ਆਫ਼ ਇੰਡੀਅਨ ਓਰੀਜਨ ਕਾਰਡ ਅਤੇ 2006 ਵਿੱਚ ਓਸੀਆਈ ਅਰਥਾਤ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ ਕਾਰਡ ਲਾਂਚ ਕੀਤਾ। ਇਸ ਕਾਰਡ ਨੇ ਭਾਰਤੀਆਂ ਲਈ ਦੇਸ਼ ਦੀ ਨਾਗਰਿਕਤਾ ਛੱਡਣ ਦੇ ਫੈਸਲੇ ਨੂੰ ਆਸਾਨ ਬਣਾ ਦਿੱਤਾ ਹੈ।ਇਸ ਕਾਰਡ ਨਾਲ ਲੋਕ ਭਾਰਤੀ ਨਾਗਰਿਕਤਾ ਛੱਡਣ ਤੋਂ ਬਾਅਦ ਵੀ ਭਾਰਤ ਨਾਲ ਸੰਪਰਕ ਬਣਾ ਸਕਦੇ ਹਨ। ਓਆਈਸੀ ਕਾਰਡ ਦੀਆਂ ਕੁਝ ਸੀਮਾਵਾਂ ਵੀ ਹਨ, ਜਿਵੇਂ ਕਿ ਕਾਰਡ ਧਾਰਕ ਭਾਰਤ ਵਿੱਚ ਚੋਣਾਂ ਨਹੀਂ ਲੜ ਸਕਦੇ, ਵੋਟ ਨਹੀਂ ਕਰ ਸਕਦੇ, ਕੋਈ ਸਰਕਾਰੀ ਜਾਂ ਸੰਵਿਧਾਨਕ ਅਹੁਦਾ ਨਹੀਂ ਸੰਭਾਲ ਸਕਦੇ ਅਤੇ ਖੇਤੀਬਾੜੀ ਲਈ ਜ਼ਮੀਨ ਨਹੀਂ ਖਰੀਦ ਸਕਦੇ।ਗਲੋਬਲ ਪਾਸਪੋਰਟ ਇੰਡੈਕਸ ਦੇ ਅਨੁਸਾਰ, ਭਾਰਤ ਇਸ ਸਮੇਂ ਪਾਸਪੋਰਟ ਰੈਂਕਿੰਗ ਵਿੱਚ 199 ਦੇਸ਼ਾਂ ਵਿੱਚੋਂ 71ਵੇਂ ਨੰਬਰ 'ਤੇ ਹੈ। ਭਾਰਤੀ ਪਾਸਪੋਰਟ ਦੇ ਨਾਲ, ਤੁਸੀਂ ਬਿਨਾਂ ਵੀਜ਼ਾ ਦੇ 71 ਦੇਸ਼ਾਂ ਦੀ ਯਾਤਰਾ ਕਰ ਸਕਦੇ ਹੋ। ਦੂਜੇ ਪਾਸੇ ਅਮਰੀਕਾ, ਬ੍ਰਿਟੇਨ ਦੇ ਪਾਸਪੋਰਟ 'ਤੇ ਤੁਸੀਂ 173 ਦੇਸ਼ਾਂ ਦੀ ਯਾਤਰਾ ਬਿਨਾਂ ਵੀਜ਼ਾ ਦੇ ਕਰ ਸਕਦੇ ਹੋ। ਇਸੇ ਤਰ੍ਹਾਂ ਕੈਨੇਡਾ ਅਤੇ ਆਸਟ੍ਰੇਲੀਆ ਦੇ ਪਾਸਪੋਰਟ 'ਤੇ 172 ਦੇਸ਼ਾਂ ਦੀ ਯਾਤਰਾ ਕੀਤੀ ਜਾ ਸਕਦੀ ਹੈ। ਇਹੀ ਵੱਡਾ ਕਾਰਨ ਹੈ ਕਿ ਭਾਰਤ ਦੀ ਨਾਗਰਿਕਤਾ ਛੱਡ ਕੇ ਲੋਕ ਅਮਰੀਕਾ, ਕੈਨੇਡਾ ਵਰਗੇ ਦੇਸ਼ਾਂ ਦੀ ਨਾਗਰਿਕਤਾ ਲੈ ਰਹੇ ਹਨ।ਭਾਰਤ ਵਿਚ ਲੋਕਾਂ ਕੋਲ ਸਿੱਖਿਆ, ਕਮਾਈ ਅਤੇ ਦਵਾਈ ਦੇ ਮੁਕਾਬਲਤਨ ਘੱਟ ਮੌਕੇ ਹਨ। ਇਸ ਤੋਂ ਇਲਾਵਾ ਪ੍ਰਦੂਸ਼ਣ ਵਰਗੀ ਸਮੱਸਿਆ ਕਾਰਨ ਲੋਕ ਵਿਦੇਸ਼ਾਂ ਵਿਚ ਸੈਟਲ ਹੋਣਾ ਚਾਹੁੰਦੇ ਹਨ। ਭਾਰਤ ਛੱਡਣ ਦਾ ਸਭ ਤੋਂ ਵੱਡਾ ਕਾਰਨ ਪੈਸਾ ਹੈ। ਪੜ੍ਹਾਈ, ਰੁਜ਼ਗਾਰ, ਬੱਚਿਆਂ ਦੇ ਕਰੀਅਰ ਅਤੇ ਰਿਟਾਇਰਮੈਂਟ ਵਰਗੇ ਮੁੱਦਿਆਂ ਨੂੰ ਦੇਖ ਕੇ ਹੀ ਲੋਕ ਭਾਰਤ ਛੱਡਦੇ ਹਨ।ਭਾਰਤ ਵਿੱਚ ਔਸਤ ਮਜ਼ਦੂਰੀ ਦੀ ਲਾਗਤ 170 ਰੁਪਏ ਪ੍ਰਤੀ ਘੰਟਾ, ਯੂ.ਕੇ. ਵਿੱਚ 945 ਰੁਪਏ ਅਤੇ ਅਮਰੀਕਾ ਵਿੱਚ 596 ਰੁਪਏ ਹੈ। ਇਸ ਦੇ ਨਾਲ ਹੀ ਇਨ੍ਹਾਂ ਦੇਸ਼ਾਂ ਵਿੱਚ ਕਿਰਤ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਂਦੀ ਹੈ। ਇਸੇ ਕਰਕੇ ਲੋਕ ਇਨ੍ਹਾਂ ਦੇਸ਼ਾਂ ਵਿੱਚ ਕੰਮ ਕਰਨ ਨੂੰ ਤਰਜੀਹ ਦੇ ਰਹੇ ਹਨ।

ਭਾਰਤ ਵਿੱਚ ਰੁਜ਼ਗਾਰ ਦੀ ਦਰ ਪਹਿਲਾਂ ਹੀ ਮਾੜੀ ਹੈ। ਅਜਿਹੇ ਵਿਚ ਅਮੀਰਾਂ ਦਾ ਕਾਰੋਬਾਰ ਕਿਤੇ ਹੋਰ ਜਾਣ ਨਾਲ ਇੱਥੇ ਬੇਰੁਜ਼ਗਾਰੀ ਦੀ ਦਰ ਵਧੇਗੀ। ਅਮੀਰ ਲੋਕ ਵੀ ਭਾਰੀ ਟੈਕਸਾਂ ਤੋਂ ਬਚਣ ਲਈ ਦੇਸ਼ ਛੱਡ ਜਾਂਦੇ ਹਨ। ਇਸ ਨਾਲ ਟੈਕਸ ਵਸੂਲੀ ਘਟਦੀ ਹੈ ਅਤੇ ਦੇਸ਼ ਦੀ ਆਰਥਿਕਤਾ ਨੂੰ ਨੁਕਸਾਨ ਹੁੰਦਾ ਹੈ। ਦੂਜੇ ਪਾਸੇ, ਸਿੰਗਾਪੁਰ, ਹਾਂਗਕਾਂਗ, ਯੂ.ਕੇ., ਕੋਰੀਆ ਵਿੱਚ ਟੈਕਸ ਪ੍ਰਣਾਲੀ ਬਹੁਤ ਸਰਲ ਹੈ। ਇਸੇ ਲਈ ਲੋਕ ਆਪਣਾ ਦੇਸ਼ ਛੱਡ ਕੇ ਇਨ੍ਹਾਂ ਦੇਸ਼ਾਂ ਵਿੱਚ ਕਾਰੋਬਾਰ ਸਥਾਪਤ ਕਰਨ ਲਈ ਚਲੇ ਜਾਂਦੇ ਹਨ।2022 ਵਿੱਚ, 4 ਲੱਖ ਤੋਂ ਵੱਧ ਲੋਕ ਵਿਦੇਸ਼ਾਂ ਵਿੱਚ ਪੜ੍ਹਨ ਲਈ ਗਏ ਸਨ। ਇਸ ਸਮੇਂ ਦੌਰਾਨ ਉਸਦੀ ਪੜ੍ਹਾਈ ਦਾ ਖਰਚਾ ਲਗਭਗ 27 ਮਿਲੀਅਨ ਡਾਲਰ ਸੀ। ਇੰਨਾ ਖਰਚ ਕਰਕੇ ਪੜ੍ਹਨ ਵਾਲੇ ਬੱਚੇ ਵੀ ਭਾਰਤ ਵਿਚ ਚੰਗੇ ਰਿਟਰਨ ਦੀ ਉਮੀਦ ਨਹੀਂ ਕਰਦੇ। ਅਜਿਹੇ ਵਿਚ ਉਹ ਵਿਦੇਸ਼ 'ਚ ਸੈਟਲ ਹੋ ਜਾਂਦੇ ਹਨ। ਇਸ ਨਾਲ ਭਾਰਤ ਨੂੰ ਦੋ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ- ਪਹਿਲਾ, ਇੰਨੀ ਵੱਡੀ ਰਕਮ ਪੜ੍ਹਾਈ ਦੇ ਨਾਂ 'ਤੇ ਵਿਦੇਸ਼ਾਂ ਵਿਚ ਚਲੀ ਜਾਂਦੀ ਹੈ ਅਤੇ ਦੂਜਾ, ਸਾਡਾ ਬਰੇਨ ਡਰੇਨ ਵਾਪਸ ਨਹੀਂ ਆਉਂਦਾ।ਪ੍ਰਵਾਸੀ ਭਾਰਤੀਆਂ ਨੇ 2021 ਵਿੱਚ ਭਾਰਤ ਨੂੰ 87 ਬਿਲੀਅਨ ਡਾਲਰ (ਲਗਭਗ 6.5 ਲੱਖ ਕਰੋੜ ਰੁਪਏ) ਭੇਜੇ ਸਨ। ਇਹ ਰਕਮ 2020 ਦੇ ਮੁਕਾਬਲੇ 4.6% ਜ਼ਿਆਦਾ ਸੀ। ਅਮਰੀਕਾ ਦੇ ਬਿਡੇਨ ਦੇ ਪ੍ਰਸ਼ਾਸਨ ਵਿੱਚ 80 ਤੋਂ ਵੱਧ ਭਾਰਤੀ ਅਹਿਮ ਅਹੁਦਿਆਂ 'ਤੇ ਤਾਇਨਾਤ ਹਨ। ਯੂ.ਕੇ. ਅਤੇ ਕੈਨੇਡਾ ਵਿੱਚ ਵੀ ਇਹੀ ਸਥਿਤੀ ਹੈ।2018 ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਅਮਰੀਕਾ ਅਤੇ ਯੂਰਪ ਦੇ ਸਥਾਨਕ ਲੋਕਾਂ ਨਾਲੋਂ ਤਿੰਨ ਗੁਣਾ (ਲਗਭਗ 44%) ਜ਼ਿਆਦਾ ਭਾਰਤੀਆਂ ਕੋਲ ਪੀਐਚਡੀ ਅਤੇ ਹੋਰ ਮਾਸਟਰ ਡਿਗਰੀਆਂ ਹਨ। ਭਾਰਤ ਸਰਕਾਰ ਨੂੰ ਇਨ੍ਹਾਂ ਮੁੱਦਿਆਂ ਤੇ ਸਮਸਿਆਵਾਂ ਨੂੰ ਵਿਚਾਰਨ ਤੇ ਹੱਲ ਕਰਨ ਦੀ ਲੋੜ ਹੈ।ਕਿਉਂਕਿ ਪ੍ਰਵਾਸੀ ਭਾਰਤੀਆਂ ਕਾਰਣ ਭਾਰਤ ਦਾ ਆਰਥਿਕ ਵਿਕਾਸ ਹੋ ਰਿਹਾ ਹੈ। ਪ੍ਰਵਾਸੀ ਪੰਜਾਬੀਆਂ ਦਾ ਇਸ ਵਿਚ ਵੱਡਾ ਯੋਗਦਾਨ ਹੈ।

***

## ਡਾ. ਜਗਵਿੰਦਰ ਸਿੰਘ ਵਿਰਕ ਭਾਰਤ

ਆਸਟ੍ਰੇਲੀਅਨ ਕੰਪਨੀਆਂ ਪੰਜਾਬ ਵਿੱਚ ਨਿਵੇਸ਼ ਕਰਨ ਦੇ ਮੌਕੇ ਲੱਭ ਰਹੀਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਆਸਟ੍ਰੇਲੀਆ ਤੋਂ ਕੁਝ ਵਫ਼ਦ ਪੰਜਾਬ ਆਉਣਗੇ। ਵਪਾਰ ਸਮਝੌਤੇ ਦੇ ਤਹਿਤ, ਵੱਖ-ਵੱਖ ਖੇਤਰਾਂ ਦੇ 6,000 ਤੋਂ ਵੱਧ ਭਾਰਤੀ ਬਰਾਮਦਕਾਰਾਂ ਨੂੰ ਆਸਟ੍ਰੇਲੀਆ ਤੱਕ ਡਿਊਟੀ ਮੁਕਤ ਅਕਸੈਸ ਮਿਲ ਰਿਹਾ ਹੈ। ਖੇਤੀਬਾੜੀ, ਡੇਅਰੀ, ਟੈਕਸਟਾਈਲ ਅਤੇ ਗਾਰਮੈਂਟਸ ਪੰਜਾਬ ਵਲੋਂ ਆਸਟ੍ਰੇਲੀਆ ਨੂੰ ਭੇਜੇ ਜਾ ਸਕਦੇ ਹਨ।

***

## ਬ੍ਰਿਟਿਸ਼ ਸੰਸਦ ਮੈਂਬਰ ਲਾਰਡ ਦਿਲਜੀਤ ਸਿੰਘ ਰਾਣਾ

ਬਾਅਦ ਉਸਦਾ ਆਰਥਿਕਤਾ ਲਈ ਸੰਘਰਸ਼ ਮੁੜ ਸ਼ੁਰੂ ਹੋ ਗਿਆ। ਉਸਨੇ ਦੁਬਾਰਾ ਕਾਰੋਬਾਰ ਸ਼ੁਰੂ ਕੀਤਾ, ਵਿਕਾਸ ਕੀਤਾ ਹੁਣ 10 ਅੰਤਰਰਾਸ਼ਟਰੀ ਬ੍ਰਾਂਡ ਵਾਲੇ ਹੋਟਲ, ਬਹੁਤ ਸਾਰੇ ਰੈਸਟੋਰੈਂਟ ਹਨ।

ਤਤਕਾਲੀ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਰਾਣਾ ਨੂੰ 2004 ਵਿੱਚ ਹਾਊਸ ਆਫ਼ ਲਾਰਡਜ਼ ਦਾ ਜੀਵਨ ਭਰ ਲਈ ਮੈਂਬਰ ਨਾਮਜ਼ਦ ਕੀਤਾ ਸੀ। ਰਾਣਾ ਗਲੋਬਲ ਇੰਡੀਆ ਆਰਗੇਨਾਈਜੇਸ਼ਨ ਦੇ ਪ੍ਰਧਾਨ ਵੀ ਹਨ। ਉਨ੍ਹਾਂ ਦਾ ਉੱਤਰੀ ਆਇਰਲੈਂਡ ਸਮੇਤ ਯੂ.ਕੇ. ਵਿੱਚ ਕਾਰੋਬਾਰ ਹੈ। ਮੀਡੀਆ ਰਿਪੋਰਟਾਂ ਮੁਤਾਬਕ ਉਨ੍ਹਾਂ ਦੀ ਕੁੱਲ ਜਾਇਦਾਦ 20,000 ਕਰੋੜ ਰੁਪਏ ਹੈ।

ਰਾਣਾ ਬਰਤਾਨੀਆ ਵਿਚ ਰਹਿ ਕੇ ਵੀ ਆਪਣੀ ਜਨਮ ਭੂਮੀ ਨੂੰ ਨਹੀਂ ਭੁੱਲਿਆ। ਕਾਰੋਬਾਰ ਵਿੱਚ ਸਫਲਤਾ ਪ੍ਰਾਪਤ ਕਰਨ ਤੋਂ ਬਾਅਦ, ਉਸਨੇ ਚੰਡੀਗੜ੍ਹ ਨੇੜੇ ਸੰਘੋਲ ਵਿਖੇ ਕੋਰਡੀਆ ਐਜੂਕੇਸ਼ਨ ਕੈਂਪਸ ਦੀ ਸਥਾਪਨਾ ਕੀਤੀ ਹੈ। ਉਹ ਖੁਦ ਵੀ ਇਸ ਟਰੱਸਟ ਦੇ ਚੇਅਰਮੈਨ ਹਨ। ਇਸ ਟਰੱਸਟ ਰਾਹੀਂ ਉਹ ਸਿੱਖਿਆ ਦੇ ਖੇਤਰ ਵਿੱਚ ਕੰਮ ਕਰ ਰਹੇ ਹਨ। ਇਸ ਟਰੱਸਟ ਦੇ ਕਈ ਕਾਲਜ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਉਸ ਨੂੰ ਸਹੀ ਸਿੱਖਿਆ ਮਿਲ ਜਾਵੇ ਤਾਂ ਨੌਜਵਾਨ ਆਪਣੀ ਕਿਸਮਤ ਆਪ ਬਣਾ ਸਕਦੇ ਹਨ। ਇਸ ਕਾਰਨ ਉਹ ਸਿੱਖਿਆ ਦੇ ਖੇਤਰ ਵਿੱਚ ਕੰਮ ਕਰ ਰਿਹਾ ਹੈ, ਤਾਂ ਜੋ ਵੱਧ ਤੋਂ ਵੱਧ ਲੋਕ ਵਧੀਆ ਸਿੱਖਿਆ ਪ੍ਰਾਪਤ ਕਰ ਸਕਣ।

ਰਾਣਾ ਦੇ ਐਜੂਕੇਸ਼ਨ ਟਰੱਸਟ ਦੇ ਇੰਚਾਰਜ ਉਰਮਿਲ ਵਰਮਾ ਨੇ ਦੱਸਿਆ ਕਿ ਰਾਣਾ ਬਰਤਾਨੀਆ ਵਿੱਚ ਸਮਾਜ ਸੇਵਾ ਦੇ ਖੇਤਰ ਵਿੱਚ ਵੀ ਕਾਫੀ ਸਰਗਰਮ ਹਨ। ਉਹ ਉੱਥੇ ਸਿੱਖਿਆ ਦੇ ਖੇਤਰ ਵਿੱਚ ਵੀ ਕੰਮ ਕਰ ਰਿਹਾ ਹੈ। ਖਾਸ ਕਰਕੇ ਉੱਤਰੀ ਆਇਰਲੈਂਡ ਵਿੱਚ।

***

## ਸੁਪਰਬੱਗ, ਕਰੋਨਾ, ਮੰਦੀ, ਗਲੋਬਲ ਵਾਰਮਿੰਗ

ਇਸ ਸਾਲ ਕਿੰਨੀਆਂ ਮੌਤਾਂ ਹੋ ਸਕਦੀਆਂ ਹਨ। ਵਰਤਮਾਨ ਵਿੱਚ, ਸੁਪਰਬਗਸ ਕਾਰਨ ਭਾਰਤ ਵਿੱਚ ਹਰ ਸਾਲ ਲਗਭਗ 60,000 ਨਵਜੰਮੇ ਬੱਚਿਆਂ ਦੀ ਮੌਤ ਹੋ ਰਹੀ ਹੈ, ਜਦੋਂ ਕਿ ਅਮਰੀਕਾ ਵਿੱਚ, ਸੁਪਰਬਗ ਹਰ 10 ਮਿੰਟਾਂ ਵਿੱਚ ਇੱਕ ਮਰੀਜ਼ ਦੀ ਮੌਤ ਹੋ ਰਹੀ ਹੈ।

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਪਹਿਲਾਂ ਹੀ ਮਾਰਚ 2022 ਵਿਚ ਹੀ ਸੁਪਰਬੱਗ ਦੇ ਖਤਰੇ ਅਤੇ ਇਸ ਨਾਲ ਹੋਣ ਵਾਲੀ ਤਬਾਹੀ ਦਾ ਡਰ ਜ਼ਾਹਰ ਕਰ ਚੁੱਕੇ ਹਨ। ਬਿਡੇਨ ਸਰਕਾਰ ਨੇ ਸੁਪਰ ਬੱਗ ਨਾਲ ਲੜਨ ਲਈ 2023 ਵਿੱਚ ਵਿਸ਼ੇਸ਼ ਫੰਡ ਜਾਰੀ ਕਰਨ ਦੀ ਗੱਲ ਕਹੀ ਹੈ। ਇਹ ਫੰਡ ਦਵਾਈਆਂ ਬਣਾਉਣ ਵਾਲੀਆਂ ਮੈਡੀਕਲ ਕੰਪਨੀਆਂ ਨੂੰ ਮੁਹੱਈਆ ਕਰਵਾਏ ਜਾਣਗੇ, ਤਾਂ ਜੋ ਉਹ ਸੁਪਰਬੱਗ ਨਾਲ ਲੜਨ ਲਈ ਨਵੀਆਂ ਦਵਾਈਆਂ ਤਿਆਰ ਕਰ ਸਕਣ।

ਗਲੋਬਲ ਵਾਰਮਿੰਗ ਵਿਸ਼ਵ ਦੇ ਲੋਕਾਂ ਲਈ ਵੱਡਾ ਸੰਕਟ ਬਣੇਗਾ।2022 ਦੌਰਾਨ ਪਾਕਿਸਤਾਨ ਦਾ ਇੱਕ ਤਿਹਾਈ ਹਿੱਸਾ ਹੜ੍ਹਾਂ ਕਾਰਨ 1 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ। ਗਰਮੀਆਂ ਦੇ ਮਹੀਨੇ ਦੌਰਾਨ ਚੀਨ ਵਿਚ ਭਿਅੰਕਰ ਗਰਮੀ ਕਾਰਨ ਲੋਕਾਂ ਦੀਆਂ ਮੌਤਾਂ ਹੋਈਆਂ। ਅਮਰੀਕਾ ਅਤੇ ਕੈਨੇਡਾ ਵਿੱਚ ਹਾਲ ਹੀ ਵਿੱਚ ਆਇਆ ਸਾਈਕਲੋਨ ਚੱਕਰਵਾਤ ਨੇ ਦੋਵਾਂ ਦੇਸ਼ਾਂ ਦੇ ਵੱਡੇ ਹਿੱਸੇ ਨੂੰ ਬਰਫ਼ ਦੀ ਚਾਦਰ ਨਾਲ ਢੱਕ ਲਿਆ ਸੀ। ਇਸ ਵਿੱਚ 60 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ ਅਤੇ 25 ਕਰੋੜ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਸਨ। ਇਹ ਸਭ ਅਤਿਅੰਤ ਮੌਸਮੀ ਹਾਲਾਤ ਹਨ, ਜਿਸ ਦੇ ਪਿੱਛੇ ਜਲਵਾਯੂ ਤਬਦੀਲੀ ਇੱਕ ਵੱਡਾ ਕਾਰਨ ਹੈ।

ਉਦਯੋਗਿਕ ਕ੍ਰਾਂਤੀ ਤੋਂ ਬਾਅਦ ਜਲਵਾਯੂ ਪਰਿਵਰਤਨ ਵੱਡੇ ਪੱਧਰ 'ਤੇ ਹੋ ਰਿਹਾ ਹੈ, ਕਿਉਂਕਿ ਉਦੋਂ ਤੋਂ ਤੇਲ, ਕੋਲੇ ਅਤੇ ਗੈਸ ਦੀ ਵਰਤੋਂ ਵਧੀ ਹੈ। ਇਨ੍ਹਾਂ ਤਿੰਨਾਂ ਦੀ ਵਰਤੋਂ ਵਾਤਾਵਰਣ ਵਿੱਚ ਗ੍ਰੀਨ ਹਾਊਸ ਗੈਸ ਛੱਡਦੀ ਹੈ, ਜਿਸ ਵਿੱਚ ਕਾਰਬਨ ਦੀ ਸਭ ਤੋਂ ਵੱਧ ਮਾਤਰਾ ਹੁੰਦੀ ਹੈ। ਇਹ ਗੈਸ ਸੂਰਜ ਤੋਂ ਨਿਕਲਣ ਵਾਲੀ ਗਰਮੀ ਨੂੰ ਧਰਤੀ 'ਤੇ ਹੀ ਰੋਕ ਦਿੰਦੀ ਹੈ, ਜਿਸ ਕਾਰਨ ਇੱਥੇ ਤਾਪਮਾਨ ਵਧਣ ਲੱਗਦਾ ਹੈ। ਧਰਤੀ ਦੇ ਲਗਾਤਾਰ ਵੱਧ ਰਹੇ ਤਾਪਮਾਨ ਨੂੰ ਗਲੋਬਲ ਵਾਰਮਿੰਗ ਅਤੇ ਇਸ ਦੇ ਪ੍ਰਭਾਵ ਨੂੰ ਜਲਵਾਯੂ ਤਬਦੀਲੀ ਕਿਹਾ ਜਾਂਦਾ ਹੈ।ਸਾਈਕੋਲੋਨ ਚੱਕਰਵਾਤ ਆਰਟਿਕ ਦੀਆਂ ਠੰਡੀਆਂ ਹਵਾਵਾਂ ਅਤੇ ਉਪ-ਉਪਖੰਡੀ ਖੇਤਰ ਭਾਵ ਧਰਤੀ ਦੇ ਸਭ ਤੋਂ ਗਰਮ ਹਿੱਸੇ ਤੋਂ ਆਉਣ ਵਾਲੀਆਂ ਹਵਾਵਾਂ ਦੇ ਮਿਲਣ ਤੋਂ ਪੈਦਾ ਹੋਇਆ ਹੈ। ਅਮਰੀਕੀ ਮੌਸਮ ਵਿਗਿਆਨ ਏਜੰਸੀ ©®11 ਮੁਤਾਬਕ ਗਲੋਬਲ ਵਾਰਮਿੰਗ ਕਾਰਨ ਭਵਿੱਖ ਵਿਚ ਅਜਿਹੇ ਕਈ ਚੱਕਰਵਾਤੀ ਤੂਫਾਨਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਾਤਾਵਰਣ 'ਤੇ ਕੰਮ ਕਰਨ ਵਾਲੀ ਸੰਸਥਾ ਇੰਟਰਨੈਸ਼ਨਲ ਰੈਸਕਿਊ ਕਮੇਟੀ ਦੀ ਰਿਪੋਰਟ ਮੁਤਾਬਕ ਸਾਲ 2023 ਵਿਚ ਜਲਵਾਯੂ ਪਰਿਵਰਤਨ ਕਾਰਨ ਦੁਨੀਆ ਭਰ 'ਚ ਮਨੁੱਖੀ ਸੰਕਟ ਵਧੇਗਾ।

ਇੰਟਰਨੈਸ਼ਨਲ ਐਨਰਜੀ ਏਜੰਸੀ ਮੁਤਾਬਕ ਕੋਵਿਡ ਕਾਰਨ ਦੁਨੀਆ ਦਾ ਧਿਆਨ ਗਰੀਨ ਟੈਕਨਾਲੋਜੀ ਵਿਚ ਨਿਵੇਸ਼ ਕਰਨ ਤੋਂ ਹਟ ਗਿਆ ਹੈ। ਇਸ ਕਾਰਨ ਇਸ ਸਾਲ ਰਿਕਾਰਡ ਪੱਧਰ 'ਤੇ ਗ੍ਰੀਨ ਹਾਊਸ ਗੈਸ ਫੈਲ ਸਕਦੀ ਹੈ।

***

## ਸੰਘ ਮੁਖੀ ਭਾਗਵਤ ਦਾ ਮੁਸਲਮਾਨਾਂ ਨੂੰ ਉਪਦੇਸ਼

ਵਿੱਚ ਅਜਿਹੀਆਂ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ, ਪਰ ਦੁਰਾਡੇ ਪਿੰਡਾਂ ਤੋਂ ਖ਼ਬਰਾਂ ਨਹੀਂ ਆ ਰਹੀਆਂ।

ਇਨ੍ਹਾਂ ਹਮਲਿਆਂ ਨੇ ਦੱਸ ਦਿੱਤਾ ਹੈ ਕਿ ਭਾਜਪਾ ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਫਿਰਕੂ ਕਤਾਰਬੰਦੀ ਨੂੰ ਤੇਜ਼ ਕਰਨ ਲਈ ਸੰਘ ਦੇ ਭਗਵੇਂ ਏਜੰਡੇ ਨੂੰ ਅਪਣਾ ਰਹੀ ਹੈ। ਆਉਣ ਵਾਲੇ ਦਿਨਾਂ ਦੌਰਾਨ ਇਹ ਸਿਲਸਿਲਾ ਹੋਰ ਰਾਜਾਂ ਵਿੱਚ ਵੀ ਫੈਲ ਸਕਦਾ ਹੈ।

ਯਾਦ ਰਖਣ ਵਾਲੀ ਗਲ ਇਹ ਹੈ ਕਿ ਸੰਘ 'ਹਿੰਦੂਤਵ' ਦੀ ਵਿਚਾਰਧਾਰਾ ਨੂੰ ਪ੍ਰਣਾਈ ਕੱਟੜਪੰਥੀ ਜਥੇਬੰਦੀ ਹੈ ਜੋ 1925 ਤੋਂ ਭਾਰਤ ਨੂੰ ਇੱਕ 'ਹਿੰਦੂ ਰਾਸ਼ਟਰ' ਵਿਚ ਤਬਦੀਲ ਕਰਨ ਲਈ ਸਰਗਰਮ ਹੈ। ਜਿਸ ਵਿੱਚ ਬਾਕੀ ਧਾਰਮਿਕ, ਕੌਮੀ ਪਛਾਣ ਵਾਲ਼ੇ ਲੋਕ, ਦਲਿਤ ਤੇ ਔਰਤਾਂ ਦੂਜੇ ਦਰਜੇ ਦੇ ਨਾਗਰਿਕ ਹੋਣਗੇ। ਸੰਘ 'ਮਨੂੰਸਮ੍ਰਿਤੀ' ਵਾਲ਼ਾ ਜਾਤਪਾਤੀ ਢਾਂਚਾ ਲਾਗੂ ਕਰਨ ਦੀ ਵਕਾਲਤ ਕਰਦੀ ਹੈ। ਅੱਜ ਸੰਘ ਨਾ ਸਿਰਫ ਭਾਜਪਾ ਦੇ ਰੂਪ ਵਿੱਚ ਸਰਕਾਰ ਵਿੱਚ ਮੌਜੂਦ ਹੈ ਸਗੋਂ ਫੌਜ, ਨਿਆਇਕ ਢਾਂਚੇ, ਚੋਣ ਕਮਿਸ਼ਨ, ਸਿੱਖਿਆ ਆਦਿ ਜਿਹੀਆਂ ਸੰਸਥਾਵਾਂ ਵਿੱਚ ਵੀ ਇਸਦੇ ਨੁਮਾਇੰਦੇ ਕਾਬਜ਼ ਹਨ। ਸੱਤਾ ਵਿੱਚ ਨਾ ਹੁੰਦਿਆਂ ਵੀ 1925 ਤੋਂ ਸੰਘ ਫਿਰਕੂ ਨਫ਼ਰਤ ਤੇ ਹਿੰਸਾ ਫੈਲਾਉਣ ਦਾ ਆਪਣਾ ਕੰਮ ਬਾਖੂਬੀ ਕਰਦਾ ਰਿਹਾ ਹੈ। ਰਾਸ਼ਟਰੀ ਸਵੈਸੇਵਕ ਸੰਘ ਆਪਣੇ ਗੁਰੂਆਂ ਸਾਵਰਕਰ ਤੇ ਗੋਲਵਲਕਰ ਦੇ ਪਾਏ ਪੂਰਨਿਆਂ 'ਤੇ ਚਲਦੇ ਹਨ। ਸੰਘ ਦੇ ਸਰਪ੍ਰਸਤ ਤੇ ਮੁੱਖ ਵਿਚਾਰਕ ਗੋਲਵਲਕਰ ਨੇ ਆਪਣੀ ਕਿਤਾਬ 'ਵੀ ਐਂਡਅਵਰ ਨੇਸ਼ਨਹੁੱਡ ਡਿਫਾਈਂਡ' ਵਿੱਚ ਲਿਖਿਆ-

'ਆਪਣੀ ਨਸਲ ਅਤੇ ਸੱਭਿਆਚਾਰ ਦੀ ਸ਼ੁੱਧਤਾ ਕਾਇਮ ਰੱਖਣ ਲਈ ਜਰਮਨੀ ਨੇ ਆਪਣੇ ਦੇਸ਼ ਨੂੰ ਸਾਮੀ ਨਸਲ, ਯਹੂਦੀਆਂ ਤੋਂ ਸ਼ੁੱਧ ਕਰਕੇ ਸਾਰੇ ਸੰਸਾਰ ਨੂੰ ਝਟਕਾ ਦਿੱਤਾ ਹੈ। ਨਸਲੀ-ਗੌਰਵ ਦਾ ਪ੍ਰਗਟਾਵਾ ਆਪਣੀ ਸਰਵ-ਉਚਤਾ ਨਾਲ਼ ਇੱਥੇ ਹੋਇਆ ਹੈ। ਜਰਮਨੀ ਨੇ ਇਹ ਵੀ ਸਿੱਧ ਕੀਤਾ ਹੈ ਕਿ ਕਿਵੇਂ ਆਪਣੇ ਜੜ੍ਹਾਂ ਤੱਕ ਜਾ ਚੁੱਕੇ ਮਤਭੇਦਾਂ ਨੂੰ ਇੱਕ ਸਾਂਝੇ ਸਮੁੱਚ ਵਿੱਚ ਆਤਮਸਾਤ ਕਰਨਾ ਨਸਲਾਂ ਅਤੇ ਸੱਭਿਆਚਾਰਾਂ ਲਈ ਲਗਭਗ ਅਸੰਭਵ ਹੈ, ਇਹ ਸਾਡੇ ਲਈ ਹਿੰਦੋਸਤਾਨ ਵਿੱਚ ਸਿੱਖਣ ਅਤੇ ਲਾਭ ਲੈਣ ਲਈ ਇੱਕ ਚੰਗਾ ਸਬਕ ਹੈ।'

ਮਤਲਬ ਜਿਸ ਹਿਟਲਰ ਨੂੰ ਅੱਜ ਪੂਰੀ ਦੁਨੀਆਂ ਉਸ ਦੇ ਮਨੁੱਖਤਾ ਦੇ ਕੀਤੇ ਘਾਣ ਕਰਕੇ ਨਫਰਤ ਕਰਦੀ ਹੈ। ਜਿਸ ਹਿਟਲਰ ਨੇ ਲੱਗਭੱਗ ਇੱਕ ਕਰੋੜ ਯਹੂਦੀਆਂ ਨੂੰ ਸਿਰਫ਼ ਇਸ ਕਰਕੇ ਜ਼ਹਿਰੀਲੀਆਂ ਗੈਸਾਂ ਦੇ ਕੇ ਮਾਰ ਦਿੱਤਾ ਕਿ ਉਹ ਵੱਖਰੇ ਧਰਮ, ਵੱਖਰੇ ਸੱਭਿਆਚਾਰ ਦੇ ਲੋਕ ਹਨ, ਉਸ ਹਿਟਲਰ ਨੂੰ ਸੰਘ ਦੇ ਸਿਧਾਂਤਕਾਰ ਆਪਣਾ ਆਦਰਸ਼ ਮੰਨਦੇ ਹਨ ਤੇ ਭਾਰਤ ਦੀਆਂ ਘੱਟ-ਗਿਣਤੀਆਂ ਲਈ ਵੀ ਇਹੋ ਰਾਹ ਅਪਣਾਉਣ ਦੀ ਵਕਾਲਤ ਕਰਦੇ ਹਨ ਤੇ ਜਰਮਨੀ ਦੇ 'ਮਾਡਲ' ਨੂੰ ਭਾਰਤ ਲਈ ਆਦਰਸ਼ ਮੰਨਦੇ ਹਨ। ਸੰਘ ਲੋਕਾਂ ਨੂੰ ਰੱਤੀ ਭਰ ਵੀ ਨਾਗਰਿਕ ਹੱਕ ਦੇਣ ਤੋਂ ਇਨਕਾਰੀ ਹੈ ਤੇ 'ਮਨੂੰਸਮ੍ਰਿਤੀ' ਨੂੰ ਭਾਰਤ ਦੇ ਸੰਵਿਧਾਨ ਵਜੋਂ ਲਾਗੂ ਕਰਨਾ ਚਾਹੁੰਦੀ ਹੈ। ਸੰਘ ਮੁਖੀ ਭਾਗਵਤ ਦਾ ਬਿਆਨ ਸੰਘ ਦੀ ਪੁਰਾਣੀ ਨੀਤੀ ਤੋਂ ਵੱਖਰਾ ਨਹੀਂ ਹੈ।

***

## ਸੋਲੇਡਰ ਸ਼ਹਿਰ 'ਤੇ ਹੋਇਆ

ਉਭਰ ਰਹੇ ਸੰਸਾਰ ਅੱਗੇ ਨਵੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਕੋਵਿਡ-19 ਸਮੇਂ ਤੋਂ ਸਪਲਾਈ ਚੇਨ ਦੀਆਂ ਰੁਕਾਵਟਾਂ ਕਾਰਨ ਢੋਆ-ਢੁਆਈ ਦੀਆਂ ਲਾਗਤਾਂ ਵਧ ਗਈਆਂ। ਆਵਾਜਾਈ ਦਾ ਮਹਿੰਗਾ ਹੋਣਾ, ਮਿਡਲ ਈਸਟ ਵਿਚ ਸੋਕੇ ਵਰਗੀ ਹਾਲਤ ਕਰ ਕੇ ਖੇਤੀਬਾੜੀ ਪੈਦਾਵਾਰ ਘਟਣਾ, ਆਲਮੀ ਤਪਸ਼, ਜਲਵਾਯੂ ਤਬਦੀਲੀਆਂ, ਯੂਰੋਪ ਵਿਚ ਸਰਦ ਰੁੱਤ ਸ਼ੁਰੂ ਹੋਣਾ, ਰੂਸ ਉੱਪਰ ਆਰਥਿਕ ਪਾਬੰਦੀਆਂ ਆਦਿ ਕਰ ਕੇ ਇਸ ਦਾ ਪ੍ਰਭਾਵ ਯੂਰੋਪ ਅਤੇ ਮੱਧ ਪੂਰਬ ਤੋਂ ਸ਼ੁਰੂ ਹੋਕੇ ਸੰਸਾਰ ਆਰਥਿਕਤਾ ਉੱਤੇ ਪੈਣਾ ਸ਼ੁਰੂ ਹੋ ਗਿਆ। ਯੂਕਰੇਨ ਜੰਗ ਨੇ ਸੰਸਾਰ ਦੇ ਭੂ-ਸਿਆਸੀ ਅਤੇ ਆਰਥਿਕ ਸਮੀਕਰਨਾਂ ਨੂੰ ਤੀਬਰਤਾ ਨਾਲ ਬਦਲ ਦਿੱਤਾ ਹੈ। ਜੰਗ ਨੇ ਜਿੱਥੇ ਸੰਸਾਰ ਵਿਆਪੀ ਮਹਿੰਗਾਈ, ਗਲੋਬਲ ਭੋਜਨ ਅਤੇ ਊਰਜਾ ਸੰਕਟ ਵਧਾ ਦਿੱਤਾ ਉੱਥੇ ਇਸ ਨੇ ਮੱਧ ਪੂਰਬ, ਕੇਂਦਰੀ ਤੇ ਦੱਖਣੀ ਏਸ਼ੀਆ ਖਿੱਤੇ ਅੰਦਰ ਵੱਡੀਆਂ ਚੁਣੌਤੀਆਂ ਤੇ ਤਣਾਅ ਪੈਦਾ ਕੀਤਾ ਹੈ ਜਿਸ ਦੇ ਨੇੜ ਭਵਿੱਖ ਵਿਚ ਘਾਤਕ ਨਤੀਜੇ ਦੇਖਣ ਨੂੰ ਮਿਲ ਸਕਦੇ ਹਨ।ਆਈਐੱਮਐੱਫ ਦੇ ਸਾਬਕਾ ਅਰਥ ਸ਼ਾਸਤਰੀ ਮੌਰਿਸ ਓਬਸਟਫੀਲਡ ਦੀ ਚਿਤਾਵਨੀ ਕਿ ਜੰਗ ਕਾਰਣ ਭੋਜਨ ਦੀਆਂ ਵਧਦੀਆਂ ਕੀਮਤਾਂ ਸਮਾਜਿਕ ਅਸ਼ਾਂਤੀ ਪੈਦਾ ਕਰ ਸਕਦੀਆਂ ਹਨ, ਦੇ ਚਿੰਨ੍ਹ ਉੱਘੜ ਰਹੇ ਹਨ।ਜਿੱਥੇ ਕੁੱਲ ਸੰਸਾਰ ਜੰਗ ਦੀ ਮਾਰ ਝੱਲ ਰਿਹਾ ਹੈ ਉੱਥੇ ਯੂਕਰੇਨ ਦੇ ਨਿਰਦੋਸ਼ ਲੋਕ ਸਿੱਧੇ ਅਤੇ ਤਿੱਖੇ ਹਮਲਿਆਂ ਹੇਠ ਜੀਅ ਰਹੇ ਹਨ। ਯੂਕਰੇਨੀ ਆਰਥਿਕ ਮੰਤਰਾਲੇ ਮੁਤਾਬਕ ਜੰਗ ਦੌਰਾਨ ਕਰੀਬ 50 ਲੱਖ ਲੋਕ ਨੌਕਰੀਆਂ ਗੁਆ ਕੇ ਬੇਰੁਜ਼ਗਾਰਾਂ ਦੀ ਕਤਾਰ ਵਿਚ ਲੱਗ ਗਏ ਹਨ। ਯੂਕਰੇਨੀ ਰਾਸ਼ਟਰੀ ਬੈਂਕ ਦੇ ਅੰਦਾਜ਼ੇ ਮੁਤਾਬਕ 11% ਧੰਦੇ ਬੰਦ ਹੋ ਚੁੱਕੇ ਹਨ ਅਤੇ ਅੱਧੇ ਤੋਂ ਵੱਧ ਧੰਦੇ ਸਮਰੱਥਾ ਤੋਂ ਘੱਟ ਕੰਮ ਕਰ ਰਹੇ ਹਨ।

ਰੂਸ ਹਾਰਨ ਦੀ ਸਥਿਤੀ ਦੇ ਨੇੜੇ ਤੇੜੇ ਵੀ ਨਹੀਂ ਦਿਸ ਰਿਹਾ। ਇਸ ਨੇ ਡੋਨਬਾਸ ਵਿਚ ਇਕ ਖੇਤਰ ਆਜ਼ਾਦ ਕਰਵਾ ਲਿਆ ਹੈ। ਆਜ਼ੋਵ ਸਾਗਰ ਰੂਸ ਦੇ ਕੰਟਰੋਲ ਹੇਠ ਆ ਗਿਆ ਹੈ। ਕ੍ਰਾਇਮੀਆ ਤੱਕ ਸੜਕ ਅਤੇ ਰੇਲ ਸੰਪਰਕ ਬਹਾਲ ਹੋ ਗਿਆ ਹੈ। ਡੋਨਬਾਸ ਖਿੱਤੇ ਤੱਕ ਰੇਲ ਸੇਵਾਵਾਂ ਜਲਦੀ ਆਮ ਵਾਂਗ ਸ਼ੁਰੂ ਹੋ ਗਈਆਂ ਹਨ। ਮਾਰੀਓਪੋਲ, ਬਰਡਾਇੰਸਕ ਅਤੇ ਹੋਰਨਾਂ ਮੁਕਤ ਕਰਵਾਈਆਂ ਬੰਦਰਗਾਹਾਂ ਵੱਲ ਸਮੁੰਦਰੀ ਜਹਾਜ਼ ਭੇਜੇ ਜਾ ਰਹੇ ਹਨ। ਨੌਰਥ ਕ੍ਰਾਇਮੀਅਨ ਕੈਨਾਲ 'ਤੇ ਕੰਟਰੋਲ ਹੋਣ ਸਦਕਾ ਕ੍ਰਾਇਮੀਆ ਪ੍ਰਾਇਦੀਪ ਲਈ ਪਾਣੀ ਦੀ ਸਪਲਾਈ ਬਹਾਲ ਹੋ ਗਈ ਹੈ। ਡੋਨ ਦਰਿਆ ਤੋਂ 194 ਕਿਲੋਮੀਟਰ ਲੰਮੇ ਜਲ ਮਾਰਗ ਦਾ ਨਿਰਮਾਣ ਚੱਲ ਰਿਹਾ ਹੈ ਜਿਸ ਨਾਲ ਦੋਨੇਸਕ ਲਈ ਜਲ ਸਪਲਾਈ ਯਕੀਨੀ ਬਣ ਜਾਵੇਗੀ। ਇੰਝ ਯੂਕਰੇਨ ਦਾ ਲਗਭਗ ਵੀਹ ਫ਼ੀਸਦ ਖੇਤਰ ਰੂਸ ਦੇ ਅਧੀਨ ਆ ਗਿਆ ਹੈ।

ਦੋ ਹਫਤੇ ਪਹਿਲਾਂ ਰੂਸੀ ਫ਼ੌਜ ਦੇ ਜਰਨੈਲ ਵੈਲਰੀ ਗਿਰਾਸੀਮੋਫ ਨੇ ਮਾਸਕੋ ਵਿਚ ਆਖਿਆ ਸੀ ਕਿ ਯੂਕਰੇਨ ਨੂੰ ਪੱਛਮ ਵਲੋਂ ਦਿੱਤੀ ਜਾ ਰਹੀ ਭਾਰੀ ਇਮਦਾਦ ਦੇ ਬਾਵਜੂਦ ਰੂਸ ਆਪਣਾ ਵਿਸ਼ੇਸ਼ ਫ਼ੌਜੀ ਅਪਰੇਸ਼ਨ ਜਾਰੀ ਰੱਖੇਗਾ। ਰੂਸ ਆਪਣੇ ਰਣਨੀਤਕ ਮਿਜ਼ਾਈਲ ਬਲਾਂ 'ਤੇ ਹਵਾ ਦੀ ਰਫ਼ਤਾਰ ਤੋਂ ਤੇਜ਼ ਵਾਰਹੈੱਡ ਬੀੜ ਕੇ ਪਰਮਾਣੂ ਤ੍ਰਿਸ਼ੂਲ ਦੀ ਤਿਆਰੀ ਵਿਚ ਇਜ਼ਾਫ਼ਾ ਕਰ ਰਿਹਾ ਹੈ ਅਤੇ ਆਪਣੇ ਹਥਿਆਰਬੰਦ ਦਸਤਿਆਂ ਦੀ ਸੰਖਿਆ ਵਧਾ ਰਿਹਾ ਹੈ। ਰੂਸ ਦਾ ਬੇਲਾਰੂਸ ਨਾਲ ਗੱਠਜੋੜ ਗਹਿਰਾ ਹੋ ਰਿਹਾ ਹੈ।

ਮੌਜੂਦਾ ਹਾਲਾਤ ਅਮਰੀਕਾ ਲਈ ਫਾਇਦੇਮੰਦ ਹੈ। ਅਮਰੀਕਾ ਰੂਸ ਨਾਲ ਚੱਲ ਰਹੀ ਲੁਕਵੀਂ ਜੰਗ ਦਾ ਫਾਇਦਾ ਲੈ ਕੇ ਯੂਰੋਪ ਦੇ ਸਭ ਤੋਂ ਵੱਡੇ ਊਰਜਾ ਸਪਲਾਇਰ ਦੀ ਥਾਂ ਲੈਣਾ ਚਾਹੁੰਦਾ ਹੈ ਅਤੇ ਯੂਕਰੇਨ ਡੈਮੋਕਰੇਸੀ ਡਿਫੈਂਸ ਲੈਂਡ-ਲੀਜ਼ ਐਕਟ-2022 ਤਹਿਤ ਹਥਿਆਰਾਂ ਦੀਆਂ ਬਰਾਮਦਾਂ ਵਧਾ ਰਿਹਾ ਹੈ ਅਤੇ ਨਾਲ ਹੀ ਆਪਣੇ 'ਨਾਟੋ' ਸੰਗੀਆਂ ਨੂੰ ਆਪੋ-ਆਪਣੇ ਜ਼ਖੀਰਿਆਂ ਵਿਚੋਂ ਯੂਕਰੇਨ ਲਈ ਸਾਜ਼ੋ-ਸਾਮਾਨ ਮੁਹੱਈਆ ਕਰਾਉਣ ਲਈ ਹੱਲਾਸ਼ੇਰੀ ਦੇ ਰਿਹਾ ਹੈ।

ਇਸ ਜੰਗ ਵਿਚ ਸਿੱਧੇ ਤੌਰ 'ਤੇ ਅਮਰੀਕਾ ਦਾ ਇਕ ਵੀ ਫੌਜੀ ਸ਼ਾਮਲ ਨਹੀਂ।ਅਮਰੀਕਾ ਸਿੱਧੇ ਰੂਪ ਵਿਚ ਯੂਕਰੇਨ ਦੀ ਮਦਦ ਕਰ ਕੇ ਇਸ ਜੰਗ ਨੂੰ ਰੂਸ ਬਨਾਮ ਨਾਟੋ ਬਣਾਉਣ ਤੋਂ ਕਤਰਾਉਂਦਾ ਹੈ। ਇਸ ਲਈ ਰੂਸ ਖਿਲਾਫ ਯੂਕਰੇਨ ਨਾਲ ਸਿੱਧੀ ਜੰਗ ਦਾ ਹਿੱਸਾ ਬਣਨ ਦੀ ਬਜਾਇ ਅਮਰੀਕਾ ਯੂਕਰੇਨ ਨਾਲ ਸਿਰਫ ਹਥਿਆਰਾਂ ਦਾ 'ਕਾਰੋਬਾਰ' ਅਤੇ ਜੰਗੀ ਤਬਾਹੀ ਵਿਚ ਮਾਰੇ ਤੇ ਉਜਾੜੇ ਜਾ ਰਹੇ ਯੂਕਰੇਨੀ ਲੋਕਾਂ ਨੂੰ 'ਰਾਹਤ' ਦੇਣ ਲਈ ਸਿਰਫ 'ਲੋਨ' ਮੁਹੱਈਆ ਕਰਵਾ ਰਿਹਾ ਹੈ। ਇਉਂ ਯੂਕਰੇਨੀ ਲੋਕਾਂ ਉੱਤੇ ਇਹ ਵਿਦੇਸ਼ੀ ਕਰਜ਼ ਦਹਾਕਿਆਂ ਤੱਕ ਵਡਾ ਧਰਮ ਸੰਕਟ ਬਣਿਆ ਰਹੇਗਾ। ਵਧ ਰਹੇ ਲੋਕ ਰੋਹ ਕਾਰਨ ਯੂਰੋਪੀਅਨ ਯੂਨੀਅਨ ਦੇ ਪੱਛਮੀ ਖੇਮੇ ਦੇ ਕਈ ਮੁਲਕਾਂ ਅੰਦਰ ਜੰਗ ਨੂੰ ਲੈ ਕੇ ਆਪਸੀ ਵਿਰੋਧ ਖੜ੍ਹੇ ਹੋ ਰਹੇ ਹਨ ਤੇ ਉਹ ਹੌਲੀ ਹੌਲੀ ਪੈਰ ਪਿੱਛੇ ਖਿੱਚ ਰਹੇ ਹਨ।

## ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ

ਸੁਣਵਾਈ ਅਧੀਨ ਹੈ। ਉਮੀਦ ਹੈ ਕਿ ਚੰਗੀ ਖ਼ਬਰ ਜਲਦ ਆਵੇਗੀ। ਇਨ੍ਹਾਂ ਤਿੰਨਾਂ ਤੋਂ ਇਲਾਵਾ ਜਿਨ੍ਹਾਂ ਉਮਰ ਕੈਦੀ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਮੰਗ ਉਠਾਈ ਜਾ ਰਹੀ ਹੈ ਉਹ ਬੇਅੰਤ ਸਿੰਘ ਕਤਲ ਕੇਸ ਨਾਲ ਸਬੰਧਤ ਲਖਵਿੰਦਰ ਸਿੰਘ ਲੱਖਾ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ, ਭਾਈ ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਓਰਾ ਅਤੇ ਜਗਤਾਰ ਸਿੰਘ ਤਾਰਾ ਹਨ।

ਹਵਾਰੇ ਤੋਂ ਸਿਵਾਏ ਸਾਰੇ ਕੈਦੀ ਬੁੜੈਲ ਜੇਲ੍ਹ ਵਿਚ ਬੰਦ ਹਨ। ਭਾਰਤੀ ਕਾਨੂੰਨ ਵਿਵਸਥਾ ਵਿਚ ਅਜਿਹਾ ਪ੍ਰਬੰਧ ਹੈ ਕਿ ਸੂਬਾ ਸਰਕਾਰਾਂ ਫ਼ੌਜਦਾਰੀ ਜ਼ਾਬਤੇ ਦੀਆਂ ਧਾਰਾਵਾਂ 432/433 ਤਹਿਤ ਕਿਸੇ ਉਮਰ ਕੈਦੀ ਦੀ ਪੱਕੀ ਰਿਹਾਈ ਕਰ ਸਕਦੀਆਂ ਹਨ। ਇਸੇ ਤਰ੍ਹਾਂ ਸੂਬਿਆਂ ਦੇ ਗਵਰਨਰ ਤੇ ਭਾਰਤ ਦਾ ਰਾਸ਼ਟਰਪਤੀ ਕ੍ਰਮਵਾਰ ਭਾਰਤੀ ਸੰਵਿਧਾਨ ਦੀ ਧਾਰਾ 161 ਅਤੇ 72 ਅਧੀਨ ਕਿਸੇ ਵੀ ਕੈਦੀ ਦੀ ਸਜ਼ਾ ਰੱਦ, ਘੱਟ ਜਾਂ ਮਾਫ਼ ਕਰ ਸਕਦੇ ਹਨ। ਇਸੇ ਕਾਨੂੰਨ ਦੇ ਹਵਾਲੇ ਨਾਲ ਕੇਂਦਰ ਨੇ ਸ਼ਤਾਬਦੀ ਗੁਰਪੁਰਬ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਨੋਟੀਫਿਕੇਸ਼ਨ ਕੀਤਾ ਸੀ। ਉਮਰ ਕੈਦੀਆਂ ਦੇ ਮਾਮਲੇ ਵਿਚ ਰਿਹਾਈ ਦੇਣ ਲਈ ਉਹੀ ਰਾਜ ਸਰਕਾਰ ਜਾਂ ਯੂ.ਟੀ. ਸਰਕਾਰ ਜ਼ਿੰਮੇਵਾਰ ਹੁੰਦੀ ਹੈ ਜਿਸ ਦੇ ਅਧਿਕਾਰ ਹੇਠਲੀ ਅਦਾਲਤ ਨੇ ਕੈਦੀ ਨੂੰ ਸਜ਼ਾ ਸੁਣਾਈ ਹੁੰਦੀ ਹੈ। ਇੰਜ ਪੰਜਾਬ ਵਿਚੋਂ ਸਜ਼ਾ ਪ੍ਰਾਪਤ ਸਿੱਖ ਬੰਦੀਆਂ ਦੀ ਰਿਹਾਈ ਪੰਜਾਬ ਸਰਕਾਰ ਵੀ ਕਰ ਸਕਦੀ ਹੈ। ਬੰਦੀ ਸਿੰਘ ਕੋਈ ਜਰਾਇਮ ਪੇਸ਼ਾ ਜਾਂ ਅਪਰਾਧੀ ਪਿਛੋਕੜ ਵਾਲੇ ਨਹੀਂ ਹਨ। ਇਨ੍ਹਾਂ ਨੇ ਹੁਣ ਤਕ ਆਪਣੀ ਉਮਰ ਦਾ ਵੱਡਾ ਹਿੱਸਾ ਜੇਲ੍ਹਾਂ ਵਿਚ ਬਤੀਤ ਕਰ ਲਿਆ ਹੈ ਜਿਸ ਕਾਰਨ ਉਨ੍ਹਾਂ ਦੀ ਮਾਨਸਿਕ ਦਸ਼ਾ ਵੀ ਪ੍ਰਭਾਵਿਤ ਹੋਈ ਹੈ ਜਿਸ ਨੂੰ ਲੈ ਕੇ ਸਿੱਖ ਭਾਈਚਾਰਾ ਬਹੁਤ ਚਿੰਤਤ ਹੈ। ਛੱਬੀ ਜਨਵਰੀ ਨੂੰ ਗਣਤੰਤਰ ਦਿਵਸ 'ਤੇ ਸਦਭਾਵਨਾ ਅਤੇ ਮਾਨਵੀ ਆਧਾਰ 'ਤੇ ਬੰਦੀ ਸਿੰਘਾਂ ਨੂੰ ਰਿਹਾਅ ਕਰਦਿਆਂ ਸਿੱਖ ਪੰਥ ਨੂੰ ਵੱਡਾ ਤੋਹਫ਼ਾ ਦਿੱਤਾ ਜਾਂਦਾ ਹੈ ਤਾਂ ਇਹ ਦੇਸ਼ ਦੀ ਭਾਈਚਾਰਕ ਸਾਂਝ ਪ੍ਰਤੀ ਇਕ ਹੋਰ ਚੰਗਾ ਕਦਮ ਹੋਵੇਗਾ।

***

## ਬਣਾਉਟੀ ਬੁੱਧੀ ਦਾ ਜ਼ਹੂਰ ਪੂਰੇ ਸੰਸਾਰ

ਪਰਮਾਣੂ ਹਥਿਆਰਾਂ ਨਾਲ ਲੈਸ ਸੰਸਾਰ ਦੀਆਂ ਵੱਡੀਆਂ ਤਾਕਤਾਂ ਪ੍ਰਮਾਣੂ ਬੰਬਾਂ ਨਾਲ ਲੈਸ ਹਨ। ਪਲਾਂ ਵਿੱਚ ਹੀ ਮਨੁੱਖ ਦੀ ਈਜਾਦ ਕੀਤੀ ਬਣਾਉਟੀ ਬੁੱਧੀ ਦਾ ਜ਼ਹੂਰ, ਪੂਰੇ ਸੰਸਾਰ ਨੂੰ ਅੱਗ ਦੇ ਗੋਲ਼ੇ ਵਿੱਚ ਤਬਦੀਲ ਕਰ ਦੇਵੇਗਾ। ਅਜਿਹੀ ਤਬਾਹੀ ਦੀ ਪਰਲੋ ਅੱਗੇ ਮਨੁੱਖ ਦੀ ਸਿਆਣਪ ਬੇਵੱਸ ਹੋਵੇਗੀ, ਬਣਾਉਟੀ ਮਸ਼ੀਨੀ ਬੁੱਧੀ ਦਾ ਜ਼ਹੂਰ ਸਿਰ ਚੜ੍ਹ ਕੇ ਬੋਲ ਰਿਹਾ ਹੋਵੇਗਾ, ਇਹ ਮਨੁੱਖੀ ਦਿਮਾਗ ਤੇ ਬੁੱਧੀ ਦੇ ਸਾਰੇ ਕੰਟਰੋਲਾਂ ਤੋਂ ਬਾਗੀ ਹੋ ਜਾਣ ਦੀ ਅਵਸਥਾ ਹੋਵੇਗੀ। ਹਰ ਪਾਸੇ ਭਿਆਨਕ ਤਬਾਹੀ ਦੇ ਮੰਜ਼ਰ ਹੋਣਗੇ, ਆਦਮ ਦੀਆਂ ਨਸਲਾਂ ਦੇ ਪੱਲੇ ਤਾਂ ਪਛਤਾਵਾ ਵੀ ਨਹੀਂ ਰਹਿ ਜਾਵੇਗਾ। ਸ਼ਾਇਦ ਸਾਹਿਰ ਲੁਧਿਆਣਵੀ ਦੇ ਇਹ ਬੋਲ ਗੁਣ-ਗੁਣਾਉਣ ਵਾਲਾ ਵੀ ਕੋਈ ਨਾ ਬਚੇ :

ਗੁਜ਼ਸ਼ਤਾ ਜੰਗ ਮੇਂ ਘਰ ਹੀ ਜਲੇ ਮਗਰ ਇਸ ਬਾਰ,
ਅਜਬ ਨਹੀਂ ਕਿ ਯੇਹ ਤਨਹਾਈਆਂ ਭੀ ਜਲ ਜਾਏਂ।
ਗੁਜ਼ਸ਼ਤਾ ਜੰਗ ਮੇਂ ਪੈਕਰ ਜਲੇ ਮਗਰ ਇਸ ਬਾਰ,
ਅਜਬ ਨਹੀਂ ਕਿ ਯੇਹ ਪਰਛਾਈਆਂ ਭੀ ਜਲ ਜਾਏਂ।

**

## ਭਾਰਤ ਵਿਚ ਔਰਤਾਂ ਉਪਰ ਜ਼ੁਲਮ ਦਾ

ਇਹ ਸੋਚ ਕੇ ਦੁੱਖ ਹੁੰਦਾ ਹੈ ਕਿ ਕੁੜੀਆਂ ਲਈ ਘਰ ਸਭ ਤੋਂ ਅਸੁਰੱਖਿਅਤ ਜਗ੍ਹਾ ਬਣਦਾ ਜਾ ਰਿਹਾ ਹੈ। ਕੁੜੀਆਂ ਨੂੰ ਕਿਉਂ ਮਾਰਿਆ ਜਾਂਦਾ ਹੈ, ਇਸ ਦਾ ਕਾਰਨ ਹੈ ਲਿੰਗੀ ਭੇਦਭਾਵ ਅਤੇ ਔਰਤਾਂ ਨੂੰ ਤੁੱਛ ਸਮਝਣ ਦੀ ਮਾਨਸਿਕਤਾ। ਜਦੋਂ ਤਕ ਪਿੱਤਰ ਸੱਤਾ ਨੂੰ ਖ਼ਤਮ ਨਹੀਂ ਕੀਤਾ ਜਾਂਦਾ, ਉਦੋਂ ਤਕ ਔਰਤਾਂ ਪ੍ਰਤੀ ਈਰਖਾ ਖ਼ਤਮ ਨਹੀਂ ਹੋਵੇਗੀ ਅਤੇ ਉਨ੍ਹਾਂ ਨਾਲ ਜਬਰ ਜਨਾਹ ਹੁੰਦਾ ਰਹੇਗਾ ਅਤੇ ਉਹ ਹਿੰਸਾ, ਹੱਤਿਆ ਦਾ ਸਾਹਮਣਾ ਕਰਦੀਆਂ ਰਹਿਣਗੀਆਂ। ਸਮਾਜ 'ਚੋਂ ਅਸੱਭਿਅਤਾ, ਬੇਰਹਿਮੀ ਅਤੇ ਭਿਆਨਕਤਾ ਖ਼ੁਦ ਨਹੀਂ ਖ਼ਤਮ ਹੋਵੇਗੀ। ਇਸ ਲਈ ਨੈਤਿਕ ਸਿੱਖਿਆ 'ਤੇ ਵੱਧ ਤੋਂ ਵੱਧ ਜ਼ੋਰ ਦਿੱਤਾ ਜਾਵੇ। ਮਹਿਜ਼ ਰੁਜ਼ਗਾਰ ਦੇਣਾ ਹੀ ਸਾਡੀ ਸਿੱਖਿਆ ਪ੍ਰਣਾਲੀ ਦਾ ਮਕਸਦ ਨਹੀਂ ਹੋਣਾ ਚਾਹੀਦਾ ਸਗੋਂ ਸੰਸਕਾਰ ਦੇਣਾ ਵੀ ਇਸ ਦਾ ਮੰਤਵ ਹੋਣਾ ਚਾਹੀਦਾ ਹੈ। ਇਖ਼ਲਾਕੀ ਕਦਰਾਂ-ਕੀਮਤਾਂ ਤੋਂ ਬਗ਼ੈਰ ਸਾਡਾ ਸਮਾਜ ਤਰੱਕੀ ਨਹੀਂ ਕਰ ਸਕਦਾ। ਇਸ ਸੱਚਾਈ ਨੂੰ ਸਮਝਣ ਦੀ ਲੋੜ ਹੈ।

***

## ਆਹ ਦੇਖ ਕਲਾਵਾਂ

ਚੱਲ ਰਹੀ ਹੈ ਜੋ ਉਸ ਲਈ ਜ਼ਿੰਦਾਦਿਲੀ ਅਤੇ ਮਜ਼ਬੂਤ ਇੱਛਾ ਸ਼ਕਤੀ ਨਾਲ ਜ਼ਿੰਦਗੀ ਜਿਉਣ ਦਾ ਸਾਧਨ ਵੀ ਬਣੀ ਹੈ। ਜੇ ਇੱਛਾ ਸ਼ਕਤੀ ਮਜ਼ਬੂਤ ਨਾ ਹੁੰਦੀ ਤਾਂ ਸ਼ਾਇਦ ਉਹ ਕਦੋਂ ਦੀ ਇਸ ਰੰਗਲੀ ਦੁਨੀਆਂ ਤੋਂ ਕੂਚ ਕਰ ਜਾਂਦੀ। ਉਹ ਸਾਡੇ ਸਭ ਲਈ ਪ੍ਰੇਰਨਾਸ੍ਰੋਤ ਬਣ ਚੁੱਕੀ ਹੈ। ਇਸ ਔਰਤ ਦੇ ਸਾਹਮਣੇ ਸਾਡੀਆਂ ਨਿੱਜੀ ਸਮੱਸਿਆਵਾਂ ਜਾਂ ਚਿੰਤਾਵਾਂ ਬੇਹੱਦ ਬੌਨੀਆਂ ਹੋਣਗੀਆਂ। ਉਹ ਮੌਤ ਨੂੰ ਹਰਾਉਣ ਵਿੱਚ ਸਫਲ ਰਹੀ ਹੈ ਅਤੇ ਅਜੇ ਵੀ ਮੌਤ ਨੂੰ ਲਗਾਤਾਰ ਮਾਤ ਦਿੰਦਿਆਂ ਉਸਦੇ ਚਿਹਰੇ ਉੱਤੇ ਮੁਸਕੁਰਾਹਟ ਹੈ। ਉਸਦੀ ਇਹ ਮੁਸਕੁਰਾਹਟ ਹੀ ਚੜ੍ਹਦੀ ਕਲਾ ਦੀ ਮਿਸਾਲ ਹੈ।

ਦੂਜੇ ਪਾਸੇ ਅਸੀਂ ਸਭ ਕੁਝ ਹਾਸਲ ਕਰਕੇ ਵੀ ਰੋਸਿਆਂ ਅਤੇ ਸ਼ਿਕਾਇਤਾਂ ਨਾਲ ਭਰੇ ਹੋਏ ਹਾਂ। ਅਸੀਂ ਛੋਟੀਆਂ-ਛੋਟੀਆਂ ਗੱਲਾਂ ਕਾਰਨ ਹੀ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਦੇ ਹਾਂ, ਮਨ ਦੀ ਸ਼ਾਂਤੀ ਖੋਹ ਬੈਠਦੇ ਹਾਂ। ਕੋਈ ਸਾਡਾ ਫ਼ੋਨ ਨਾ ਚੁੱਕੇ, ਕੋਈ ਸਾਡੀ ਪੋਸਟ ਲਾਈਕ ਨਾ ਕਰੇ, ਚਾਹ ਵਿੱਚ ਮਿੱਠਾ ਘੱਟ ਹੋਵੇ, ਕਾਫ਼ੀ ਠੰਡੀ ਮਿਲੇ, ਬਾਹਰ ਤੇਜ਼ ਹਨੇਰੀ ਜਾਂ ਮੀਂਹ ਹੋਵੇ, ਗਰਮੀ ਵੱਧ ਜਾਂ ਘੱਟ ਹੋਵੇ, ਠੰਡ ਵੱਧ ਹੋਵੇ ਜਾਂ ਘੱਟ ਹੋਵੇ, ਕਾਰ ਚਲਾਉਂਦਿਆਂ ਬਾਰ ਬਾਰ ਲਾਲ ਬੱਤੀ ਹੋ ਜਾਵੇ, ਟ੍ਰੈਫ਼ਿਕ ਜਾਮ ਹੋ ਜਾਵੇ, ਛੋਟੀ ਮੋਟੀ ਸੱਟ ਲੱਗ ਜਾਵੇ, ਪਤਾ ਨਹੀਂ ਹੋਰ ਕਿੰਨੇ ਬਹਾਨੇ ਹਨ ਜਿਨਾਂ ਕਾਰਨ ਅਸੀਂ ਪ੍ਰੇਸ਼ਾਨ ਹੋ ਜਾਂਦੇ ਹਾਂ।

ਜਦਕਿ ਪ੍ਰਮਾਤਮਾ ਵਲੋਂ ਮਿਲੀ ਜ਼ਿੰਦਗੀ ਰੂਪੀ ਸੌਗਾਤ ਲਈ ਹਰ ਪਲ ਉਸਦਾ ਸ਼ੁਕਰਗੁਜ਼ਾਰ ਹੋਣਾ ਬਣਦਾ ਹੈ। ਇਸ ਸ਼ੁਕਰਾਨੇ ਲਈ ਪਹਿਲਾਂ ਕਿਸੇ ਹਾਦਸੇ ਵਿੱਚੋਂ ਗੁਜ਼ਰਨਾ ਜ਼ਰੂਰੀ ਨਹੀਂ, ਸਗੋਂ ਜਿਸ ਪਲ ਅਸੀਂ ਕਿਸੇ ਦੂਜੇ ਦੀ ਜ਼ਿੰਦਗੀ ਤੋਂ ਪ੍ਰੇਰਨਾ ਲੈ ਕੇ ਸ਼ੁਕਰਾਨੇ ਦੇ ਅਹਿਸਾਸ ਵਿੱਚ ਜਿਉਣਾ ਸਿੱਖ ਜਾਵਾਂਗੇ ਤਾਂ ਜ਼ਿੰਦਗੀ ਦੀਆਂ ਵੱਡੀਆਂ ਤੋਂ ਵੱਡੀਆਂ ਦੁਸ਼ਵਾਰੀਆਂ ਅਤੇ ਮੁਸ਼ਕਲਾਂ ਨੂੰ ਸਰ ਕਰਨ ਦਾ ਬਲ ਵੀ ਆਪਮੁਹਾਰੇ ਸਾਡੇ ਜੀਵਨ ਵਿੱਚ ਪ੍ਰਵੇਸ਼ ਕਰ ਜਾਵੇਗਾ।

ਉਸ ਪਲ ਅਸੀਂ ਜ਼ਿੰਦਗੀ ਦੀ ਅਹਿਮੀਅਤ ਨੂੰ ਸ਼ਿੱਦਤ ਨਾਲ ਮਹਿਸੂਸ ਕਰ ਪਾਵਾਂਗੇ ਅਤੇ ਜ਼ਿੰਦਗੀ ਦੀ ਕੀਮਤ ਵਧੇਰੇ ਨੇੜਿਓਂ ਜਾਣ ਪਾਵਾਂਗੇ।

ਸਲਵਾ ਲਈ ਜ਼ਿੰਦਗੀ ਦੇ ਅਰਥ ਬਦਲ ਚੁੱਕੇ ਹਨ, ਉਸਦੇ ਅਨੁਸਾਰ ਜਦੋਂ ਮੈਂ ਮੌਤ ਦੀ ਸੇਜ ਉੱਤੇ ਲੇਟੀ ਹੋਈ ਸਾਂ ਤਾਂ ਅਸਲ ਵਿੱਚ ਉਦੋਂ ਹੀ ਮੈਂ ਜ਼ਿੰਦਗੀ ਦੀ ਅਹਿਮੀਅਤ ਨੂੰ ਜਾਣਿਆ ਅਤੇ ਮੈਨੂੰ ਪਤਾ ਲੱਗਾ ਕਿ ਸਾਡੀਆਂ ਚਿੰਤਾਵਾਂ ਕਿੰਨੀਆਂ ਬੇਅਰਥ ਹਨ।

***

## ਕਾਂਗਰਸੀ ਦੀ 'ਭਾਰਤ ਜੋੜੋ ਯਾਤਰਾ' ਨੂੰ

ਦਾਦੀ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਦੀਆਂ ਦਰਬਾਰ ਸਾਹਿਬ ਉਪਰ ਫੌਜੀ ਹਮਲੇ, ਦਿੱਲੀ ਸਿੱਖ ਕਤਲੇਆਮ ਬਾਰੇ ਅਪਰਾਧਾਂ ਨੂੰ ਇਸ ਪਵਿੱਤਰ ਅਸਥਾਨ ਦਰਬਾਰ ਸਾਹਿਬ ਵਿਚ ਬਖਸ਼ਾਉਣਾ ਚਾਹੀਦਾ ਸੀ।ਜੇ ਉਹ ਇਹਨਾਂ ਦੋਸ਼ਾਂ ਬਾਰੇ ਮੁਆਫ਼ੀ ਮੰਗ ਲੈਂਦੇ ਤਾ ਉਨ੍ਹਾਂ ਦਾ ਅਕਸ ਵੀ ਸੁਧਰਨਾ ਸੀ ਤੇ ਇਸ ਨਾਲ ਸਿੱਖਾਂ ਦੇ ਇਕ ਵੱਡੇ ਹਿੱਸੇ ਦੇ ਮਨਾਂ ਵਿਚ ਕਾਂਗਰਸ ਸੰਬੰਧੀ ਉਪਜੀ ਪੱਕੀ ਘਿਰਣਾ ਦੀ ਭਾਵਨਾ ਖ਼ਤਮ ਹੋ ਸਕਦੀ ਸੀ। ਇਸ ਮੁਆਫ਼ੀ ਨਾਲ ਪੰਜਾਬ ਦੀ ਰਾਜਨੀਤਕ ਸਥਿਤੀ ਵਿਚ ਵੱਡਾ ਗੁਣਾਤਮਕ ਬਦਲਾਅ ਦੇਖਣ ਨੂੰ ਮਿਲਣ ਦੀ ਸੰਭਾਵਨਾ ਸੀ। ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜੇਕਰ ਰਾਹੁਲ ਅਜਿਹਾ ਕਰਦੇ ਹਨ ਤਾਂ ਇਹ ਕਾਂਗਰਸ ਨੂੰ ਖ਼ਤਮ ਕਰਨ ਵਿਚ ਲੱਗੀ ਭਾਜਪਾ ਲਈ ਵੀ ਇਕ ਤਕੜਾ ਝਟਕਾ ਸਾਬਤ ਹੋਣਾ ਸੀ। ਇਸ ਦਾ ਅਸਰ ਸਿਰਫ਼ ਪੰਜਾਬ 'ਤੇ ਹੀ ਨਹੀਂ ਪੂਰੇ ਦੇਸ਼ ਦੀ ਰਾਜਨੀਤੀ 'ਤੇ ਪੈਣ ਦੀ ਸੰਭਾਵਨਾ ਸੀ। ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਲੱਗੇ ਕੌਮੀ ਇਨਸਾਫ਼ ਮੋਰਚਾ ਬਾਪੂ ਗੁਰਚਰਨ ਸਿੰਘ, ਮਨੁੱਖੀ ਅਧਿਕਾਰ ਸੰਗਠਨ ਦੇ ਵਕੀਲ ਦਿਲਸ਼ੇਰ ਸਿੰਘ, ਪਾਲ ਸਿੰਘ ਫਰਾਂਸ, ਦਾ ਕਹਿਣਾ ਹੈ ਕਿ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਭਾਰਤ ਜੋੜੋ ਯਾਤਰਾ ਤਹਿਤ ਪੰਜਾਬ ਦੌਰੇ 'ਤੇ ਹਨ ਤੇ ਸ੍ਰੀ ਦਰਬਾਰ ਸਾਹਿਬ ਅਤੇ ਹੋਰਨਾਂ ਅਸਥਾਨਾਂ 'ਤੇ ਨਤਮਸਤਕ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਰਾਹੁਲ ਗਾਂਧੀ ਸਿੱਖ ਧਰਮ ਵਿੱਚ ਏਨੀ ਸ਼ਰਧਾ ਰੱਖਦੇ ਹਨ ਤਾਂ ਉਹ ਆਪਣੇ ਦੌਰੇ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਅਤੇ ਬੇਅਦਬੀ ਮਾਮਲਿਆਂ ਦਾ ਮੁੱਦਾ ਵੀ ਜ਼ਰੂਰ ਚੁੱਕਣ।

ਰਾਹੁਲ ਗਾਂਧੀ ਨੇ 'ਭਾਰਤ ਜੋੜੋ ਯਾਤਰਾ' ਦੀ ਸਫਲ ਅਗਵਾਈ ਕਰਕੇ ਇਸ ਸੰਬੰਧੀ ਇਕ ਵਿਸ਼ਵਾਸ, ਇਕ ਆਸ ਵੀ ਜਗਾਈ ਹੈ, ਭਾਵੇਂ ਕਿ ਅਜੇ ਇਹ ਨਹੀਂ ਕਿਹਾ ਜਾ ਸਕਦਾ ਕਿ ਕਾਂਗਰਸ ਪਾਰਟੀ ਆਉਣ ਵਾਲੀਆਂ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨ ਦੇ ਸਮਰੱਥ ਹੋ ਸਕੇਗੀ ਜਾਂ ਨਹੀਂ। ਪਰ ਦੇਸ਼ ਦੇ ਅੰਦਰ ਜਮਹੂਰੀਅਤ, ਧਰਮ-ਨਿਰਪੱਖਤਾ, ਸੰਘੀ ਢਾਂਚਾ ਅਤੇ ਲੋਕਾਂ ਦੀਆਂ ਸ਼ਹਿਰੀ ਅਜ਼ਾਦੀਆਂ ਦੀ ਰਾਖੀ ਕਰਨ ਲਈ ਲਹਿਰ ਪੈਦਾ ਹੋ ਸਕੇਗੀ।

**

## ਕੈਨੇਡਾ ਦੀ ਗੈਂਗਵਾਰ ਵਿਚ ਪੰਜਾਬੀਆਂ ਦੀ

ਕੁਦਰਤੀ ਹੈ ਕਿ ਚੰਗੇ ਭਵਿੱਖ ਲਈ ਅਤੇ ਪੰਜਾਬ ਦੇ ਨਸ਼ੇ ਅਤੇ ਗੈਂਗਸਟਰਾਂ ਤੋਂ ਡਰ ਕੇ ਹਜ਼ਾਰਾਂ ਮੀਲ ਦੂਰ ਭੇਜੇ ਬੱਚਿਆਂ ਬਾਰੇ ਮਾਪਿਆਂ ਵਿਚ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਹੋਣਾ ਕੁਦਰਤੀ ਹੈ। ਭਰ ਜਵਾਨੀ ਵਿਚ ਹਾਰਟ ਅਟੈਕ ਨਾਲ ਮੌਤਾਂ ਹੋਣ ਕਾਰਨ ਕੈਨੇਡੀਅਨ ਅਫੀਮ ਨੂੰ ਦਸਿਆ ਜਾ ਰਿਹਾ ਹੈ। ਇਕ ਰਿਪੋਰਟ ਮੁਤਾਬਕ ਅਫੀਮ ਦੇ ਨਸ਼ੇ ਨੂੰ ਤੇਜ਼ ਕਰਨ ਲਈ ਉਸ 'ਚ ਫੈਂਟਾਨਿਲ ਕਿਸਮ ਦਾ ਖ਼ਤਰਨਾਕ ਨਸ਼ੀਲਾ ਪਦਾਰਥ ਮਿਲਾਇਆ ਜਾ ਰਿਹਾ ਹੈ। ਇਹ ਨਸ਼ੀਲਾ ਪਦਾਰਥ ਹੈਰੋਇਨ ਤੋਂ 100 ਗੁਣਾ ਤੇਜ਼ ਹੈ। ਇਸ ਦੀ 2 ਐਮਜੀ ਡੋਜ਼ ਮਾਰਨ ਲਈ ਬਹੁਤ ਹੈ। ਕੈਨੇਡਾ ਵਿਚ ਵਧ ਰਹੇ ਗੈਂਗਸਟਰ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਪੰਜਾਬੀ ਮੂਲ ਦੇ ਨੌਜਵਾਨਾਂ ਦੀ ਸ਼ਮੂਲੀਅਤ ਦੇਖਦੇ ਹੋਏ ਹਰ ਮਾਂ-ਬਾਪ ਦਾ ਫ਼ਰਜ਼ ਬਣਦਾ ਹੈ ਕਿ ਹਜ਼ਾਰਾਂ ਮੀਲ ਦੂਰ ਭੇਜੇ ਆਪਣੇ ਬੱਚਿਆਂ 'ਤੇ ਸਖ਼ਤ ਨਜ਼ਰ ਰੱਖਣ। ਕੈਨੇਡਾ ਵਿਚ ਵਧ ਰਹੇ ਪੰਜਾਬੀ ਗੈਂਗਸਟਰਾਂ ਕਾਰਣ ਪੰਜਾਬੀਆਂ ਦਾ ਅਕਸ ਕੈਨੇਡਾ ਸਰਕਾਰ ਵਿਚ ਡਿਗ ਰਿਹਾ ਹੈ।

***

***

## ਭਾਰਤ ਦੇ ਟਾਪ ਖਿਡਾਰੀ

29 ਸਾਲਾ ਆਕਾਸ਼ਦੀਪ, ਮੌਜੂਦਾ ਭਾਰਤੀ ਟੀਮ ਦੇ ਸਭ ਤੋਂ ਸੀਨੀਅਰ ਖਿਡਾਰੀਆਂ ਵਿੱਚੋਂ ਇੱਕ ਹੈ। ਉਹ ਆਪਣੇ ਤੀਜੇ ਵਿਸ਼ਵ ਕੱਪ (2014, 2018 ਅਤੇ 2023) ਵਿੱਚ ਖੇਡ ਰਹੇ ਹਨ।ਔਖੇ ਵੇਲਿਆਂ ਤੇ ਪਲਾਂ 'ਤੇ ਗੋਲ ਕਰਨ ਦੀ ਆਪਣੀ ਕਾਬਲੀਅਤ ਨਾਲ ਅਕਾਸ਼ਦੀਪ ਨੇ ਦੇਸ਼ ਨੂੰ ਕਈ ਅਹਿਮ ਜਿੱਤਾਂ ਦਿਵਾਈਆਂ ਹਨ।ਜਦੋਂ ਤੋਂ ਹਾਕੀ ਵਿਸ਼ਵ ਕੱਪ ਵਿੱਚ ਐਸਟ੍ਰੋ-ਟਰਫ ਦੀ ਸ਼ੁਰੂਆਤ ਕੀਤੀ ਗਈ ਸੀ, ਹੁਣ ਤੱਕ ਆਕਾਸ਼ਦੀਪ ਸੱਤ ਗੋਲਾਂ ਦੇ ਨਾਲ ਮੈਗਾ ਈਵੈਂਟ ਵਿੱਚ ਭਾਰਤ ਵੱਲੋਂ ਸਭ ਤੋਂ ਵੱਧ ਸਕੋਰ ਕਰਨ ਵਾਲੇ ਖਿਡਾਰੀ ਹੈ। ਉਨ੍ਹਾਂ ਨੂੰ ਟੋਕੀਓ ਓਲੰਪਿਕ ਟੀਮ ਤੋਂ ਬਾਹਰ ਕਰ ਦਿੱਤਾ ਗਿਆ ਸੀ, ਪਰ ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਹੁਨਰ ਵਿੱਚ ਹੋਰ ਸੁਧਾਰ ਕੀਤਾ ਅਤੇ ਖੇਡ ਦੀ ਮੰਗ ਮੁਤਾਬਕ, ਮੱਧ-ਫੀਲਡ ਵਿੱਚ ਸਥਿਤੀ ਬਦਲਣ 'ਤੇ ਕੰਮ ਕੀਤਾ।ਸਰਦਾਰਾ ਸਿੰਘ ਮੁਤਾਬਕ, 'ਆਕਾਸ਼ਦੀਪ ਭਾਰਤ ਦੀ ਵਿਸ਼ਵ ਕੱਪ ਮੁਹਿੰਮ ਵਿੱਚ ਇੱਕ ਮਹੱਤਵਪੂਰਨ ਖਿਡਾਰੀ ਹੋਣਗੇ।'ਆਕਾਸ਼ਦੀਪ ਦੇ ਨਾਲ, ਮਨਦੀਪ ਫਾਰਵਰਡ ਲਾਈਨ ਵਿੱਚ ਇੱਕ ਮਹੱਤਵਪੂਰਨ ਥੰਮ੍ਹ ਹੋਣਗੇ। ਪੰਜਾਬ ਦੇ ਇਸ ਖਿਡਾਰੀ ਨੇ 194 ਕੌਮਾਂਤਰੀਮੈਚ ਖੇਡੇ ਹਨ ਅਤੇ 96 ਗੋਲ ਕੀਤੇ ਹਨ। 27 ਸਾਲਾ ਟੋਕੀਓ ਜਾਣ ਵਾਲੀ ਟੀਮ ਦਾ ਹਿੱਸਾ ਵੀ ਰਹੇ ਹਨ। ਸਰਦਾਰਾ ਸਿੰਘ ਮੁਤਾਬਕ, 'ਉਹ ਵਿਰੋਧੀ ਦੇ ਸਰਕਲ ਵਿਚ ਬਹੁਤ ਖ਼ਤਰਨਾਕ ਹੋ ਸਕਦਾ ਹੈ। ਜੇਕਰ ਉਹ ਗੋਲ ਕਰਨ ਵਿੱਚ ਅਸਮਰੱਥ ਹੁੰਦਾ ਹੈ ਜਾਂ ਗੋਲਪੋਸਟ 'ਤੇ ਹਿੱਟ ਕਰਨ ਦਾ ਸਪੱਸ਼ਟ ਮੌਕਾ ਨਹੀਂ ਮਿਲਦਾ ਤਾਂ ਉਹ ਗੇਂਦ ਨੂੰ ਵਿਰੋਧੀ ਦੇ ਪੈਰਾਂ ਨੂੰ ਛੂਹ ਕੇ ਪੈਨਲਟੀ ਕਾਰਨਰ ਹਾਸਲ ਕਰਨ ਦੀ ਸਮਰੱਥਾ ਰੱਖਦਾ ਹੈ। ਆਕਾਸ਼ਦੀਪ ਅਤੇ ਹਰਮਨਪ੍ਰੀਤ ਦੇ ਨਾਲ ਮਨਦੀਪ ਗੋਲ ਕਰਨ ਲਈ ਇੱਕ ਘਾਤਕ ਸੁਮੇਲ ਹੈ।'

ਸ਼੍ਰੀਜੇਸ਼ ਮੌਜੂਦਾ ਭਾਰਤੀ ਟੀਮ ਵਿੱਚ ਉਸ ਦਾ ਸਭ ਤੋਂ ਲੰਬਾ ਕੌਮਾਂਤਰੀ ਕਰੀਅਰ ਹੈ। ਕੇਰਲਾ ਦੇ 34 ਸਾਲਾ ਖਿਡਾਰੀ ਨੇ 2006 ਵਿੱਚ ਆਪਣੀ ਅੰਤਰਰਾਸ਼ਟਰੀ ਸ਼ੁਰੂਆਤ ਕੀਤੀ।ਉਨ੍ਹਾਂ ਨੇ ਟੋਕੀਓ ਓਲੰਪਿਕ ਵਿੱਚ ਭਾਰਤ ਦੇ ਪੋਡੀਅਮ ਫਿਨਿਸ਼ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਸਾਲ 2020-21 ਲਈ, ਉਨ੍ਹਾਂ ਨੂੰ ਸਰਵੋਤਮ ਪੁਰਸ਼ ਗੋਲਕੀਪਰ ਲਈ ਐਫਆਈਐਚ ਪਲੇਅਰ ਆਫ ਦਿ ਈਅਰ ਐਵਾਰਡ ਚੁਣਿਆ ਗਿਆ। ਸਰਦਾਰ ਸਿੰਘ ਕਹਿੰਦੇ ਹਨ, 'ਸ਼੍ਰੀਜੇਸ਼ ਦੁਨੀਆ ਦਾ ਸਭ ਤੋਂ ਵਧੀਆ ਖਿਡਾਰੀ ਹੈ। ਉਹ ਇਕੱਲੇ ਹੀ ਖੇਡ ਦਾ ਰੁਖ਼ ਬਦਲਣ ਦੀ ਸਮਰੱਥਾ ਰੱਖਦਾ ਹੈ।'

**

## ਸੰਘ ਮੁਖੀ ਭਾਗਵਤ ਦਾ ਮੁਸਲਮਾਨਾਂ ਨੂੰ

ਸਿੱਟੇ ਵਜੋਂ ਮੁਸਲਮਾਨ ਦਹਿਸ਼ਤ ਦੇ ਸਾਏ ਹੇਠ ਦਿਨ ਕਟੀ ਕਰਨ ਲਈ ਮਜਬੂਰ ਹੋ ਗਏ ਸਨ।

ਹੁਣ ਪਿਛਲੇ ਦੋ ਕੁ ਮਹੀਨਿਆਂ ਦੌਰਾਨ ਛੱਤੀਸਗੜ੍ਹ ਅੰਦਰ ਈਸਾਈਆਂ ਉੱਤੇ ਲਗਾਤਾਰ ਭਗਵੇਂ ਹਮਲੇ ਹੋ ਰਹੇ ਹਨ। ਅਕਤੂਬਰ ਵਿੱਚ 3 ਤੇ ਨਵੰਬਰ 2023 ਵਿੱਚ 15 ਹਮਲੇ ਕੀਤੇ ਗਏ। 18 ਦਸੰਬਰ 2022 ਨੂੰ ਇੱਕੋ ਦਿਨ 20 ਹਮਲੇ ਹੋਏ। ਫਿਰ 3 ਦਿਨਾਂ ਦੌਰਾਨ 21 ਦਸੰਬਰ ਤੱਕ 21 ਹਮਲੇ ਹੋਏ ਸਨ। ਇਨ੍ਹਾਂ ਘਟਨਾਵਾਂ ਤੋਂ ਬਾਅਦ ਆਦਿਵਾਸੀ ਸਮਾਜ ਵੱਲੋਂ ਨਰਾਇਣਪੁਰ ਕੁਲੈਕਟਰ ਦੇ ਦਫ਼ਤਰ ਅੱਗੇ ਮੁਜ਼ਾਹਰਾ ਕਰਕੇ ਇੱਕ ਸ਼ਿਕਾਇਤ ਪੱਤਰ ਦਿੱਤਾ ਗਿਆ ਸੀ।

ਇਸ ਸ਼ਿਕਾਇਤ ਪੱਤਰ ਵਿੱਚ ਦੋਸ਼ ਲਾਇਆ ਗਿਆ ਸੀ ਕਿ ਆਰ ਐੱਸ ਐੱਸ ਤੇ ਹਿੰਦੂ ਸੰਗਠਨਾਂ ਦੇ ਇਸ਼ਾਰੇ ਉੱਤੇ ਉਨ੍ਹਾਂ ਵਿਰੁੱਧ ਹਮਲੇ ਕੀਤੇ ਜਾ ਰਹੇ ਹਨ। ਇਸ ਪੱਤਰ ਵਿੱਚ ਕਿਹਾ ਗਿਆ ਸੀ ਕਿ ਬਸਤਰ ਦੇ ਚੇਰਾਂਗ ਵਿੱਚ 50 ਈਸਾਈਆਂ ਨੂੰ ਕੁੱਟ ਕੇ ਉਨ੍ਹਾਂ ਦੇ ਘਰਾਂ ਵਿੱਚੋਂ ਭਜਾ ਦਿੱਤਾ ਗਿਆ ਹੈ। ਇਸ ਤੋਂ ਬਿਨਾਂ ਭਾਟਪਾਲ, ਮੋਡੇਂਗਾ, ਗੋਹੜਾ ਤੇ ਬੋਰਵੰਡ ਵਿੱਚ ਵੀ ਈਸਾਈਆਂ ਉੱਤੇ ਹਮਲੇ ਕੀਤੇ ਗਏ ਹਨ।

ਅਧਿਕਾਰੀਆਂ ਦੇ ਭਰੋਸਾ ਦੇਣ ਦੇ ਬਾਅਦ ਵੀ ਇਹ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ, ਕਿਉਂਕਿ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਹੋ ਰਹੀ। ਇਸੇ ਤੋਂ ਉਤਸ਼ਾਹਿਤ ਹੋ ਕੇ ਹਮਲਾਵਰਾਂ ਨੇ ਨਵੇਂ ਵਰ੍ਹੇ ਦੇ ਦਿਨ ਐਤਵਾਰ 2023 ਨੂੰ ਇੱਕ ਹੋਰ ਘਟਨਾ ਨੂੰ ਅੰਜਾਮ ਦੇ ਦਿੱਤਾ।ਇਸ ਹਮਲੇ ਵਿੱਚ ਇੱਕ ਪੁਲਿਸ ਅਧਿਕਾਰੀ ਸਮੇਤ 8 ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ ਸਨ। 'ਦੀ ਹਿੰਦੂ' ਦੀ ਰਿਪੋਰਟ ਮੁਤਾਬਕ ਇੱਕ ਦਰਜਨ ਈਸਾਈਆਂ ਉੱਤੇ ਚਾਰ-ਪੰਜ ਸੌ ਦੀ ਭਗਵੇਂ ਦਹਿਸ਼ਤਗਰਦਾਂ ਦੀ ਭੀੜ ਨੇ ਹਮਲਾ ਕਰ ਦਿੱਤਾ ਸੀ, ਜਿਸ ਵਿੱਚ ਗੋਰੇਗਾਂਵ ਦੇ ਲੋਕ ਤੇ ਬਾਹਰੀ ਲੋਕ ਵੀ ਸ਼ਾਮਲ ਸਨ। ਆਪਣੀ ਜਾਨ ਬਚਾਉਣ ਲਈ ਈਸਾਈਆਂ ਨੂੰ ਨੇੜਲੇ ਜੰਗਲ ਵਿੱਚ ਸ਼ਰਨ ਲੈਣੀ ਪਈ ਸੀ। ਛਤੀਸਗੜ੍ਹ ਵਿੱਚ ਅਜਿਹੀਆਂ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ, ਪਰ ਦੁਰਾਡੇ ਪਿੰਡਾਂ ਤੋਂ ਖ਼ਬਰਾਂ ਨਹੀਂ ਆ ਰਹੀਆਂ। ਇਨ੍ਹਾਂ ਹਮਲਿਆਂ ਨੇ ਦੱਸ ਦਿੱਤਾ ਹੈ ਕਿ ਭਾਜਪਾ ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਫਿਰਕੂ ਕਤਾਰਬੰਦੀ ਨੂੰ ਤੇਜ਼ ਕਰਨ ਲਈ ਸੰਘ ਦੇ ਭਗਵੇਂ ਏਜੰਡੇ ਨੂੰ ਅਪਣਾ ਰਹੀ ਹੈ। ਆਉਣ ਵਾਲੇ ਦਿਨਾਂ ਦੌਰਾਨ ਇਹ ਸਿਲਸਿਲਾ ਹੋਰ ਰਾਜਾਂ ਵਿੱਚ ਵੀ ਫੈਲ ਸਕਦਾ ਹੈ।

ਯਾਦ ਰਖਣ ਵਾਲੀ ਗਲ ਇਹ ਹੈ ਕਿ ਸੰਘ 'ਹਿੰਦੁਤਵ' ਦੀ ਵਿਚਾਰਧਾਰਾ ਨੂੰ ਪ੍ਰਣਾਈ ਕੱਟੜਪੰਥੀ ਜਥੇਬੰਦੀ ਹੈ ਜੋ 1925 ਤੋਂ ਭਾਰਤ ਨੂੰ ਇੱਕ 'ਹਿੰਦੂ ਰਾਸ਼ਟਰ' ਵਿਚ ਤਬਦੀਲ ਕਰਨ ਲਈ ਸਰਗਰਮ ਹੈ। ਜਿਸ ਵਿੱਚ ਬਾਕੀ ਧਾਰਮਿਕ, ਕੌਮੀ ਪਛਾਣ ਵਾਲੇ ਲੋਕ, ਦਲਿਤ ਤੇ ਔਰਤਾਂ ਦੂਜੇ ਦਰਜੇ ਦੇ ਨਾਗਰਿਕ ਹੋਣਗੇ। ਸੰਘ 'ਮਨੂੰਸਮ੍ਰਿਤੀ' ਵਾਲਾ ਜਾਤਪਾਤੀ ਢਾਂਚਾ ਲਾਗੂ ਕਰਨ ਦੀ ਵਕਾਲਤ ਕਰਦੀ ਹੈ। ਅੱਜ ਸੰਘ ਨਾ ਸਿਰਫ ਭਾਜਪਾ ਦੇ ਰੂਪ ਵਿੱਚ ਸਰਕਾਰ ਵਿੱਚ ਮੌਜੂਦ ਹੈ ਸਗੋਂ ਫੌਜ, ਨਿਆਇਕ ਢਾਂਚੇ, ਚੋਣ ਕਮਿਸ਼ਨ, ਸਿੱਖਿਆ ਆਦਿ ਜਿਹੀਆਂ ਸੰਸਥਾਵਾਂ ਵਿੱਚ ਵੀ ਇਸਦੇ ਨੁਮਾਇੰਦੇ ਕਾਬਜ਼ ਹਨ। ਸੱਤਾ ਵਿੱਚ ਨਾ ਹੁੰਦਿਆਂ ਵੀ 1925 ਤੋਂ ਸੰਘ ਫਿਰਕੂ ਨਫ਼ਰਤ ਤੇ ਹਿੰਸਾ ਫੈਲਾਉਣ ਦਾ ਆਪਣਾ ਕੰਮ ਬਾਖੂਬੀ ਕਰਦਾ ਰਿਹਾ ਹੈ।

ਰਾਸ਼ਟਰੀ ਸਵੈਸੇਵਕ ਸੰਘ ਆਪਣੇ ਗੁਰੂਆਂ ਸਾਵਰਕਰ ਤੇ ਗੋਲਵਲਕਰ ਦੇ ਪਾਏ ਪੂਰਨਿਆਂ 'ਤੇ ਚਲਦੇ ਹਨ। ਸੰਘ ਦੇ ਸਰਪ੍ਰਸਤ ਤੇ ਮੁੱਖ ਵਿਚਾਰਕ ਗੋਲਵਲਕਰ ਨੇ ਆਪਣੀ ਕਿਤਾਬ 'ਵੀ ਐਂਡ ਅਵਰ ਨੇਸ਼ਨਹੁੱਡ ਡਿਫਾਈਂਡ' ਵਿੱਚ ਲਿਖਿਆ-

'ਆਪਣੀ ਨਸਲ ਅਤੇ ਸੱਭਿਆਚਾਰ ਦੀ ਸ਼ੁੱਧਤਾ ਕਾਇਮ ਰੱਖਣ ਲਈ ਜਰਮਨੀ ਨੇ ਆਪਣੇ ਦੇਸ਼ ਨੂੰ ਸਾਮੀ ਨਸਲ, ਯਹੂਦੀਆਂ ਤੋਂ ਸ਼ੁੱਧ ਕਰਕੇ ਸਾਰੇ ਸੰਸਾਰ ਨੂੰ ਝਟਕਾ ਦਿੱਤਾ ਹੈ। ਨਸਲੀ-ਗੌਰਵ ਦਾ ਪ੍ਰਗਟਾਵਾ ਆਪਣੀ ਸਰਵ-ਉਚਤਾ ਨਾਲ਼ ਇੱਥੇ ਹੋਇਆ ਹੈ। ਜਰਮਨੀ ਨੇ ਇਹ ਵੀ ਸਿੱਧ ਕੀਤਾ ਹੈ ਕਿ ਕਿਵੇਂ ਆਪਣੇ ਜੜ੍ਹਾਂ ਤੱਕ ਜਾ ਚੁੱਕੇ ਮਤਭੇਦਾਂ ਨੂੰ ਇੱਕ ਸਾਂਝੇ ਸਮੁੱਚ ਵਿੱਚ ਆਤਮਸਾਤ ਕਰਨਾ ਨਸਲਾਂ ਅਤੇ ਸੱਭਿਆਚਾਰਾਂ ਲਈ ਲਗਭਗ ਅਸੰਭਵ ਹੈ, ਇਹ ਸਾਡੇ ਲਈ ਹਿੰਦੋਸਤਾਨ ਵਿੱਚ ਸਿੱਖਣ ਅਤੇ ਲਾਭ ਲੈਣ ਲਈ ਇੱਕ ਚੰਗਾ ਸਬਕ ਹੈ।'

ਮਤਲਬ ਜਿਸ ਹਿਟਲਰ ਨੂੰ ਅੱਜ ਪੂਰੀ ਦੁਨੀਆਂ ਉਸ ਦੇ ਮਨੁੱਖਤਾ ਦੇ ਕੀਤੇ ਘਾਣ ਕਰਕੇ ਨਫ਼ਰਤ ਕਰਦੀ ਹੈ। ਜਿਸ ਹਿਟਲਰ ਨੇ ਲੱਗਭੱਗ ਇੱਕ ਕਰੋੜ ਯਹੂਦੀਆਂ ਨੂੰ ਸਿਰਫ਼ ਇਸ ਕਰਕੇ ਜ਼ਹਿਰੀਲੀਆਂ ਗੈਸਾਂ ਦੇ ਕੇ ਮਾਰ ਦਿੱਤਾ ਕਿ ਉਹ ਵੱਖਰੇ ਧਰਮ, ਵੱਖਰੇ ਸੱਭਿਆਚਾਰ ਦੇ ਲੋਕ ਹਨ, ਉਸ ਹਿਟਲਰ ਨੂੰ ਸੰਘ ਦੇ ਸਿਧਾਂਤਕਾਰ ਆਪਣਾ ਆਦਰਸ਼ ਮੰਨਦੇ ਹਨ ਤੇ ਭਾਰਤ ਦੀਆਂ ਘੱਟ-ਗਿਣਤੀਆਂ ਲਈ ਵੀ ਇਹੋ ਰਾਹ ਅਪਣਾਉਣ ਦੀ ਵਕਾਲਤ ਕਰਦੇ ਹਨ ਤੇ ਜਰਮਨੀ ਦੇ 'ਮਾਡਲ' ਨੂੰ ਭਾਰਤ ਲਈ ਆਦਰਸ਼ ਮੰਨਦੇ ਹਨ। ਸੰਘ ਲੋਕਾਂ ਨੂੰ ਰੱਤੀ ਭਰ ਵੀ ਨਾਗਰਿਕ ਹੱਕ ਦੇਣ ਤੋਂ ਇਨਕਾਰੀ ਹੈ ਤੇ 'ਮਨੂੰਸਮ੍ਰਿਤੀ' ਨੂੰ ਭਾਰਤ ਦੇ ਸੰਵਿਧਾਨ ਵਜੋਂ ਲਾਗੂ ਕਰਨਾ ਚਾਹੁੰਦੀ ਹੈ। ਸੰਘ ਮੁਖੀ ਭਾਗਵਤ ਦਾ ਬਿਆਨ ਸੰਘ ਦੀ ਪੁਰਾਣੀ ਨੀਤੀ ਤੋਂ ਵੱਖਰਾ ਨਹੀਂ ਹੈ।

***

## ਸਿੱਖ ਫੌਜੀਆਂ ਲਈ ਬਣਾਏ ਜਾ ਰਹੇ ਹੈਲਮੈਟ

ਅਮਰੀਕਾ ਅਤੇ ਹੋਰ ਕਈ ਮੁਲਕਾਂ ਵਿੱਚ ਸਿੱਖ ਫੌਜੀਆਂ ਨੂੰ ਦਸਤਾਰ ਪਹਿਨਣ ਦੀ ਆਗਿਆ ਦਿੱਤੀ ਗਈ ਹੈ।ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਸਰਬਜੀਤ ਸਿੰਘ ਵੇਰਕਾ ਦਾ ਵਿਚਾਰ ਹੈ ਕਿ ਹੈਲਮੇਟ ਸਿੱਖ ਫ਼ੌਜੀਆਂ ਲਈ ਲਾਜ਼ਮੀ ਨਹੀਂ ਹੋਣਾ ਚਾਹੀਦਾ ਪਰ ਇਕ ਵਿਕਲਪ ਹੋ ਸਕਦਾ ਹੈ। ਇਹ ਵਿਕਲਪ ਅੰਮ੍ਰਿਤਧਾਰੀ ਫੌਜੀ ਦੀ ਆਪਣੀ ਮਰਜ਼ੀ 'ਤੇ ਨਿਰਭਰ ਹੋਣਾ ਚਾਹੀਦਾ ਹੈ। ਜੇਕਰ ਕੋਈ ਫੌਜੀ ਪਾਉਣਾ ਚਾਹੇ ਤਾਂ ਸੁਰੱਖਿਆ ਦੀ ਦ੍ਰਿਸ਼ਟੀ ਨਾਲ ਇਸ ਨੂੰ ਪਹਿਨ ਸਕਦਾ ਹੈ।

ਪੰਥਕ ਆਗੂਆਂ ਤੋਂ ਵਖਰੀ ਰਾਇ ਦਿੰਦਿਆਂ ਸਿੱਖ ਇਤਿਹਾਸਕਾਰ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਇਤਿਹਾਸ ਵਿੱਚ ਜਦੋਂ ਵੀ ਸਿੱਖਾਂ ਨੂੰ ਪੱਗ ਉਤਾਰ ਕੇ ਹੈਲਮੇਟ ਪਾਉਣ ਲਈ ਕਿਹਾ ਗਿਆ ਸੀ ਤਾਂ ਸਿੱਖਾਂ ਨੇ ਇਸ ਦਾ ਵਿਰੋਧ ਕੀਤਾ ਹੈ। ਜੋ ਹੈਲਮੇਟ ਆ ਰਿਹਾ ਹੈ, ਉਹ ਸਿੱਖਾਂ ਨੂੰ ਦਸਤਾਰ ਦੇ ਉਪਰ ਦੀ ਪਾਉਣ ਲਈ ਕਿਹਾ ਜਾ ਰਿਹਾ ਹੈ। ਇਸ ਹੈਲਮੈਟ ਲਈ ਤੁਸੀਂ ਦਸਤਾਰ ਉਤਾਰਨੀ ਨਹੀਂ ਹੈ। ਇਹ ਕੋਸ਼ਿਸ਼ ਗਲਤ ਨਹੀਂ ਹੈ।

ਦੱਸ ਦੇਈਏ ਕਿ ਭਾਰਤ ਵਿੱਚ ਇੱਕ ਕੰਪਨੀ ਵੱਲੋਂ ਵਿਸ਼ੇਸ਼ ਤੌਰ ਉੱਤੇ ਸਿੱਖ ਫੌਜੀਆਂ ਲਈ ਜੰਗਜੂ ਹੈਲਮੇਟ ਡਿਜ਼ਾਈਨ ਕੀਤੇ ਗਏ ਸਨ, ਜਿਸ ਦੇ ਲਈ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਨੇ ਕੰਪਨੀ ਨੂੰ ਕਰੀਬ 12 ਹਜ਼ਾਰ ਅਜਿਹੇ ਹੈਲਮੇਟਾਂ ਲਈ ਆਰਡਰ ਵੀ ਦੇ ਦਿੱਤਾ ਸੀ। ਭਾਰਤ ਵਿੱਚ ਪਿਛਲੇ ਸਾਲ 2022 ਵਿੱਚ ਕਾਨਪੁਰ ਆਧਾਰਿਤ ਐਮਕੇਯੂ ਕੰਪਨੀ ਨੇ ਸਿੱਖ ਫੌਜੀਆਂ ਦੇ ਸਿਰਾਂ 'ਤੇ ਪਾਉਣ ਲਈ ਹੈੱਡਗੇਅਰ ਬਣਾਉਣ ਦਾ ਦਾਅਵਾ ਕੀਤਾ ਸੀ। ਇਹ ਕੰਪਨੀ ਡਿਫੈਂਸ ਨਾਲ ਜੁੜੇ ਸਾਜ਼ੋ ਸਮਾਨ ਤਿਆਰ ਕਰਦੀ ਹੈ।ਉਨ੍ਹਾਂ ਦੀ ਵੈਬਸਾਈਟ ਮੁਤਾਬਕ, ਕੰਪਨੀ ਨੇ ਸਮਾਰਟ ਡਿਜ਼ਾਈਨ ਅਤੇ ਤਕਨੀਕਾਂ ਦੀ ਵਰਤੋਂ ਕਰਕੇ ਵਿਕਸਤ ਕੀਤਾ ਗਿਆ, Kavro SCH 111 " ਇੱਕ ਵਿਸ਼ੇਸ਼ ਬੈਲਿਸਟਿਕ ਹੈਲਮੇਟ ਹੈ ਜੋ ਸਿੱਖ ਫੌਜੀਆਂ ਵੱਲੋਂ ਡਿਊਟੀ ਵੇਲੇ ਪਹਿਨਣ ਲਈ ਤਿਆਰ ਕੀਤਾ ਗਿਆ ਹੈ।ਇਸ ਦੀ ਖ਼ਾਸੀਅਤ ਇਹ ਹੈ ਕਿ ਹਰ ਤਰ੍ਹਾਂ ਦੇ ਜੰਗਜੂ ਮਾਹੌਲ ਵਿੱਚ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਨੂੰ ਸਿਰ ਦੇ ਆਕਾਰ ਦੇ ਮੁਤਾਬਕ ਡਿਜ਼ਾਈਨ ਕੀਤਾ ਗਿਆ ਹੈ।ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਹ ਹੈਲਮੇਟ 40 ਫੀਸਦ ਦਿਮਾਗ਼ੀ ਸੱਟ ਨੂੰ ਘਟਾ ਸਕਦਾ ਹੈ।ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਮਸਲਾ ਪੰਥਕ ਧਿਰਾਂ ਤੇ ਸਿੱਖ ਫੌਜੀਆਂ ਦੀ ਸਹਿਮਤੀ ਨਾਲ ਕਰੇ।

***


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com